
ਅਦਾਰਾ 'ਦੇਸ਼ ਦੁਆਬਾ' ਬਹੁਜਨ ਸਮਾਜ ਦੇ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਨ ਤੇ ਲੱਖ-ਲੱਖ ਵਧਾਈ ਦਿੰਦਾ ਹੈ।

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 50
March 16, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਦੀ ਚੋਣ 'ਚ ਸਿੱਖ ਪੰਚਾਇਤ ਤੀਜੀ ਵਾਰ ਜੇਤੂ

(ਖਬਰ ਤੇ ਤਸਵੀਰਾਂ ਦੇਖੋ ਸਫਾ 4 ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਸੁਪਨਾ ਸਾਕਾਰ ਕਰਨ ਲਈ ਪੰਜਾਬ ਦੇ ਆਗੂਆਂ ਤੇ ਲੋਕਾਂ ਦਾ ਇਕਸੁਰ ਹੋਣਾ ਜ਼ਰੂਰੀ : ਮਾਇਆਵਤੀ



**ਪੰਮੀ ਲਾਲੋ ਮਜਾਰਾ (91-95011-43755)**

**ਮੁਕੰਦਪੁਰ –** ਜੇ ਪੰਜਾਬ ਦੇ ਲੋਕ ਵੀ ਵਿਕਣਾ ਛੱਡ ਦੇਣ ਤਾਂ ਉਤਰ ਪ੍ਰਦੇਸ਼ ਵਾਲਾ ਇਤਿਹਾਸ ਇੱਥੇ ਵੀ ਦੁਹਰਾਇਆ ਜਾ ਸਕਦਾ ਹੈ। ਜਿਹੜਾ ਸੁਪਨਾ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ 2002 'ਚ ਪੰਜਾਬ ਵਿਚ ਬਸਪਾ ਦੀ ਸਰਕਾਰ ਬਣਾਉਣ ਦਾ ਲਿਆ ਸੀ, ਉਸਨੂੰ ਆਪਣੇ ਬਲਬੂਤੇ ਤੇ ਬਿਨਾਂ ਕਿਸੇ ਨਾਲ ਗੱਠਜੋੜ ਕੀਤਿਆਂ ਪੂਰਾ ਕੀਤਾ ਜਾ ਸਕਦਾ ਹੈ।

ਇਹ ਵਿਚਾਰ ਪ੍ਰਗਟ ਕਰਦਿਆਂ ਬਸਪਾ ਦੀ ਰਾਸ਼ਟਰੀਆ ਪ੍ਰਧਾਨ ਤੇ ਉਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਤੇ ਮੌਜੂਦਾ ਰਾਜ ਸਭਾ ਦੀ ਮੈਂਬਰ ਕੁਮਾਰੀ ਮਾਇਆਵਤੀ ਨੇ ਕਿਹਾ ਕਿ ਕਾਂਸੀ ਰਾਮ ਨੇ ਪੰਜਾਬ ਵਿਚ ਬਸਪਾ ਦੀ ਸਰਕਾਰ ਬਣਾਉਣ ਦਾ ਪ੍ਰਣ ਲਿਆ ਸੀ, ਉਸਨੂੰ ਆਪਣੇ ਬਲਬੂਤੇ ਤੇ ਬਿਨਾਂ ਕਿਸੇ ਨਾਲ ਗੱਠਜੋੜ ਕੀਤਿਆਂ ਹੁਣ ਵੀ ਪੂਰਾ ਕੀਤਾ ਜਾ ਸਕਦਾ ਹੈ। ਮਾਇਆਵਤੀ ਨੇ ਪੰਜਾਬ ਬਸਪਾ ਵੱਲੋਂ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੇ ਸਬੰਧ ਵਿਚ ਰੱਖੀ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਨਵਾਂ ਸ਼ਹਿਰ ਦੀ ਦਾਣਾ ਮੰਡੀ ਵਿਚ ਇਹ ਵਿਚਾਰ ਕਹੇ। 2 ਵੱਜ ਕੇ 15 ਮਿੰਟ ਤੇ ਜਿਉਂ ਹੀ ਬਸਪਾ ਸੁਪਰੀਮੋ ਦਾ ਹੈਲੀਕਾਪਟਰ ਲੈਂਡ ਕੀਤਾ ਤਾਂ ਰੈਲੀ ਵਿਚ ਸ਼ਾਮਲ ਹੋਣ ਆਏ ਲੱਖਾਂ ਲੋਕਾਂ ਨੇ 'ਕੁਮਾਰੀ ਮਾਇਆਵਤੀ ਜੀ ਸੰਘਰਸ਼ ਕਰੋ, ਹਮ ਤੁਮਹਾਰੇ ਸਾਥ

(ਬਾਕੀ ਸਫਾ 24 ਤੇ)

# ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਮਹਾਨ ਨਗਰ ਕੀਰਤਨ 'ਤੇ ਭਾਰੀ ਮੀਂਹ ਦੇ ਬਾਵਜੂਦ ਸੰਗਤਾਂ ਦਾ ਭਾਰੀ ਇਕੱਠ


ਤਸਵੀਰ 'ਦੇਸ਼ ਦੁਆਬਾ'
ਹੋਰ ਤਸਵੀਰਾਂ ਅਗਲੇ ਅੰਕ ਵਿਚ ਪੇਸ਼ ਕੀਤੀਆਂ ਜਾਣਗੀਆਂ

**ਸੈਕਰਾਮੈਂਟੋ (ਜਸਵੰਤ ਸ਼ੀਮਾਰ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ ਦੁਆਰਾ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਬੀਤੀ 13 ਮਾਰਚ 2016 ਦਿਨ ਐਤਵਾਰ ਨੂੰ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਵਿਚ ਸੰਗਤਾਂ ਦੂਰੋਂ-ਨੇੜਿਉਂ ਪਹੁੰਚ ਕੇ ਸ਼ਾਮਲ ਹੋਈਆਂ। ਇਸ ਤੋਂ ਪਹਿਲਾਂ ਦਿਨ ਸਨਿਚਰਵਾਰ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ, ਜਿਸ ਵਿਚ ਇੰਗਲੈਂਡ ਤੋਂ ਭਾਈ ਜਸਬੀਰ ਸਿੰਘ ਖਾਲਸਾ ਅਤੇ ਉਹਨਾਂ ਦਾ ਜਥਾ, ਭਾਈ ਪ੍ਰਿਤਪਾਲ ਸਿੰਘ ਦਾ ਜਥਾ, ਭਾਈ ਮਨਪ੍ਰੀਤ ਸਿੰਘ ਦਾ ਜਥਾ ਅਤੇ ਗੁਰੂ ਘਰ ਦਾ ਹਜ਼ੂਰੀ ਜਥਾ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਜਥੇ ਵਾਰੀ-ਵਾਰੀ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਸ਼ਾਮ ਨੂੰ ਨਿਸ਼ਾਨ ਸਾਹਿਬ ਵੀ ਚੜ੍ਹਾਏ ਗਏ ਜੋ ਕਿ ਕਿਸੇ ਗੁਰਮੁਖ ਪਰਿਵਾਰ ਵੱਲੋਂ ਗੁਪਤ ਸੇਵਾ ਕੀਤੀ ਗਈ। ਇਸ ਦਿਨ ਸੰਤ ਜਸਵਿੰਦਰ ਸਿੰਘ ਖੈੜ ਅਛਰੋਵਾਲ ਵਾਲਿਆਂ ਨੇ ਵੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦਿਨ ਸ਼ਾਮ ਨੂੰ ਮੋਤੀ ਰਾਮ ਕਰਨ-ਾਣਾ ਅਤੇ ਰਾਮ ਲੋਕ ਹੋਰਾਂ ਨੂੰ ਗੁਰੂ ਘਰ ਦੇ ਪੈਟਰਨ ਬਣਨ ਤੇ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਜਗਜੀਤ ਰੱਤੂ (ਟੋਨੀ) ਨੂੰ ਗੁਰੂ ਘਰ ਲਈ ਮਾਲੀ ਇਮਦਾਦ ਦੇਣ ਲਈ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਇਸ ਦਿਨ ਜੱਸੀ ਬੰਗਾ, ਮੱਖਣ ਲੁਹਾਰ, ਮਨਜੀਤ ਰੱਲ੍ਹ, ਹਰਮੇਸ਼ ਹੱਪੋਵਾਲੀਆ ਦੀਆਂ ਧਾਰਮਿਕ ਸੀਡੀਜ਼ ਵੀ ਰਿਲੀਜ਼ ਕੀਤੀਆਂ ਗਈਆਂ। ਬੇਗਮਪੁਰਾ ਐਜੂਕੇਸ਼ਨ ਏਡ ਐਂਡ ਕਲਚਰਲ ਸੁਸਾਇਟੀ ਦੇ ਕਨਵੀਨਰ

(ਬਾਕੀ ਖਬਰ ਸਫਾ 24 ਤੇ ਦੇਖੋ)



MANDEEP SANDHU
msandhu2014@gmail.com

SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas


SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK

Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ਮਹਿੰਦਰ ਸਿੰਘ ਰੱਤੂ
ਚੇਅਰਮੈਨ

ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 20 ਮਾਰਚ (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ। ਇਸ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਲੱਖ-ਲੱਖ ਵਧਾਈ ਹੋਵੇ ਅਤੇ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਮੌਕੇ ਗੁਰ ਮਰਿਆਦਾ ਵਿਚ ਰਹਿ ਕੇ ਸਜਾਏ ਜਾ ਰਹੇ ਕੀਰਤਨ ਦਰਬਾਰ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਾਨੂੰ ਪੂਰਨ ਸਹਿਯੋਗ ਦਿਓ ਜੀ।


ਸ਼ਿੰਗਾਰਾ ਸਿੰਘ ਰੱਲ੍ਹ
ਪ੍ਰਧਾਨ


TANDOOR
Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532



AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh



Raja
SWEETS & CATERING

ITEMS SERVING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporate Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com




RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY
INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets

# ਐਸੀ ਲਾਲ ਤੁਝ ਬਿਨ ਕਾਉਨ ਕਰੈ॥
# ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



Baksho Kaur Bisla  Hardev Singh Bisla
530-671-0439, Fax 530-822-0439 Cell- 530-844-3250



# L.A. MERCHANDISE
## Whole Sale +Retail
## 500 N. Palora Ave. Yuba City, CA 95991

ਇੰਡੀਆ ਤੋਂ Matterss ਸਸਤੇ  ਰੇਟ ’ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)



## LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਦੀ ਚੋਣ 'ਚ ਸਿੱਖ ਪੰਚਾਇਤ ਤੀਜੀ ਵਾਰ ਜੇਤੂ

**ਕੈਲੀਫਰਨੀਆਂ (ਹੁਸਨ ਲੜੋਆ ਬੰਗਾ)**- ਕਈ ਹਫਤਿਆਂ ਤੋ ਬੇ ਏਰੀਆ ਦੀ ਸਥਾਨਕ ਸਿੱਖ ਸਿਆਸਤ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਦੀਆਂ ਚੋਣਾਂ ਕਰਕੇ ਸਰਗਰਮ ਸੀ ਪਰ ਇਸ ਵਿਚ ਸਿੱਖ ਪੰਚਾਇਤ ਸਲੇਟ ਨੂੰ ਸੰਗਤਾਂ ਨੇ ਭਰਵਾ ਹੁੰਗਾਰਾ ਦਿੱਤਾ ਤੇ ਸਿੱਖ ਪੰਚਾਇਤ ਸਲੇਟ ਦੀ ਲਗਾਤਾਰ ਤੀਜੀ ਜਿੱਤ ˆਗਈ। ਅਮਰੀਕਾ ਦੀ ਸਿੱਖ ਰਾਜਨੀਤੀ ਵਿੱਚ ਬਹੁਤ ਅਹਿਮੀਅਤ ਰੱਖਣ ਵਾਲੇ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪੰਜ ਮੈਂਬਰੀ ਸੁਪਰੀਮ ਕੌਂਸਲ ਦੀ ਚੋਣ ਲਈ ਵੋਟਾਂ ਗੁਰਦੁਆਰਾ ਸਾਹਿਬ, 300 ਗੁਰਦੁਆਰਾ ਰੋਡ, ਫਰੀਮਾਂਟ ਵਿਖੇ ਪਈਆਂ, ਜਿਸ ਵਿਚ ਸਿੱਖ ਪੰਚਾਇਤ ਨੂੰ ਵੱਡੀ ਜਿੱਤ ਹਾਸਲ ਹੋਈ। ਇਸ ਚੋਣ ਵਿਚ ਸਿੱਖ ਪੰਚਾਇਤ ਨੇ ਇਸਦੇ ਉਮੀਦਵਾਰਾਂ ਨੇ ਦੋਵਾਂ ਵਿਰੋਧੀ ਸਲੇਟਾਂ ਦੇ ਉਮੀਦਵਾਰਾਂ ਨੂੰ ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਹਰਾਇਆ। ਪਰਾਪਤ ਨਤੀਜਿਆਂ ਅਨੁਸਾਰ ਸਿੱਖ ਪੰਚਾਇਤ ਦੇ ਸਾਰੇ ਉਮੀਦਵਾਰਾਂ 'ਚ ਬੀਬੀ ਅਰਵਿੰਦਰਜੀਤ ਕੌਰ, ਗੁਰੰਦਿਰ ਸਿੰਘ, ਹਰਿੰਦਰ ਪਾਲ ਸਿੰਘ, ਜਸਦੇਵ ਸਿੰਘ ਅਤੇ ਪਰਮਿੰਦਰ ਸਿੰਘ ਨੇ ਵਿਰੋਧੀ ਧਿਰ ਦੇ ਮੁਕਾਬਲੇ ਦੁਗਣੇ ਵੋਟ ਲੈ ਕੇ ਇਤਿਸਕ ਜਿੱਤ ਪਰਾਪਤ ਕੀਤੀ। ਬੇ-ਏਰੀਆ ਸਿੱਖ ਅਲਾਇੰਸ (ਬਾਸਾ) ਦੀ ਧਾਮੀ ਸਲੇਟ ਦੂਜੇ ਸਥਾਨ ਉੱਤੇ ਰਹੀ ਜਦੋਂ ਕਿ ਜਸਵਿੰਦਰ ਸਿੰਘ ਜੰਡੀ ਵਾਲੀ ਸਲੇਟ ਤੀਜੇ ਨੰਬਰ ਉੱਤੇ ਆਈ। ਜੇਤੂ ਅਤੇ ਹਾਰੇ ਉਮੀਦਵਾਰਾਂ ਜਿਨਾਂ 'ਚ ਸਿੱਖ ਪੰਚਾਇਤ ਸਲੇਟ: ਬੀਬੀ ਅਰਵਿੰਦਰਜੀਤ ਕੌਰ (2605 ਵੋਟਾਂ), ਗੁਰਿੰਦਰ ਸਿੰਘ (2505 ਵੋਟਾਂ), ਹਰਿੰਦਰ ਪਾਲ ਸਿੰਘ (2522 ਵੋਟਾਂ), ਜਸਦੇਵ ਸਿੰਘ (2520 ਵੋਟਾਂ) ਅਤੇ ਪਰਮਿੰਦਰ ਸਿੰਘ (2464 ਵੋਟਾਂ)। ਧਾਮੀ ਸਲੇਟ : ਅਵਤਾਰ ਸਿੰਘ ਧਾਮੀ (1338 ਵੋਟਾਂ), ਦਵਿੰਦਰ ਸਿੰਘ ਚਨਾ (1294 ਵੋਟਾਂ), ਬਲਵੰਤ ਸਿੰਘ ਧਾਲੀਵਾਲ (1250 ਵੋਟਾਂ), ਹਰਿੰਦਰ ਸਿੰਘ ਕਲੇਰ (1229 ਵੋਟਾਂ) ਅਤੇ ਕਰਮਜੀਤ ਸਿੰਘ (1236 ਵੋਟਾਂ)। ਪੰਥਕ ਸਲੇਟ : ਜਸਵਿੰਦਰ ਸਿੰਘ ਜੰਡੀ (1151 ਵੋਟਾਂ), ਨਿਰਮਲ ਸਿੰਘ ਖਾਲਸਾ (1052 ਵੋਟਾਂ), ਅਮਰਜੀਤ ਸਿੰਘ (837 ਵੋਟਾਂ), ਭੁਪਿੰਦਰਪਾਲ ਸਿੰਘ (844 ਵੋਟਾਂ) ਅਤੇ ਹਰਬੰਸ ਸਿੰਘ (864 ਵੋਟਾਂ)। ਚੋਣਾਂ 'ਚ ਇੱਕੋ ਇੱਕ ਆਜ਼ਾਦ ਉਮੀਦਵਾਰ ਜੁਗਰਾਜ ਸਿੰਘ ਧਾਲੀਵਾਲ ਨੂੰ ਸਿਰਫ਼ 28 ਵੋਟਾਂ ਮਿਲੀਆਂ।






--------

# ਬੇ-ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਵਲੋਂ ਧੰਨਵਾਦ

ਪਿਛਲੇ ਐਤਵਾਰ ਗੁਰੂਦਵਾਰਾ ਸਾਹਿਬ ਫਰੀਮੌਂਟ ਵਿਖੇ ਹੋਈ ਚੋਣ ਵਿੱਚ ਸੰਗਤ ਵਲੋਂ ਦਿੱਤੇ ਫਤਵੇ ਦਾ ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ ਸਤਿਕਾਰ ਕਰਦੀ ਹੈ ਅਤੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੀ ਹੇ ਲ ਅਸੀਂ ਨਵੇਂ ਸੇਵਾਦਾਰਾਂ ਨੂੰ ਵਧਾਈ ਦਿੰਦੇ ਹਾਂ ਅਤੇ ਭਰੋਸਾ ਦਿਵਾਉਂਦੇ ਹਾਂ ਕਿ ਗੁਰੂਘਰ ਦੇ ਪ੍ਰਬੰਧ ਵਿੱਚ ਸੁਧਾਰਾਂ ਲਈ ਹਮੇਸ਼ਾ ਸਾਥ ਦੇਵਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਇਹ ਸੇਵਾਦਾਰ ਗੁ-ਰੂਘਰ ਦੇ ਪ੍ਰਬੰਧ ਵਿਚ ਅਜਿਹਾ ਕੋਈ ਪ੍ਰਭਾਵ ਕਿਸੇ ਨੂੰ ਨਹੀਂ ਮਹਿਸੂਸ ਹੋਣ ਦੇਣਗੇ ਜਿਹੋ ਜਿਹਾ ਪਿਛਲੇ ਪ੍ਰਬੰਧਕਾਂ ਵਲੋਂ ਵੋਟਾਂ ਬਣਾਉਣ ਸਮੇਂ ਦਿੱਤਾ ਗਿਆ। ਨਾਲ ਦੀ ਨਾਲ ਸੰਗਤ ਨੂੰ ਵੀ ਸੁਚੇਤ ਕਰਦੇ ਹਾਂ ਕਿ ਚੋਣ ਵਿੱਚ ਜਿੱਤੇ ਸਿੱਖ ਪੰਚਾਇਤ ਦੇ ਨੁਮਾਇੰਦਿਆਂ ਨੂੰ ਉਨ੍ਹਾਂ ਵਲੋਂ ਗੁਰੂ ਦੀ ਹਜੂਰੀ ਵਿੱਚ ਸੰਗਤ ਨਾਲ ਕੀਤੇ ਵਾਅਦੇ ਯਾਦ ਕਰਾਉਂਦੇ ਰਹਿਣਾ ਕਿਉਂਕਿ ਇਨਸਾਨ ਦੀ ਯਾਦਸ਼ਕਤੀ ਥੋੜਚਿਰੀ ਹੁੰਦੀ ਹੈ। ਬੇ-ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਆਪਣੇ ਵੋਟਰਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਕੋਟਿਨ-ਕੋਟਿ ਧੰਨਵਾਦੀ ਰਹੇਗਾ।

**ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ**

# ਬੇਅਦਬੀ ਰੋਕਣ ਲਈ ਕਾਨੂੰਨ ਵਿੱਚ ਸੋਧ ਹੋਵੇ: ਜਥੇਦਾਰ

ਅੰਮ੍ਰਿਤਸਰ- ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਪਾਵਨ ਸਰੂਪਾਂ ਦੀ ਬੇਅਦਬੀ ਮਾਮਲੇ ਵਿਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਪੰਜਾਬ ਸਰਕਾਰ ਤੁਰੰਤ ਕਾਨੂੰਨ ਵਿਚ ਸੋਧ ਕਰੇ ਅਤੇ ਇਸ ਸਬੰਧੀ ਚਾਰਾਜੋਈ ਨੂੰ ਜਲਦੀ ਅਮਲ ਵਿਚ ਲਿਆਂਦਾ ਜਾਵੇ। ਅੱਜ ਇਥੇ ਅਕਾਲ ਤਖ਼ਤ ਸਕੱਤਰੇਤ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਇਸ ਮਾਮਲੇ ਵਿਚ ਕਾਨੂੰਨ ਵਿਚ ਸੋਧ ਦੀ ਮੰਗ ਕੀਤੀ ਹੈ, ਜਿਸ ਦਾ ਉਹ ਸਮਰਥਨ ਕਰਦੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਆਖਿਆ ਕਿ ਬੇਅਦਬੀ ਮਾਮਲਿਆਂ ਲਈ ਵਰਤੀ ਜਾਂਦੀ ਧਾਰਾ 295 ਜਾਂ 295 ਏ ਦੀ ਥਾਂ ਹੁਣ ਧਾਰਾ 302 ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧੀ ਕਾਨੂੰਨ ਵਿਚ ਲੋੜੀਂਦੀ ਸੋਧ ਕੀਤੀ ਜਾਵੇ। ਗੁਰਦੁਆਰਿਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਦੋ ਤਿੰਨ ਸਿੰਘ ਰੋਜ਼ ਠੀਕਰੀ ਪਹਿਰਾ ਦੇਣ। ਗੁਰਦੁਆਰਿਆਂ ਵਿਚ ਸੀਸੀਟੀਵੀ ਕੈਮਰੇ ਲਾਏ ਜਾਣ। ਉਨ੍ਹਾਂ ਪ੍ਰਸ਼ਾਸਨ ਤੇ ਪੁਲੀਸ ਨੂੰ ਵੀ ਆਖਿਆ ਕਿ ਉਹ ਬੇਅਦਬੀ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਬਾਰੀਕੀ ਨਾਲ ਜਾਂਚ ਕਰਨ।

# ਫਰਿਜ਼ਨੋਂ 'ਚ ਹੋਣ ਵਾਲੇ '16ਵਾਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋਂ (ਕੁਲਵੀਰ ਹੇਅਰ)** – ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ 27 ਮਾਰਚ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ 'ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਇਸ ਬਾਰੇ ਜਾਣਕਾਰੀ ਦਿੰਦਿਆਂ ਫੋਰਮ ਦੇ ਮੇਂਬਰਾਂ ਨੇ ਦੱਸਿਆ ਕਿ ਇਹ 16ਵਾਂ ਮੇਲਾ ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਿਤ ਹੈ।

ਇਸ ਮੇਲੇ ਦੇ ਮੁੱਖ ਬੁਲਾਰੇ ਬੀਬੀ ਡਾ. ਰਘੂਬੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ (ਪੰਜਾਬ) ਹੋਣਗੇ। ਇਸ ਤੋਂ ਇਲਾਵਾ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿਚ ਹੋਰ ਮੱਲਾਂ ਮਾਰਨ ਅਤੇ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪੜ੍ਹਾਈ ਵਿਚੋਂ 4.0 ਤੋਂ ਜ਼ਿਆਦਾ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਦੇਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਾਸ ਖਿੱਚ ਦਾ ਕੇਂਦਰ ਹੋਵੇਗੀ। ਬੱਚਿਆਂ ਵਲੋਂ ਕਵਿਤਾ, ਗੀਤ, ਭਾਸ਼ਨ, ਗਿੱਧਾ, ਭੰਗੜਾ ਅਤੇ ਹੋਰ ਵੰਨ੍ਹਗੀਆਂ ਪੇਸ਼ ਕੀਤੀਆਂ ਜਾਣਗੀਆਂ।



ਲੋਕਲ ਕਲਾਕਾਰਾਂ ਜੀਤਾ ਗਿੱਲ, ਧਰਮਵੀਰ ਥਾਂਦੀ ਅਤੇ ਹੋਰਾਂ ਵਲੋਂ ਸ਼ਹੀਦਾਂ ਨੂੰ ਗੀਤਾਂ ਰਾਹੀ ਸ਼ਰਦਾ ਦੇ ਫੁੱਲ ਭੇਂਟ ਕਰਨਗੇ।ਉੱਚ ਕੋਟੀ ਦੇ ਬੁਲਾਰਿਆਂ ਵਲੋਂ ਗਦਰੀ ਬਾਬਿਆਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਲੰਗਰ, ਚਾਹ ਪਾਣੀ ਦਾ ਖਾਸ ਪ੍ਰਬੰਧ ਹੋਵੇਗਾ। ਕਾਰ ਪਾਰਕਿੰਗ ਦੀ ਮੁਫਤ ਸਹੂਲਤ ਵੀ ਮਹਿਮਾਨਾਂ ਨੂੰ ਪ੍ਰਦਾਨ ਕੀਤੀ ਜਾਵੇਗੀ।



# ਜੀ ਐਚ ਜੀ ਅਕਾਦਮੀ ਫਰਿਜ਼ਨੋ ਵੱਲੋਂ 20 ਮਾਰਚ ਨੂੰ ਹੋਣ ਵਾਲੇ ਵਿਰਾਸਤੀ ਖੇਡ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ–** ਜੀ ਐਚ ਜੀ ਅਕਾਦਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ, ਯੂਥ ਵਿੰਗ ਅਤੇ ਮਾਪਿਆਂ ਦੀ ਵਿਸ਼ੇਸ਼ ਮੀਟਿੰਗ ਅਕਾਦਮੀ ਦੇ ਸਟੂਡੀਓ ਵਿਖੇ ਹੋਈ ਜਿਸ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਵਿਦੇਸ਼ਾ ਵਿੱਚ ਜਨਮੀ ਨਵੀ ਪੀੜ੍ਹੀ ਨੂੰ ਪੰਜਾਬੀਅਤ, ਮਾਂ ਬੋਲੀ ਅਤੇ ਆਪਣੀਆਂ ਵਿਰਾਸਤੀ ਜੜ੍ਹਾਂ ਨਾਲ ਜੋੜਨ ਦੀਆਂ ਸਫ਼ਲ ਕੋਸ਼ਿਸ਼ਾਂ ਕਰਦੇ ਹੋਏ ਜੀ ਐਚ ਜੀ ਅਕਾਦਮੀ ਫਰਿਜ਼ਨੋ ਵੱਲੋਂ 20 ਮਾਰਚ,2016 ਨੂੰ ਰੋਇਡਿੰਗ ਪਾਰਕ ਫਰਿਜ਼ਨੋ ਵਿਖੇ ਵੱਡੇ ਪੱਧਰ ਤੇਹੋਣ ਵਾਲੇ ਪੰਜਵੇਂ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਵੱਖ ਵੱਖ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਤਿਆਰੀਆਂ ਸਬੰਧੀ ਪੂਰਨ ਤਸੱਲੀ ਪ੍ਰਗਟ ਕੀਤੀ।। ਪਿਛਲੇ 2 ਮਹੀਨਿਆਂ ਤੋਂ ਟ੍ਰੇਨਿੰਗ



ਲੈ ਰਹੇ ਤਕਰੀਬਨ 100 ਬੱਚੇ ਖੇਡਾਂ ਦਾ ਪ੍ਰਦਰਸ਼ਨ ਕਰਨ ਦੇ ਨਾਲ ਨਾਲ ਸੈਂਕੜੇ ਹੋਰ ਬੱਚਿਆਂ ਨੂੰ ਵੀ ਵਿਰਾਸਤੀ ਖੇਡਾਂ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਗੇ। ਇਸ ਮੇਲੇ ਦਾ ਦਾਖਲਾ ਬਿਲਕੁੱਲ ਮੁਫਤ ਹੋਵੇਗਾ ਅਤੇ ਅਨੇਕਾਂ ਕਿਸਮ ਦੇ ਖਾਣਿਆਂ ਦੇ ਮੁਫ਼ਤ ਸਟਾਲ ਵੀ ਹੋਣਗੇ। ਰੱਸਾਕਸ਼ੀ, ਬਾਂਦਰ ਕੀਲਾ, ਘੋੜਾ ਕਬੱਡੀ, ਗੁੱਲੀ ਡੰਡਾਂ,ਬੰਟੇ,ਖੋ ਖੋ,ਅਨੇਕਾਂ ਕਿਸਮ ਦੀਆਂ ਦੌੜ੍ਹਾਂ, ਮਿਉ-ਜੀਕਲ ਚੇਅਰ ਅਤੇ ਗਿੱਧੇ ਭੰਗੜੇ ਦੀਆਂ ਧਮਾਲਾਂ ਤੁਹਾਨੂੰ ਪੰਜਾਬ ਦੇ ਪਿੰਡਾਂ ਵਿੱਚ ਲੈ ਜਾਣਗੀਆਂ। ਸਮੂੰਹ ਪੰਜਾਬੀ ਭਾਈਚਾਰੇ ਨੂੰ ਨਿਮ੍ਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਰੀਵਾਰਾਂ ਸਮੇਤ ਇਸ ਮੇਲੇ ਵਿੱਚ ਪਹੁੰਚੋ ਅਤੇ ਆਪਣੇ ਬੱਚਿਆਂ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗੋ। ਵਧੇਰੇ ਜਾਣਕਾਰੀ ਲਈ ਗੁਰਦੀਪ ਸ਼ੇਰਗਿੱਲ 559-349-1481,ਪ੍ਰਮਜੀਤ ਧਾਲੀਵਾਲ 559-351-9465 ਜਾਂ ਤ੍ਰਨਜੀਤ ਕੌਰ ਕਲੇਰ 559-942-6068 ਨਾਲ ਸੰਪਰਕ ਕਰੋ ਜੀ। **ਰਿਪੋਰਟ- ਪ੍ਰਮਜੀਤ ਸਿੰਘ ਧਾਲੀਵਾਲ (559)351-9465**

# ਆਰ. ਬੀ. ਆਈ. ਅੰਬੇਡਕਰ ਦੇ ਯੋਗਦਾਨ ਤੋਂ ਅਣਜਾਣ

**ਨਵੀਂ ਦਿੱਲੀ–** ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੀ ਸਰੰਚਨਾ ਤਿਆਰ ਕਰਨ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਯੋਗਦਾਨ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਹਨਾਂ ਦਾ ਧੰਨਵਾਦ ਕਰ ਚੁੱਕੇ ਹਨ, ਜਦਕਿ ਆਰ. ਬੀ. ਆਈ. ਦੇ ਰਿਕਾਰਡ ਵਿਚ ਅੰਬੇਡਕਰ ਦੇ ਯੋਗਦਾਨ ਨਾਲ ਸਬੰਧਤ ਕੋਈ ਵੀ ਦਸਤਾਵੇਜ਼ ਨਹੀਂ ਹੈ।

ਆਰ. ਟੀ. ਆਈ. ਵਰਕਰ ਮਹਿੰਦਰ ਪ੍ਰਤਾਪ ਸਿੰਘ ਨੇ ਆਰ. ਟੀ. ਆਈ. ਦੇ ਜ਼ਰੀਏ ਆਰ. ਬੀ. ਆਈ. ਦੇ ਨਿਰਮਾਣ ਵਿਚ ਅੰਬੇਡਕਰ ਅਤੇ ਮਹਾਤਮਾ ਗਾਂਧੀ ਦੇ ਯੋਗਦਾਨ ਨਾਲ ਸਬੰਧਤ ਦਸਤਾਵੇਜ਼ ਮੰਗੇ ਸਨ।

ਪ੍ਰਧਾਨ ਮੰਤਰੀ ਮੋਦੀ ਨੇ 6 ਦਸੰਬਰ, 2015 ਨੂੰ ਨਵੇਂ ਸਿੱਕੇ ਜਾਰੀ ਕਰਦੇ ਆਰ. ਬੀ. ਆਈ. ਦੀ ਸਰੰਚਨਾ ਅਤੇ ਉਸਦੇ ਨਿਰਮਾਣ ਵਿਚ ਅੰਬੇਡਕਰ ਦਾ ਜ਼ਿਕਰ ਕੀਤਾ ਸੀ। ਉਹਨਾਂ ਨੇ ਇਸ ਮੌਕੇ ਤੇ ਕਿਹਾ ਸੀ (ਪੀ. ਆਈ. ਬੀ. ਦੇ ਮੁਤਾਬਕ) ਅੱਜ ਅਸੀਂ ਰਿਜ਼ਰਵ ਬੈਂਕ ਦੀ ਕਲਪਨਾ ਕਰਦੇ ਹਾਂ। ਦੇਸ਼ ਆਜ਼ਾਦ ਨਹੀਂ ਹੋਇਆ ਸੀ ਉਦੋਂ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਥੀਸਿਸ ਵਿਚ ਭਰਤੀ ਰਿਜ਼ਰਵ ਬੈਂਕ ਦੀ ਕਲਪਨਾ ਕੀਤੀ ਸੀ।

ਅੱਜ ਅਸੀਂ ਫੈਡਰਲ ਸੈਕਟਰ ਦੀ ਗੱਲ ਕਰਦੇ ਹਾਂ, ਫਾਈਨੈਂਸ ਕਮਿਸ਼ਨ ਦੀ ਮੰਗ ਹੁੰਦੀ ਹੈ ਕਿ ਇੰਨਾ ਪੈਸਾ ਕੌਣ ਦੇਵੇਗਾ, ਕੌਣ ਰਾਜ ਕਿਵੇਂ ਲੜੀਵਾਰ ਚੱਲੇਗਾ। ਦੇਸ਼ਆਜ਼ਾਦ ਹੋਣ ਤੋਂ ਪਹਿਲਾਂ ਬਾਬਾ ਸਾਹਿਬ ਅੰਬੇਡਕਰ ਨੇ ਇਹ ਵਿਚਾਰ ਰੱਖੇ ਸਨ।

ਫਾਈਨੈਂਸ ਕਮਿਸ਼ਨ ਦਾ ਅਤੇ ਸੰਪਤੀ ਦੀ ਵੰਡ ਕੇਂਦਰ ਅਤੇ ਰਾਜ ਵਿਚਕਾਰ ਕਿਵੇਂ ਹੋਵੇ, ਇਸ ਤੇ ਡੂੰਘਾਈ ਨਾਲ ਚਿੰਤਨ ਕੀਤਾ ਸੀ ਅਤੇ ਉਸੇ ਵਿਚਾਰਾਂ ਦੇ ਪ੍ਰਕਾਸ਼ ਵਿਚ ਅੱਜ ਇਹ ਫਾਈਨੈਂਸ ਕਮਿਸ਼ਨ, ਚਾਹੇ ਆਰ. ਬੀ. ਆਈ. ਹੋਵੇ ਜਾਂ ਕੋਈ ਹੋਰ, ਅਜਿਹੀਆਂ ਅਨੇਕਾਂ ਸੰਸਥਾਵਾਂ ਹਨ।

**'ਦਾ ਪ੍ਰਾਬਲਮ ਆਫ ਰੁਪੀ' ਵਿਚ ਹੈ ਜ਼ਿਕਰ**

ਭਾਰਤੀ ਮੁਦਰਾ ਅਤੇ ਬੈਕਿੰਗ ਦੇ ਸਬੰਧ ਵਿਚ ਬਾਬਾ ਸਾਹਿਬ ਅੰਬੇਡਕਰ ਦੀ ਕਿਤਾਬ 'ਦਾ ਪ੍ਰਾਬਲਮ ਆਫ ਰੁਪੀ' 1923 ਵਿਚ ਪ੍ਰਕਾਸ਼ਿਤ ਹੋਈਸੀ। ਇਸ ਵਿਚ ਮੁਦਰਾ, ਸੋਨਾ, ਬੈਂਕਿੰਗ ਦੇ ਸਿਧਾਂਤ ਅਤੇ ਉਹਨਾਂ ਦੀ ਕੰਮ ਕਰਨ ਦੀ ਪ੍ਰਣਾਲੀ ਦਾ ਵਰਣਨ ਕੀਤਾ ਗਿਆ ਸੀ। ਇਸ ਦੀ ਪੇਸ਼ਕਾਰੀ ਅੰਬੇਡਕਰ ਨੇ ਹਿਲਟਨ ਯੰਗ ਕਮਿਸ਼ਨ ਦੇ ਸਾਹਮਣੇ ਵੀ ਕੀਤੀ ਸੀ। ਇਹਨਾਂ ਸਿਧਾਂਤਾਂ ਦੇ ਆਧਾਰ ਤੇ ਆਰ. ਬੀ. ਆਈ. ਐਕਟ 1934 ਲਾਗੂ ਕੀਤਾ ਗਿਆ।

**ਗਾਂਧੀ ਜੀ ਨੇ ਲਿਖਿਆ ਸੀ ਪੱਤਰ**

ਮਹਾਤਮਾ ਗਾਂਧੀ ਦਾ ਪ੍ਰਤੱਖ ਤੌਰ ਤੇ ਆਰ. ਬੀ. ਆਈ. ਦੀ ਸਰੰਚਨਾ ਅਤੇ ਨਿਰਮਾਣ ਇਤਿਹਾਸ ਵਿਚ ਯੋਗਦਾਨ ਨਹੀਂ ਦਿੱਸਦਾ ਹੈ ਪਰ ਉਹਨਾਂ ਨੇ ਆਰ. ਬੀ. ਆਈ. ਅਤੇ ਸੋਨੇ ਨੂੰ ਲੈ ਕੇ ਕੁਝ ਪੱਤਰ ਲਿਖੇ ਸਨ। ਅਜਿਹਾ ਹੀ ਇਕ ਪੱਤਰ ਗਾਂਧੀ ਨੇ 22 ਫਰਵਰੀ 1927 ਨੂੰ ਪੁਰਸ਼ੋਤਮ ਦਾਸ ਠਾਕੁਦਰਾਸ ਨੂੰ ਲਿਖਿਆ ਸੀ।

# ਦੇਸ਼ ਵਿਰੋਧੀ ਨਾਅਰੇ ਲਗਾਉਣ ਵਾਲੇ ਕਿੱਥੇ ਹਨ?

**ਨਵੀਂ ਦਿੱਲੀ–** ਜੇ. ਐਨ. ਯੂ ਵਿਵਾਦ ਨੂੰ ਆਰੰਭ ਹੋਇਆਂ ਇਕ ਮਹੀਨਾ ਹੋ ਚੁੱਕਾ ਹੈ। ਪਿਛਲੇ ਮਹੀਨੇ 9 ਤਾਰੀਖ ਨੂੰ ਜੇ. ਐਨ. ਯੂ. ਵਿਚ ਹੋਇਆ ਉਸਨੇ ਦੇਸ਼ ਦੀ ਰਾਜਨੀਤੀ ਵਿਚ ਭੂਚਾਲ ਲਿਆ ਦਿੱਤਾ ਸੀ। ਵਿਦਿਆਰਥੀ ਸੰਘ ਦੇ ਪ੍ਰਧਾਨ ਕਨ-ੲੀਆ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜਨਮਤ ਤੇ ਬਹਿਸ ਵੀ ਆ ਗਈ ਪਰ ਇਹਨਾਂ ਸਭ ਵਿਚਕਾਰ ਸਭ ਤੋਂ ਅਹਿਮ ਸਵਾਲ ਇਹ ਬਣਿਆ ਹੋਇਆ ਹੈ ਕਿ 9 ਫਰਵਰੀ ਦੇ ਦਿਨ ਕੁਝ ਨਕਾ-ਬਪੋਸ਼ ਲੋਕ ਵੀ ਵੀਡੀਓ ਵਿਚ ਨਾਅਰੇ ਲਗਾਉਂਦੇ ਦਿਖਾਈ ਦਿੱਤੇ ਸਨ, ਉਹ ਕਿੱਥੇ ਗਏ। ਉਹਨਾਂ ਦਾ ਕੀ ਹੋਇਆ? ਕੀ ਉਹਨਾਂ ਦੀ ਪਛਾਣ ਕੀਤੀ ਗਈ, ਕੀ ਉਹਨਾਂ ਤੋਂ ਪੁੱਛਗਿੱਛ ਕੀਤੀ ਗਈ ਜਾਂ ਫਿਰ ਉਮਰ ਖਾਲਿਦ ਅਤੇ ਅਨਿਬਰਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਾਰਾ ਮਾਮਲਾ ਠੰਢੇ ਬਸਤੇ ਵਿਚ ਚਲਾ ਗਿਆ।

ਦੇਸ਼ ਦੇ ਖਿਲਾਫ ਨਾਅਰੇ ਲਗਾਉਣ ਵਾਲੀ ਇਸ ਭੀੜ ਵਿਚ ਕੁਝ ਚਿਹਰੇ ਸਨ ਜੋ ਢਕੇ ਹੋਏ ਸਨ। ਕੁਝ ਆਵਾਜ਼ਾਂ ਸਨ ਜੋ ਦੇਸ਼ ਵਿਰੋਧੀ ਨਾਅਰੇ ਲਗਾ ਰਹੀ ਸੀ। ਇਕ ਮਹੀਨਾ ਹੋਣ ਨੂੰ ਆਇਆ ਪਰ ਇਹਨਾਂ ਆਵਾਜ਼ਾਂ ਅਤੇ ਇਹਨਾਂ ਢਕੇ ਹੋਏ ਚਿਹਰਿਆਂ ਦਾ ਕੋਈ ਅਤਾ ਪਤਾ ਨਹੀਂ ਹੈ।

ਠੀਕ ਇਕ ਮਹੀਨੇ ਪਹਿਲਾਂ 9 ਫਰਵਰੀ ਨੂੰ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਕੈਂਪਸ ਵਿਚ ਦੇਸ਼ ਵਿਰੋਧੀ ਨਾਅਰੇ ਲਗਾਉਣ ਦਾ ਦੋਸ਼ ਸੀ। ਐਫ. ਆਈ. ਆਰ. ਹੋਈ ਅਤੇ ਵਿਦਿਆਰਥੀ ਸੰਘ ਦੇ ਪ੍ਰਧਾਨ ਕਨ੍ਹਈਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੇ. ਐਨ. ਯੂ. ਵਿਵਾਦ ਨੇ ਪੂਰੇ ਦੇਸ਼ ਨੂੰ ਦੇਸ਼ ਭਗਤ ਬਨਾਮ ਦੇਸ਼ ਧਰੋਹੀ ਵਿਚਕਾਰ ਵੰਡ ਦਿੱਤਾ ਸੀ। ਕੈਂਪਸ ਵਿਚ ਲੱਗੇ ਨਾਅਰਿਆਂ ਦੀ ਆਵਾਜ਼ ਦੇਸ਼ ਦੇ ਹਰ ਕੋਨੇ ਵਿਚ ਚਰਚਾ ਬਣ ਗਈ ਸੀ। 20 ਦਿਨ ਤੱਕ ਜੇਲ੍ਹ ਵਿਚ ਰਹਿਣ ਤੋਂ ਬਾਅਦ ਕਨ੍ਹਈਆ 6 ਮਹੀਨੇ ਦੀ ਜ਼ਮਾਨਤ ਤੇ ਵਾਪਸ ਕੈਂਪਸ ਮੁੜੇ ਹਨ ਅਤੇ ਦੇਸ਼ ਧਰੋਹ ਦੇ ਦੋਸ਼ ਵਿਦਿਆਰਥੀ ਉਮਰ ਖਾਲਿਦ ਅਤੇ ਅਨਿਬਰਨ ਨੇ ਪੁਲਿਸ ਦੇ ਸਾਹਮਣੇ ਸਰੈਂਡਰ ਵੀ ਕਰ ਦਿੱਤਾ ਪਰ ਗਾਇਬ ਹਨ ਉਹ ਚਿਹਰੇ ਜੋ ਮੂੰਹ ਢਕੇ ਹੋਏ ਕੈਂਪਸ ਵਿਚ ਦਿਖਾਈ ਦਿੱਤੇ ਸਨ ਅਤੇ ਹੁਣ ਤੱਕ ਗਾਇਬ ਹਨ।

ਵਿਰੋਧੀ ਪਾਰਟੀ ਵੀ ਪੁਲਿਸ ਤੇ ਦੋਸ਼ ਲਗਾ ਰਹੀ ਹੈ ਕਿ ਪਛਾਣ ਤੋਂ ਬਾਅਦ ਵੀ ਪੁਲਿਸ ਕਸ਼ਮੀਰੀ ਲੜਕਿਆਂ 'ਤੇ ਇਸ ਕਰਕੇ ਕਾਰਵਾਈ ਨਹੀਂ ਕਰ ਰਹੀ ਕਿਉਂਕਿ ਪੀ. ਡੀ. ਪੀ. ਕੇਂਦਰ ਤੋਂ ਨਰਾਜ਼ ਹੋ ਸਕਦੀ ਹੈ। ਕੁਝ ਅਜਿਹੇ ਹੀ ਸਵਾਲ ਉਠਾਉਂਦੇ ਹੋਏ ਪ੍ਰਮੁੱਖ ਪੱਤਰਕਾਰ ਮਧੂ ਕਿਸ਼ਵਰ ਨੇ ਟਵੀਟ ਕੀਤਾ ਹੈ 'ਇਹ ਸੋਚ ਕੇ ਪ੍ਰੇਸ਼ਾਨ ਹਾਂ ਕਿ ਕਨ੍ਹਈਆ ਦੀ ਭੂਮਿਕਾ ਦੀ ਜਾਂਚ ਕੀਤੇ ਬਿਨਾਂ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਦਕਿ ਉਹ ਕਸ਼ਮੀਰੀ ਜਿਹਨਾਂ ਨੇ ਸੱਚਮੁਚ ਟੁਕੜੇ ਟੁਕੜੇ ਵਾਲੇ ਨਾਅਰੇ ਲਗਾਏ ਉਹ ਹੁਣ ਤੱਕ ਪਕੜੇ ਨਹੀਂ ਗਏ।

ਅਸਲ ਵਿਚ ਕਨ੍ਹਈਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਿਸ ਤਰੀਕੇ ਨਾਲ ਦਿੱਲੀ ਪੁਲਿਸ ਦੇ ਸਾਬਕਾ ਕਮਿਸ਼ਨਰ ਦੀ ਕਿਰਕਿਰੀ ਹੋਈ ਸੀ ਅਤੇ ਗ੍ਰਹਿ ਮੰਤਰੀ ਰਾਜਨਾਥ ਨੇ ਵੀ ਕਹਿ ਦਿੱਤਾ ਸੀ ਕਿ ਜੋ ਕੀਤਾ ਉਹ ਪੁਲਿਸ ਨੇ ਕੀਤਾ, ਉਸ ਤੋਂ ਬਾਅਦ ਨਵੇਂ ਕਮਿਸ਼ਨਰ ਕਿਸੇ ਕਿਸਮ ਦਾ ਵਿਵਾਦ ਨਹੀਂ ਚਾਹੁੰਦੇ ਅਤੇ ਗ੍ਰਿਫ਼ਤਾਰੀ ਤੋਂ ਪਹਿਲਾਂ ਸਪੈਸ਼ਲ ਸੈਲ ਨੂੰ ਪੁਖਤਾ ਸਬੂਤ ਜੁਟਾਉਣ ਲਈ ਕਿਹਾ ਗਿਆ ਹੈ।

ਇੰਨਾ ਕੁਝ ਹੋ ਗਿਆ ਪਰ ਉਹਨਾਂ ਦਾ ਹੁਣ ਤੱਕ ਕੋਈ ਸੁਰਾਗ ਨਹੀਂ ਹੈ ਜੋ 9 ਫਰਵਰੀ ਨੂੰ ਚੀਖ-ਚੀਖ ਕੇ ਦੇਸ਼ ਵਿਰੋਧੀ ਨਾਅਰੇ ਲਗਾ ਰਹੇ ਸਨ। ਸਵਾਲ ਦਿੱਲੀ ਪੁਲਿਸ ਤੇ ਵੀ ਹੈ ਸਰਕਾਰ ਉਤੇ ਵੀ?

9 ਫਰਵਰੀ ਨੂੰ ਹੋਈ ਘਟਨਾ ਦੀ ਜਾਂਚ ਕਮੇਟੀ ਦੀ ਰਿਪੋਰਟ ਜਮ੍ਹਾ ਹੋਣ ਦੇ ਨਾਲ ਹੀ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਨ੍ਹਈਆ ਅਤੇ ਉਮਰ ਸਮੇਤ ਸਾਰੇ 8 ਵਿਦਿਆਰਥੀਆਂ ਦੀ ਸਸਪੈਸ਼ਨ ਵਾਪਸ ਲੈ ਲਈ ਹੈ। ਇਹਨਾਂ ਸਾਰਿਆਂ ਨੂੰ ਕਮੇਟੀ ਦੀ ਐਫ. ਆਈ. ਆਰ. ਰਿਪੋਰਟ ਵਿਚ 9 ਫਰਵਰੀ ਦੀ ਘਟਨਾ ਦੇ ਲਈ ਜ਼ਿੰਮੇਵਾਰ ਮੰਨਦੇ ਹੋਏ ਅੰਤਿਮ ਰਿਪੋਰਟ ਆਉਣ ਤੱਕ ਸਿੱਖਿਆ ਗਤੀਵਿਧੀਆਂ ਵਿਚ ਭਾਗ ਲੈਣ ਤੋਂ ਰੋਕ ਦਿੱਤਾ ਸੀ। ਹਾਲਾਂਕਿ ਜਾਂਚ ਦੇ ਦੌਰਾਨ ਵਿਰੋਧ ਵਜੋਂ ਇਹ ਸਾਰੇ ਵਿਦਿਆਰਥੀ ਕਮੇਟੀ ਦੇ ਸਾਹਮਣੇ ਪੇਸ਼ ਨਹੀਂ ਹੋਏ ਸਨ।

ਯੂਨੀਵਰਸਿਟੀ ਸੂਤਰਾਂ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਕੁਲਪਤੀ ਜਾਂਚ ਰਿਪੋਰਟ 'ਤੇ ਵਿਚਾਰ ਕਰਨਗੇ। ਰਿਪੋਰਟ ਆਉਣ ਤੋਂ ਬਾਅਦ ਸ਼ਾਮ ਨੂੰ ਕਨ੍ਹਈਆ ਦੀ ਕੁਲਪਤੀ ਨਾਲ ਮੁਲਾਕਾਤ ਵੀ ਹੋਈ। ਦੇਸ਼ ਧਰੋਹੀ ਦੇ ਦੋਸ਼ੀ ਕਨ੍ਹਈਆ ਅਤੇ ਉਹਨਾਂ ਦੇ 8 ਸਾਥੀਆਂ ਦੀ ਸਰਪੈਂਸ਼ਨ ਵਾਪਸ ਲੈ ਲਈ ਗਈ ਹੈ। ਜੇ. ਐਨ. ਯੂ. ਪ੍ਰਸ਼ਾਸਨ ਨੇ ਇਸ ਗੱਲ ਦਾ ਐਲਾਨ 9 ਫਰਵਰੀ ਦੀ ਘਟਨਾ ਦੀ ਜਾਂਚ ਦੇ ਲਈ ਬਣੀ ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ ਕੀਤਾ। ਹਾਲਾਂਕਿ ਇਸ ਰਿਪੋਰਟ ਵਿਚ ਕੀ ਹੈ, ਇਸ ਗੱਲ ਦੀ ਜਾਣਕਾਰੀ ਹੁਣ ਤੱਕ ਸਾਹਮਣੇ ਨਹੀਂ ਆਈ ਹੈ। ਜੇ. ਐਨ. ਯੂ. ਦੇ ਵਾਈਸ ਚਾਂਸਲਰ ਸੋਮਵਾਰ ਨੂੰ ਇਸ ਰਿਪੋਰਟ 'ਤੇ ਵਿਚਾਰ ਕਰਨਗੇ ਪਰ ਕਨ੍ਹਈਆ ਨੇ ਉਸ ਤੋਂ ਪਹਿਲਾਂ ਹੀ ਜਾਂਚ ਕਮੇਟੀ ਤੇ ਸਵਾਲ ਉਠਾਉਣੇ ਆਰੰਭ ਕਰ ਦਿੱਤੇ ਹਨ।

# ਪੰਜਾਬ ਬਜਟ 'ਚ ਵਿੱਤੀ ਸੰਕਟ ਦੇ ਬਾਵਜੂਦ 1200 ਕਰੋੜ ਦੇ ਗੱਫੇ

**ਚੰਡੀਗੜ੍ਹ–** ਪੰਜਾਬ ਦੇ ਵਿੱਤੀ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲੀ-ਭਾਜਪਾ ਸਰਕਾਰ ਦੇ ਦੂਜੇ ਕਾਰਜਕਾਲ ਦੇ ਆਖਰੀ ਬਜਟ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਕੇ ਜਿਥੇ ਕੋਈ ਨਵਾਂ ਕਰ ਨਹੀਂ ਲਗਾਇਆ ਉਥੇ ਕਿਸਾਨਾਂ, ਦਲਿਤਾਂ, ਨੌ-ਜਵਾਨਾਂ ਅਤੇ ਮਹਿਲਾਵਾਂ ਨੂੰ ਤਕਰੀਬਨ 1200 ਕਰੋੜ ਰੁਪਏ ਦੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਹੈ। ਸਾਲ 2016-17 ਦੇ 86,387 ਕਰੋੜ ਰੁਪਏ ਦੇ ਇਸ ਬਜਟ ਵਿੱਚ 7,982.83 ਕਰੋੜ ਰੁਪਏ ਦਾ ਘਾਟਾ ਅਣਪੂਰਿਆ ਛੱਡਿਆ ਗਿਆ ਹੈ। ਇਸ ਬਜਟ ਰਾਹੀਂ ਜਿਥੇ ਸਰਕਾਰ ਨੇ ਵਿਧਾਨ ਸਭਾ ਚੋਣਾਂ ਦਾ ਏਜੰਡਾ ਸਪਸ਼ਟ ਕਰ ਦਿੱਤਾ ਹੈ, ਉਥੇ ਰਾਜ ਦੀ ਨਿੱਘਰਦੀ ਮਾਲੀ ਹਾਲਤ ਦਾ ਝਲਕਾਰਾ ਵੀ ਇਸ ਤੋਂ ਪੈ ਰਿਹਾ ਹੈ। ਸਰਕਾਰ ਨੂੰ ਅਗਲੇ ਵਿੱਤੀ ਵਰ੍ਹੇ ਦੌਰਾਨ ਕੁੱਲ ਮਾਲੀ ਪ੍ਰਾਪਤੀਆਂ 50,180.96 ਕਰੋੜ ਰੁਪਏ ਦੀਆਂ ਹੋਣਗੀਆਂ, ਜਦੋਂ ਕਿ ਖ਼ਰਚਾ



58,163.79 ਕਰੋੜ ਰੁਪਏ ਹੈ। ਸਰਕਾਰ ਦਾ ਕੁੱਲ ਵਿੱਤੀ ਘਾਟਾ ਅਗਲੇ ਸਾਲ 13,087.23 ਕਰੋੜ ਰੁਪਏ ਹੋ ਜਾਵੇਗਾ। ਅਗਲੇ ਵਿੱਤੀ ਵਰ੍ਹੇ ਦੇ ਅੰਤ ਤੱਕ ਸਰਕਾਰ 1 ਲੱਖ 38 ਹਜ਼ਾਰ 165 ਕਰੋੜ ਰੁਪਏ ਦੀ ਕਰਜ਼ਾਈ ਹੋ ਜਾਵੇਗੀ। ਸਰਕਾਰ ਵੱਲੋਂ 15,815 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਵੇਗਾ। ਇਸ ਵਿੱਚੋਂ 14,307 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਚੁੱਕੇ ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਵਿਆਜ ਦੇ ਭੁਗਤਾਨ ਵਿੱਚ ਹੀ ਚਲੀ ਜਾਵੇਗੀ। ਵਿੱਤ ਮੰਤਰੀ ਨੇ ਸੂਬੇ ਦੀ ਵਿਕਾਸ ਦਰ 5.96 ਫੀਸਦੀ ਤੱਕ ਜਾਣ ਦੀ ਉਮੀਦ ਵੀ ਪ੍ਰਗਟਾਈ ਹੈ। ਪੰਜਾਬ ਦੇ ਬਦਲੇ ਹੋਏ ਰਾਜਸੀ ਸਮੀਕਰਨਾਂ ਨੂੰ ਦੇਖਦਿਆਂ ਅਕਾਲੀ-ਭਾਜਪਾ ਸਰਕਾਰ ਨੇ ਸਮਾਜ ਦੇ ਉਨ੍ਹਾਂ ਵਰਗਾਂ ਨੂੰ ਸੰਬੋਧਨ ਹੋਣ ਦਾ ਯਤਨ ਕੀਤਾ ਹੈ ਜਿਹੜੇ ਸਰਕਾਰ ਨਾਲ ਨਾਰਾਜ਼ ਹਨ। ਇਨ੍ਹਾਂ

(ਬਾਕੀ ਸਫਾ 24 ਤੇ)


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨੀਵਾਰ ਅਤੇ ਖਬਰ ਸੋਮਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਜੇਕਰ ਕੋਈ ਖਬਰ ਜਾਂ ਲੇਖ ਨਹੀਂ ਛਪ ਸਕਿਆ ਤਾਂ ਹੋ ਸਕਦਾ ਹੈ ਉਹ ਸਾਡੇ ਤੱਕ ਨਹੀਂ ਪਹੁੰਚਿਆ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਈ-ਮੇਲ ਰਾਹੀਂ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

01-916-947-8920 (ਫੋਨ), 01-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਦੇਸ਼ ਦੁਆਬਾ (ਪੰਜਾਬੀ ਅਖਬਾਰ), ਅੰਬੇਦਕਰ ਟਾਈਮਜ਼ (ਅੰਗਰੇਜ਼ੀ ਅਖਬਾਰ)

ਵਿਚ ਇਸ਼ਤਿਹਾਰ ਲਗਵਾਉਣ ਦੇ ਚਾਹਵਾਨ ਵੀਰਾਂ ਲਈ ਵਿਸ਼ੇਸ਼ ਸੂਚਨਾ

3 ਮਹੀਨੇ ਦੀ ਪੇਮੈਂਟ ਐਡਵਾਂਸ ਭੇਜਣ ਤੇ 10 ਫੀਸਦੀ ਛੋਟ

6 ਮਹੀਨੇ ਦੀ ਪੇਮੈਂਟ ਐਡਵਾਂਸ ਭੇਜਣ ਤੇ 20 ਫੀਸਦੀ ਛੋਟ

1 ਸਾਲ ਦੀ ਪੇਮੈਂਟ ਐਡਵਾਂਸ ਭੇਜਣ ਤੇ 30 ਫੀਸਦੀ ਛੋਟ

01-916-947-8920 (ਫੋਨ), 01-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

ਦੇਸ਼ ਦੁਆਬਾ

# ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ

ਪੰਜਾਬ ਵਿਚ ਦਰਿਆਈ ਪਾਣੀਆਂ ਦਾ ਮਸਲਾ ਕਾਫੀ ਪੁਰਾਣਾ ਹੈ ਅਤੇ ਇਸ ਮਸਲੇ ਤੇ ਹੁੰਦੀ ਰਾਜਨੀਤੀ ਕਾਰਨ ਪੰਜਾਬ ਕਈ ਕਿਸਮ ਦੇ ਉਤਰਾਅ ਚੜ੍ਹਾਅ ਦੇਖ ਚੁੱਕਾ ਹੈ। ਦਰਿਆਵਾਂ ਦੇ ਪਾਣੀਆਂ ਦੇ ਮਸਲੇ ਨੇ 1984 ਦੀ ਕਰਵਟ ਵੀ ਬਦਲੀ ਹੈ ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹੇ ਹਾਲਾਤ ਬਣੇ ਕਿ ਪੰਜਾਬ ਨੂੰ ਸਮੇਂ ਦੀਆਂ ਹਕੂਮਤਾਂ ਦਾ ਸੰਤਾਪ ਹੰਢਾਉਣਾ ਪਿਆ। ਹੁਣ ਫਿਰ ਇਹ ਮਸਲਾ ਚਰਚਾ ਦਾ ਵਿਸ਼ਾ ਇਸ ਕਰਕੇ ਹੈ ਕਿਉਂਕਿ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਮਸਲਾ ਸੁਪਰੀਮ ਕੋਰਟ ਵਿਚ ਪਹੁੰਚ ਗਿਆ ਹੈ। ਇਹ ਮਸਲਾ ਇਕ ਅਜਿਹਾ ਇਤਿਹਾਸਕ ਮੋੜ ਹੈ, ਜਿਸ ਨੇ ਪੰਜਾਬ ਵਿਚ ਸਾਰੀਆਂ ਪਾਰਟੀਆਂ ਨੂੰ ਇੱਕਜੁਟ ਕਰਕੇ ਰੱਖਿਆ ਹੈ। ਕੇਂਦਰ ਸਰਕਾਰ ਨੇ ਇਸ ਵਿਚ ਜਦੋਂ-ਜਦੋਂ ਦਖਲ ਦਿੱਤਾ ਤਾਂ ਵਿਵਾਦ ਗਹਿਰਾ ਹੁੰਦਾ ਗਿਆ ਹੈ। ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਦੋਂ 1976 ਵਿੱਚ ਐਮਰਜੈਂਸੀ ਦੌਰਾਨ ਇਸ ਐਕਟ ਦੀ ਧਾਰਾ 78 ਅਧੀਨ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਵਿੱਚ ਦਖ਼ਲ ਦਿੱਤਾ ਤਾਂ ਉਸ ਸਮੇਂ ਉਸ ਨੂੰ ਇਸ ਦੇ ਨਿਕਲਣ ਵਾਲੇ ਗੰਭੀਰ ਸਿੱਟਿਆਂ ਬਾਰੇ ਸ਼ਾਇਦ ਰਤਾ ਭਰ ਵੀ ਅਹਿਸਾਸ ਨਹੀਂ ਹੋਣਾ। ਕੁਝ ਸਾਲਾਂ ਬਾਅਦ ਹੀ ਦਰਿਆਈ ਪਾਣੀਆਂ ਸਬੰਧੀ ਉਸ ਵੱਲੋਂ ਦਿੱਤੇ ਗਏ ਫ਼ੈਸਲੇ ਨੇ ਪੰਜਾਬ ਵਿੱਚ ਅਜਿਹਾ ਸਿਆਸੀ ਤੇ ਖਾੜਕੂਵਾਦ ਦਾ ਭਾਂਬੜ ਬਾਲਿਆ ਕਿ ਖ਼ੁਦ ਇੰਦਰਾ ਗਾਂਧੀ ਵੀ ਇਸੇ ਭਾਂਬੜ ਵਿੱਚ ਹੀ ਝੁਲਸੀ ਗਈ। ਤੱਥ ਗਵਾਹ ਹਨ ਕਿ ਇਸ ਮਾਮਲੇ ਉੱਤੇ ਅਕਾਲੀ ਦਲ ਦੇ ਆਗੂਆਂ ਨੇ ਵੀ ਇੱਕ ਵਾਰ ਨਹੀਂ ਸਗੋਂ ਵਾਰ ਵਾਰ ਪੰਜਾਬ ਦੇ ਲੋਕਾਂ ਨਾਲ ਗਦਾਰੀ ਕੀਤੀ। ਅਕਾਲੀ ਕਹਿੰਦੇ ਕੁਝ ਹੋਰ ਰਹੇ ਅਤੇ ਕਰਦੇ ਕੁਝ ਹੋਰ ਰਹੇ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਸਭ ਤੋਂ ਪਹਿਲਾਂ ਲਿਖਤੀ ਰਸਮੀ ਰੋਸ 1972 ਤੋਂ 77 ਤਕ ਸੂਬੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ 19 ਨਵੰਬਰ 1976 ਨੂੰ ਪ੍ਰਗਟਾਇਆ ਸੀ। ਉਸ ਵੇਲੇ ਪੰਜਾਬ ਕਾਂਗਰਸ ਨੇ ਵੀ ਇਹੋ ਜਿਹਾ ਹੀ ਇਤਰਾਜ਼ ਪ੍ਰਗਟ ਕੀਤਾ ਸੀ। ਇਸੇ ਦੌਰਾਨ ਹੀ 12 ਜੂਨ 1977 ਨੂੰ ਪੰਜਾਬ ਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ ਅਤੇ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਅਤੇ ਹਰਿਆਣਾ ਵਿੱਚ ਉਸ ਦਾ ਮਿੱਤਰ ਚੌਧਰੀ ਦੇਵੀ ਲਾਲ ਮੁੱਖ ਮੰਤਰੀ ਬਣ ਗਏ। ਪੰਜਾਬ ਸਰਕਾਰ ਨੇ 4 ਜੁਲਾਈ 1978 ਨੂੰ ਹਰਿਆਣਾ ਸਰਕਾਰ ਨੂੰ ਲਿਖ ਕੇ ਸਤਲੁਜ-ਯਮਨਾ ਲਿੰਕ ਨਹਿਰ ਪ੍ਰਾਜੈਕਟ ਸ਼ੁਰੂ ਕਰਨ ਲਈ 3 ਕਰੋੜ ਰੁਪਏ ਦੀ ਰਾਸ਼ੀ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਜੇ ਪ੍ਰਕਾਸ਼ ਸਿੰਘ ਬਾਦਲ ਨੇ 1976 ਦੇ ਐਵਾਰਡ ਦੀ ਵਿਰੋਧਤਾ ਕੀਤੀ ਸੀ ਤਾਂ ਫਿਰ ਇਹ ਪੱਤਰ ਕਿਸ ਨੇ ਅਤੇ ਕਿਉਂ ਲਿਖਿਆ? 1980 ਵਿੱਚ ਸੱਤਾ ਵਿੱਚੋਂ ਬਾਹਰ ਹੋ ਜਾਣ ਤੋਂ ਬਾਅਦ ਅਕਾਲੀ ਦਲ ਨੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਮੁੱਦਾ ਬਣਾ ਲਿਆ ਅਤੇ ਇੰਦਰਾ ਗਾਂਧੀ ਨੂੰ 1981 ਵਿੱਚ ਦਿੱਤੇ ਗਏ 45 ਮੰਗਾਂ ਦੀ ਸੂਚੀ ਵਿੱਚ ਪਾਣੀਆਂ ਦੀ ਵੰਡ ਮੁੜ ਕਰਨ ਦੀ ਮੰਗ ਵੀ ਸ਼ਾਮਲ ਸੀ। ਇਸੇ ਹੀ ਸੰਦਰਭ ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਮਾਮਲੇ ਵਿੱਚ ਮੁੜ ਦਖ਼ਲ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਰਾਜਸਥਾਨ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ 31 ਦਸੰਬਰ 1981 ਨੂੰ ਇੱਕ ਨਵੇਂ ਸਮਝੌਤੇ ਉੱਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ। ਇਸ ਸਮਝੌਤੇ ਵਿੱਚ ਦਰਿਆਵਾਂ ਦੇ 1921-45 ਲੜੀ ਵਹਿਣ ਅਨੁਸਾਰ ਪ੍ਰਾਪਤ ਹੋ ਰਹੇ 15.85 ਮਿਲੀਅਨ ਏਕੜ ਫੁੱਟ ਪਾਣੀ ਦੀ ਥਾਂ 1921-59 ਲੜੀ ਵਹਿਣ ਮਿੱਥ ਕੇ 17.17 ਐਮ.ਏ.ਐਫ. ਪ੍ਰਾਪਤ ਪਾਣੀ ਮੰਨ ਲਿਆ ਗਿਆ। ਇਸ ਆਧਾਰ ਉੱਤੇ ਹੀ ਕਾਗ਼ਜ਼ੀ-ਪੱਤਰੀਂ ਪੰਜਾਬ ਦਾ ਹਿੱਸਾ 3.50 ਤੋਂ ਵਧਾ ਕੇ 4.22 ਐਮ.ਏ.ਐਫ. ਕਰ ਦਿੱਤਾ ਗਿਆ। ਪਰ ਇਸ ਨਾਲ ਅਕਾਲੀ ਦਲ ਦੀ ਸੰਤੁਸ਼ਟੀ ਨਹੀਂ ਸੀ ਹੋਣੀ ਕਿਉਂਕਿ ਸੱਤਾ ਤੋਂ ਬਾਹਰ ਹੋਣ ਕਾਰਨ ਉਸ ਨੂੰ ਕਿਸੇ ਨਾ ਕਿਸੇ ਮੁੱਦੇ ਦੀ ਲੋੜ ਸੀ ਅਤੇ ਇਹ ਇੱਕ ਅਜਿਹਾ ਮੁੱਦਾ ਸੀ ਜਿਹੜਾ ਅਕਾਲੀ ਦਲ ਨੂੰ ਠੀਕ ਬੈਠਦਾ ਸੀ। ਇੰਦਰਾ ਗਾਂਧੀ ਨੇ 8 ਅਪਰੈਲ 1982 ਨੂੰ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿੱਚ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਸੀ। ਉਸ ਸਮੇਂ ਤਕ ਪੰਜਾਬ ਵਿੱਚ ਖਾੜਕੂਵਾਦ ਨੇ ਸਿਰ ਚੁੱਕ ਲਿਆ ਸੀ ਅਤੇ ਕਈ ਅਕਾਲੀ ਧੜੇ ਵੀ ਆਪਸ ਵਿੱਚ ਜ਼ੋਰ ਅਜ਼ਮਾਈ ਕਰਨ ਲੱਗ ਪਏ ਸਨ। ਅਕਾਲੀ ਦਲ ਨੇ ਨਹਿਰ ਦੀ ਉਸਾਰੀ ਰੋਕਣ ਲਈ 24 ਅਪਰੈਲ 1982 ਨੂੰ ਮੋਰਚਾ ਲਾ ਦਿੱਤਾ। ਹਰਿਆਣਾ ਨੇ 30 ਕਰੋੜ ਰੁਪਏ ਦੇ ਖ਼ਰਚ ਨਾਲ ਆਪਣੇ ਹਿੱਸੇ ਦੀ 91 ਕਿਲੋਮੀਟਰ ਨਹਿਰ ਦੀ ਉਸਾਰੀ ਤਾਂ ਜੂਨ 1980 ਤਕ ਹੀ ਪੂਰੀ ਕਰ ਦਿੱਤੀ ਸੀ, ਕਿਉਂਕਿ ਉੱਥੇ 1976 ਦੇ ਐਵਾਰਡ ਤੋਂ ਤੁਰੰਤ ਬਾਅਦ ਕੰਮ ਸ਼ੁਰੂ ਹੋ ਗਿਆ ਸੀ। ਆਪਣੀ ਮਾਤਾ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ 1984 ਵਿੱਚ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਤਾਂ ਉਸ ਨੇ ਸਿੱਖਾਂ ਨਾਲ ਹੋ ਰਹੇ ਟਕਰਾਅ ਨੂੰ ਖ਼ਤਮ ਕਰਨ ਲਈ ਯਤਨ ਆਰੰਭੇ। ਇਸ ਦਿਸ਼ਾ ਵਿੱਚ ਚੱਲੀ ਗੱਲਬਾਤ ਤੋਂ ਬਾਅਦ ਉਸ ਨੇ 24 ਜੁਲਾਈ 1985 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਇੱਕ ਸਮਝੌਤੇ ਉੱਤੇ ਦਸਤਖ਼ਤ ਕੀਤੇ ਜਿਹੜਾ ਬਾਅਦ ਵਿੱਚ ਭੁੱਲ ਭੁਲਾ ਹੀ ਦਿੱਤਾ ਗਿਆ। ਇਸ ਸਮਝੌਤੇ ਦੀ ਇੱਕ ਮੱਦ ਅਨੁਸਾਰ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਇੱਕ ਸਾਲ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਣੀ ਸੀ ਅਤੇ ਇਸ ਮੱਦ ਉੱਤੇ ਅਮਲ ਕਰਦਿਆਂ ਹੀ 1985 ਵਿੱਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਬਣੀ ਅਕਾਲੀ ਦਲ ਦੀ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਜ਼ੋਰ-ਸ਼ੋਰ ਨਾਲ ਸ਼ੁਰੂ ਕਰਵਾਈ ਸੀ। ਇਸ ਮਸਲੇ ਨੇ ਪੰਜਾਬ ਨੂੰ ਕਈ ਵਾਰ ਸੇਕ ਪਹੁੰਚਾਇਆ ਹੈ। ਇਸ ਕਰਕੇ ਇਸਦਾ ਸਥਾਈ ਹੱਲ ਲੱਭਣ ਲਈ ਕੇਂਦਰ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੁਨਰ-ਜਨਮ ਜਾਂ ਮਾਨਸਿਕ ਰੋਗ



ਮੇਘ ਰਾਜ ਮਿੱਤਰ
+91-98887-87440

**ਮੈਂ ਆਪਣੇ ਦਸਵੀਂ ਜਮਾਤ ਦੇ ਹਾਜ਼ਰ 10-12 ਵਿਦਿਆਰਥੀਆਂ ਨੂੰ ਸਕੂਲ ਦੀ ਪ੍ਰਯੋਗਸ਼ਾਲਾ ਵਿਚ ਲੈ ਗਿਆ। ਮੈਂ ਉਨ੍ਹਾਂ ਵਿਚੋਂ ਕੁਝ ਵਿਦਿਆਰਥੀਆਂ ਨੂੰ ਹਿਪਨੋਟਾਈਜ਼ ਕਰਨਾ ਸ਼ੁਰੂ ਕਰ ਦਿੱਤਾ। ਪਹਿਲੇ ਵਿਦਿਆਰਥੀ ਨੂੰ ਹਿਪਨੋਟਾਈਜ਼ ਕਰਨ ਤੋਂ ਬਾਅਦ ਮੈਂ ਉਸ ਨੂੰ ਪੁੱਛਿਆ, ''ਤੂੰ ਪਿਛਲੇ ਜਨਮ ਵਿਚ ਕੀ ਸੀ?'' ਉਸ ਦਾ ਜਵਾਬ ਸੀ, ''ਮੈਂ ਮਹਾਰਾਜਾ ਰਣਜੀਤ ਸਿੰਘ ਸਾਂ।'' ਮੈਂ ਪੁੱਛਿਆ, ''ਤੇਰੇ ਕਿੰਨੀਆਂ ਅੱਖਾਂ ਸਨ?'' ਉਸ ਦਾ ਜਵਾਬ ਸੀ, ''ਇੱਕ! ਦੂਜੀ ਤਾਂ ਪਲੇਗ ਨਾਲ ਮਾਰੀ ਗਈ ਸੀ।'' ਜਦ ਮੈਂ ਅਗਲੇ ਵਿਦਿਆਰਥੀ ਨੂੰ ਪੁੱਛਿਆ, ''ਤੂੰ ਪਿਛਲੇ ਜਨਮ ਵਿਚ ਕੀ ਸੀ?'' ਉਹ ਕਹਿਣ ਲੱਗਿਆ ''ਮੈਂ ਮਹਾਤਮਾ ਗਾਂਧੀ ਸਾਂ ਤੇ ਮੇਰੇ ਸਿਰ 'ਤੇ ਸਿਰਫ਼ ਇਕ ਬੋਦੀ ਸੀ।'' ਉਸ ਤੋਂ ਅਗਲੇ ਵਿਦਿਆਰਥੀ ਦਾ ਜਵਾਬ ਸੀ ਕਿ ਉਹ ਪਿਛਲੇ ਜਨਮ ਵਿਚ ਇੱਕ ਰੂਸੀ ਲੇਖਕ ਗੋਰਕੀ ਸੀ ਤੇ ਉਸ ਨੇ 'ਮਾਂ' ਨਾਂ ਦਾ ਨਾਵਲ ਲਿਖਿਆ ਸੀ।**

ਅੱਜ-ਕੱਲ੍ਹ ਟੈਲੀਵਿਜ਼ਨ ਚੈਨਲਾਂ ਅਤੇ ਕੁਝ ਅਖ਼ਬਾਰਾਂ ਵਿਚ ਪੁਨਰ-ਜਨਮ ਦੀਆਂ ਘਟਨਾਵਾਂ ਤੇ ਖ਼ਬਰਾਂ ਚਰਚਾ ਵਿਚ ਰਹਿੰਦੀਆਂ ਹਨ, ਜਿਹੜੀਆਂ ਸਾਧਾਰਨ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾ ਰਹੀਆਂ ਹਨ। ਪੁਨਰ-ਜਨਮ ਬਾਰੇ ਸਮਝਣ ਤੋਂ ਪਹਿਲਾਂ ਸਾਨੂੰ ਸਾਡੇ ਦਿਮਾਗਾਂ ਵਿਚ ਉਪਜਦੇ ਖਿਆਲਾਂ ਬਾਰੇ ਸਮਝਣਾ ਚਾਹੀਦਾ ਹੈ। ਸਾਡਾ ਦਿਮਾਗ ਸਰੀਰ ਦੀ ਅਜਿਹੀ ਪ੍ਰਣਾਲੀ ਹੈ, ਜਿਹੜੀ ਹਮੇਸ਼ਾ ਕੰਮ ਕਰਦੀ ਰਹਿੰਦੀ ਹੈ। ਜਿਵੇਂ ਸਾਹ-ਕਿਰਿਆ ਅਤੇ ਲਹੂ-ਗੇੜ ਪ੍ਰਣਾਲੀ ਹਮੇਸ਼ਾ ਕਾਰਜਸ਼ੀਲ ਰਹਿੰਦੀਆਂ ਹਨ। ਇਸੇ ਤਰ੍ਹਾਂ ਹੀ ਸਾਡੇ ਦਿਮਾਗ ਵਿਚ ਖਿਆਲ ਆਉਂਦੇ ਰਹਿੰਦੇ ਹਨ। ਦਿਮਾਗ ਵਿਚ ਆਏ ਖਿਆਲ 99 ਫ਼ੀਸਦੀ ਕਲਪਿਤ ਹੀ ਹੁੰਦੇ ਹਨ, ਜਿਹੜੇ ਝੂਠੇ ਨਿਕਲ ਜਾਂਦੇ ਹਨ। ਉਨ੍ਹਾਂ ਦਾ ਜ਼ਿਕਰ ਅਸੀਂ ਕਿਸੇ ਕੋਲ ਨਹੀਂ ਕਰਦੇ, ਜੋ ਇਕ-ਅੱਧਾ ਸੱਚ ਨਿਕਲ ਜਾਂਦਾ ਹੈ, ਉਸ ਦਾ ਢੰਡੋਰਾ ਪਿੱਟ ਦਿੰਦੇ ਹਾਂ। ਇਹ ਵੀ ਇਕ ਕਾਰਨ ਹੈ ਜਿਸ ਕਰਕੇ ਬਹੁਤ ਸਾਰੀਆਂ ਅਜਿਹੀਆਂ ਗ਼ੈਰ-ਵਿਗਿਆਨਕ ਪੁਨਰ ਜਨਮ ਦੀਆਂ ਗੱਲਾਂ ਲੋਕਾਂ ਵਿਚ ਪ੍ਰਚਲਿਤ ਹੁੰਦੀਆਂ ਜਾਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ।


ਬਹੁਤ ਸਾਰੇ ਨਸ਼ਈ ਵਿਅਕਤੀ ਜਦੋਂ ਭੰਗ ਜਾਂ ਸੁੱਖਾ ਖਾ ਲੈਂਦੇ ਹਨ ਤਾਂ ਉਹਨਾਂ ਨੂੰ ਕਈ ਵਾਰ ਆਪਣਾ ਸਰੀਰ ਹਵਾ ਵਿਚ ਉਡਦਾ ਨਜ਼ਰ ਆਉਂਦਾ ਹੈ, ਪਰ ਇਹ ਹਕੀਕਤ ਤਾਂ ਨਹੀਂ ਹੁੰਦੀ। ਇਸੇ ਤਰ੍ਹਾਂ ਦਿਮਾਗ ਵਿਚ ਕਿਸੇ ਵਿਅਕਤੀ ਨੂੰ ਆਇਆ ਪੁਨਰ ਜਨਮ ਦਾ ਖਿਆਲ ਵੀ ਹਕੀਕਤ ਨਹੀਂ ਹੋ ਸਕਦਾ। ਮਾਨਸਿਕ ਰੋਗਾਂ ਕਾਰਨ ਵੀ ਪੁੱਠੇ ਸਿੱਧੇ ਖਿਆਲ ਦਿਮਾਗ ਵਿਚ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਦਾ ਵੀ ਜ਼ਿੰਦਗੀ ਦੀਆਂ ਸੱਚਾਈਆਂ ਨਾਲ ਕੋਈ ਸਬੰਧ ਨਹੀਂ ਹੁੰਦਾ। 1984 ਵਿਚ ਬਰਨਾਲਾ ਤੋਂ ਅਸੀਂ ਤਰਕਸ਼ੀਲ ਸੁਸਾਇਟੀ ਲਈ ਕੰਮ ਕਰਨਾ ਸ਼ੁਰੂ ਕੀਤਾ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਸੀਂ 41 ਕੇਸ ਪੁਨਰ ਜਨਮ ਦੇ ਹੱਲ ਕਰ ਚੁੱਕੇ ਹਾਂ। ਹਰ ਕੇਸ ਵਿਚ ਪੁਨਰ ਜਨਮ ਦਾ ਦਾਅਵਾ ਕਰਨ ਵਾਲਿਆਂ ਦੀ ਘੋਖਵੀਂ ਜਾਂਚ ਪੜਤਾਲ ਕੀਤੀ ਗਈ ਹੈ। ਹਰ ਕੇਸ ਵਿਚ 50 ਤੋਂ ਲੈ ਕੇ 100 ਤੱਕ ਸਵਾਲ ਪੁੱਛੇ ਗਏ ਹਨ। ਇਨ੍ਹਾਂ ਵਿਚੋਂ ਦੋ ਜਾਂ ਤਿੰਨ ਫੀਸਦੀ ਸਵਾਲ ਹੀ ਠੀਕ ਹੁੰਦੇ ਹਨ। ਬਾਕੀ ਗਲਤ ਨਿਕਲ ਜਾਂਦੇ ਹਨ। ਲਗਭਗ ਹਰ ਕੇਸ ਦੇ ਪਿੱਛੇ ਅਸੀਂ ਕਾਰਨਾਂ ਨੂੰ ਵੀ ਫਰੋਲਿਆ ਹੈ। ਇਨ੍ਹਾਂ ਵਿਚੋਂ ਬਹੁਤਿਆਂ ਪਿੱਛੇ ਕਿਸੇ ਨਾ ਕਿਸੇ ਦਾ ਨਿੱਜੀ ਸੁਆਰਥ ਛੁਪਿਆ ਹੋਇਆ ਸੀ। ਇਥੇ ਮੈਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ।

ਅੰਮ੍ਰਿਤਸਰ ਜ਼ਿਲ੍ਹੇ ਦੇ ਕਿਸੇ ਸੰਤ ਦੇ ਦਿਮਾਗ ਵਿਚ ਖਿਆਲ ਆ ਗਿਆ ਕਿ ਇਕ ਅੱਠ-ਨੌਂ ਸਾਲ ਦਾ ਲੜਕਾ ਉਸਦਾ ਪਿਛਲੇ ਜਨਮ ਦਾ ਗੁਰੂ ਸੀ ਅਤੇ ਉਸ ਸੰਤ ਨੇ ਉਸ ਬੱਚੇ ਦੇ ਜਾ ਪੈਰੀਂ ਹੱਥ ਲਾਏ ਅਤੇ 1100 ਰੁਪਏ ਦਾ ਮੱਥਾ ਟੇਕ ਦਿੱਤਾ। ਬੱਸ ਫਿਰ ਕੀ ਸੀ, ਉਸਦੇ ਸ਼ਰਧਾਲੂਆਂ ਨੇ ਹੋਰ ਹਜ਼ਾਰਾਂ ਰੁਪਏ ਦੇ ਮੱਥੇ ਉਸ ਲੜਕੇ ਨੂੰ ਟੇਕ ਦਿੱਤੇ। ਸੰਤ ਨੂੰ ਚੇਲਾ ਵੀ ਮਿਲ ਗਿਆ ਅਤੇ ਨੋਟ ਵੀ ਇਕੱਠੇ ਹੋ ਗਏ।

ਜ਼ਿਲ੍ਹਾ ਸੰਗਰੂਰ ਦੇ ਹੀ ਇਕ ਪਿੰਡ ਦੀ ਇਸਤਰੀ ਦਾ ਨੌਜਵਾਨ ਪਤੀ ਸੜਕ ਹਾਦਸੇ ਵਿਚ ਮਾਰਿਆ ਗਿਆ। ਉਸਦੀ ਪਤਨੀ ਨੇ ਆਪਣੀ ਰੋਜ਼ੀ-ਰੋਟੀ ਤੋਰਨ ਲਈ ਕੁਝ ਮੱਝਾਂ ਰੱਖ ਲਈਆਂ ਅਤੇ ਦੁੱਧ ਪਾਉਣ ਲੱਗ ਪਈ। ਦੁੱਧ ਲਿਜਾਣ ਵਾਲੇ ਦੋਧੀ ਨੇ ਸਕੀਮ ਬਣਾਈ ਕਿ ਜੇ ਇਹ ਇਸਤਰੀ ਕਿਸੇ ਢੰਗ ਨਾਲ ਮੇਰੇ ਕਾਬੂ ਵਿਚ ਆ ਜਾਵੇ ਤਾਂ ਮੈਂ ਇਸਦੇ ਹਿੱਸੇ ਵਿਚ ਆਉਂਦੀ ਬਾਰਾਂ ਏਕੜ ਜ਼ਮੀਨ ਦਾ ਮਾਲਕ ਬਣ ਜਾਵਾਂਗਾ ਅਤੇ ਨਾਲ ਹੀ ਇਕ ਹੋਰ ਸੁੰਦਰ ਪਤਨੀ ਦਾ ਪਤੀ। ਉਸਨੇ ਆਪਣੇ ਅੱਠ-ਨੌਂ ਸਾਲਾ ਲੜਕੇ ਨੂੰ ਉਸ ਇਸਤਰੀ ਦੇ ਘਰ ਬਾਰੇ ਅਤੇ ਉਸਦੇ ਮਰੇ ਹੋਏ ਪਤੀ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ। ਬੱਸ ਫਿਰ ਕੀ ਸੀ, ਉਸਦਾ ਅੱਠ-ਨੌਂ ਸਾਲਾ ਲੜਕਾ ਉਸਦੇ ਘਰ ਜਾ ਕੇ ਕਹਿਣ ਲੱਗਾ ਕਿ ਮੈਂ ਪਿਛਲੇ ਜਨਮ ਵਿਚ ਤੇਰਾ ਪਤੀ ਕਰਨੈਲ ਸਿੰਘ ਸੀ ਅਤੇ ਮੋਟਰਸਾਇਕਲ ਹਾਦਸੇ ਵਿਚ ਮੇਰੀ ਮੌਤ ਹੋ ਗਈ ਸੀ। ਉਸਨੇ ਘਰ ਵਿਚ ਪਈਆਂ ਚੀਜ਼ਾਂ ਦੀ ਜਾਣਕਾਰੀ ਵੀ ਦੇ ਦਿੱਤੀ। ਕੁਝ ਹੀ ਮਹੀਨਿਆਂ ਵਿਚ ਉਸ ਮੁੰਡੇ ਦਾ ਦੋਧੀ ਬਾਪ ਨਾਲੇ ਤਾਂ ਬਾਰਾਂ ਏਕੜ ਜ਼ਮੀਨ ਦਾ ਮਾਲਕ ਬਣ ਗਿਆ ਅਤੇ ਨਾਲੇ ਇਕ ਹੋਰ ਸੁੰਦਰ ਪਤਨੀ ਦਾ ਪਤੀ।

ਅਸਲ ਵਿਚ ਪੁਨਰ-ਜਨਮ ਦਾ ਸਵਾਲ ਆਤਮਾ ਨਾਲ ਜੁੜਿਆ ਹੋਇਆ ਹੈ। ਸਰੀਰ ਵਿਚ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਹਿੰਦੁਸਤਾਨ ਦੇ ਸੈਂਕੜੇ ਹਸਪਤਾਲਾਂ ਵਿਚ ਰੋਜ਼ਾਨਾ ਹਜ਼ਾਰਾਂ ਹੀ ਅਪ੍ਰੇਸ਼ਨ ਦਿਲ, ਦਿਮਾਗ ਅਤੇ ਸਰੀਰ ਦੇ ਹੋਰ ਵੱਖ-ਵੱਖ ਅੰਗਾਂ ਦੇ ਹੁੰਦੇ ਹਨ। ਅੱਜ ਤੱਕ ਕਿਸੇ ਵੀ ਇਕ ਡਾਕਟਰ ਨੂੰ ਆਤਮਾ ਦੇ ਦਰਸ਼ਨ ਨਹੀਂ ਹੋਏ। ਫਿਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਸਰੀਰ ਕਿਵੇਂ ਕੰਮ ਕਰਦਾ ਹੈ? ਜੇ ਅਸੀਂ ਇਕ ਬਾਲਟੀ ਵਿਚ ਕੁਝ ਚੂਨਾ ਪਾ ਕੇ ਕੁਝ ਪਾਣੀ ਪਾ ਦੇਈਏ ਤਾਂ ਅਸੀਂ ਦੇਖਾਂਗੇ ਕਿ ਇਸ ਵਿਚੋਂ ਹਰਕਤ, ਗਰਮੀ ਅਤੇ ਆਵਾਜ਼ ਪੈਦਾ ਹੋਣੀ ਸ਼ੁਰੂ ਹੋ ਜਾਵੇਗੀ। ਇਸੇ ਤਰ੍ਹਾਂ ਸਰੀਰ ਵਿਚ ਗਰਮੀ ਹਰਕਤ ਆਵਾਜ਼ ਆਦਿ ਸਰੀਰ ਦੇ ਅੰਦਰੂਨੀ ਰਸਾਇਣਿਕ ਪਦਾਰਥਾਂ ਵਿਚ ਰਸਾਇਣਿਕ ਕਿਰਿਆਵਾਂ ਕਰਕੇ ਪੈਦਾ ਹੁੰਦੀਆਂ ਹਨ। ਇਹ ਤਾਂ ਸਿਰਫ਼ ਇਕ ਉਦਾਹਰਣ ਹੈ। ਮਨੁੱਖੀ ਸਰੀਰ ਦਾ ਅਮੀਬੇ ਤੋਂ ਲੈ ਕੇ ਮਨੁੱਖ ਬਣਨ ਤੱਕ ਦਾ ਤਿੰਨ ਸੌ ਕਰੋੜ ਵਰ੍ਹਿਆਂ ਦਾ ਸਫ਼ਰ ਮਨੁੱਖ ਜਾਤੀ ਦੁਆਰਾ ਕੀਤੇ ਗਏ ਲੰਬੇ ਸੰਘਰਸ਼ਾਂ ਦਾ ਸਿੱਟਾ ਹੈ, ਜਿਸ ਨੂੰ ਇਸ ਨੇ ਤਰਤੀਬ ਦੇਣਾ ਸਿੱਖ ਲਿਆ ਹੈ। ਜਿਵੇਂ ਰੇਡੀਓ ਜਾਂ ਟੈਲੀਵਿਜ਼ਨ ਵਿਚ ਬਹੁਤ

(ਬਾਕੀ ਸਫਾ 25 ਤੇ)



# ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

**ਕੀ ਫੂਲਕਾ ਕਾਮਯਾਬ ਹੋ ਸਕੇਗਾ**

ਆਮ ਆਦਮੀ ਪਾਰਟੀ ਦਾ ਸੰਭਾਵੀ ਮੁੱਖ ਮੰਤਰੀ ਫੂਲਕਾ ਇਕ ਵਧੀਆ ਵਕੀਲ ਤਾਂ ਹੋ ਸਕਦਾ ਹੈ, ਪਰ ਸਿਆਸਤ ਇਹਨਾਂ ਸਫਲ ਵਕੀਲਾਂ ਨੂੰ ਨਾਕਾਮਯਾਬ ਬਣਾਉਂਦੀ ਮੈਂ ਆਪਣੇ ਅੱਖੀਂ ਆਪ ਵੇਖੀ ਹੈ। ਸੁਪਰੀਮ ਕੋਰਟ ਦਾ ਮਹਿੰਗਾ ਵਕੀਲ ਕਪਿਲ ਸਿੱਬਲ ਲੋਕ ਸਭਾ ਦੀ ਚੋਣ ਹਾਰ ਕੇ ਅੱਜਕਲ੍ਹ ਕਾਂਗਰਸ ਦਾ ਬੁਲਾਰਾ ਬਣ ਕੇ ਡੰਗ ਟਪਾ ਰਿਹਾ ਹੈ। ਪੀ. ਚਿੰਦਬਰਮ ਆਪਣੇ ਗ੍ਰਹਿ ਸੂਬੇ ਤਾਮਿਲਨਾਡੂ ਪਰਤ ਚੁੱਕਾ ਹੈ। ਸਲਮਾਨ ਖੁਰਸ਼ੀਦ ਉਤਰ ਪ੍ਰਦੇਸ਼ 'ਚੋਂ ਆਪਣੀ ਘਰਵਾਲੀ ਨੂੰ ਕਾਂਗਰਸ ਦੀ ਟਿਕਟ ਤੋਂ ਐਮ. ਐਲ. ਏ. ਦੀ ਸੀਟ ਤੱਕ ਵੀ ਨਹੀਂ ਸੀ ਜਿਤਾ ਸਕਿਆ। ਮਨੀਸ਼ ਤਿਵਾੜੀ ਪ੍ਰਸਿੱਧ ਵਕੀਲ ਹੋਣ ਦੇ ਬਾਵਜੂਦ ਅਸਫਲ ਹੋ ਕੇ ਘਰ ਹੀ ਬੈਠਾ ਸੀ। ਹੁਣ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੱਦੇਨਜ਼ਰ ਵੇਖਦਿਆਂ ਤਿਵਾੜੀ ਨੂੰ ਕਾਂਗਰਸ ਦੇ ਬੁਲਾਰਿਆਂ ਦੀ ਲਿਸਟ 'ਚ ਸ਼ਾਮਲ ਜ਼ਰੂਰ ਕਰ ਲਿਆ ਹੈ। ਜਲੰਧਰ ਲੋਕ ਸਭਾ ਤੋਂ ਔਖਾ ਸੌਖਾ ਸੰਤੋਖ ਚੌਧਰੀ ਜਿੱਤ ਤਾਂ ਜ਼ਰੂਰ ਗਿਆ, ਪਰ ਉਹਦੀ ਵਿਰਾਸਤ ਤੇ ਕੈਪਟਨ ਦੇ ਬਿਆਨਾਂ ਨੇ ਤਲਵਾਰ ਜ਼ਰੂਰ ਲਟਕਾ ਦਿੱਤੀ ਹੈ। ਅਰੁਣ ਜੇਤਲੀ ਦਾ ਸ੍ਰੀ ਅੰਮ੍ਰਿਤਸਰ ਤੋਂ ਕੀ ਹਾਲ ਹੋਇਆ, ਇਹ ਸਾਰਾ ਜੱਗ ਜਾਣਦਾ ਹੈ। ਇਕ ਸੁਪਰੀਮ ਕੋਰਟ ਦੇ ਵਕੀਲ ਨੇ ਮੇਰੇ ਨਾਲ ਗੱਲਬਾਤ ਕਰਦਿਆਂ ਕਿੰਨੀ ਸਟੀਕ ਟਿੱਪਣੀ ਕੀਤੀ ਹੈ, ਕਿ ਅਗਰ ਸਾਨੂੰ ਕੋਈ ਆਪਣਾ ਕੰਮ ਕਰਵਾਉਣ ਬਦਲੇ ਰਿਸ਼ਵਤ ਦੇਵੇਗਾ ਤਾਂ ਅਸੀਂ ਉਸਨੂੰ ਰਿਸ਼ਵਤ ਨਹੀਂ ਮੰਨਾਂਗੇ, ਆਪਣੀ ਫੀਸ ਹੀ ਮੰਨਾਂਗੇ। ਦੂਸਰਾ ਅਸੀਂ ਹਰ ਸਿਆਸੀ ਘਟਨਾਕ੍ਰਮ ਨੂੰ ਲੋਕਤੰਤਰੀ ਅੱਖ ਤੋਂ ਘੱਟ, ਕਾਨੂੰਨੀ ਅੱਖ ਤੋਂ ਵੱਧ ਦੇਖਾਂਗੇ।

**ਤੇ 25 ਲੱਖ ਦੇ ਕੇ ਹੀ ਖਹਿੜਾ ਛੁਡਾਉਣਾ ਪਿਆ**

ਪਿੱਛੇ ਜਿਹੇ ਜਲੰਧਰ ਦੀ ਇਕ ਮਸ਼ਹੂਰ ਸੰਗੀਤ ਕੰਪਨੀ ਦੇ ਮਾਲਕ ਦਾ ਪੰਗਾ ਇੰਗਲੈਂਡ ਦੇ ਇਕ ਗਾਇਕ ਨਾਲ ਪੈ ਗਿਆ ਸੀ। ਗਾਇਕ ਨੇ ਕੰਪਨੀ ਦੇ ਮਾਲਕ ਤੋਂ 35 ਲੱਖ ਰੁਪਏ ਲੈਣ ਦੀ ਸ਼ਿਕਾਇਤ ਜਲੰਧਰ ਪੁਲਿਸ ਨੂੰ ਕੀਤੀ ਸੀ। ਪਰ ਕੰਪਨੀ ਦੇ ਮਾਲਕ ਦੀ ਸੋਚ ਸੀ ਕਿ 35 ਲੱਖ ਕਾਹਦਾ, ਅਸੀਂ ਤਾਂ ਗਾਇਕ ਨੂੰ ਐਨਾ ਉਲਝਾਵਾਂਗੇ ਕਿ ਮੁੜਕੇ ਇੰਗਲੈਂਡ ਜਾਣ ਜੋਗਾ ਵੀ ਨਹੀਂ ਛੱਡਾਂਗੇ। ਪਰ ਹੋਇਆ ਉਲਟ, ਗਾਇਕ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਨੂੰ ਜਾ ਮਿਲਿਆ। ਰਾਣੀਕੇ ਨੇ ਸੁਖਬੀਰ ਬਾਦਲ ਨੂੰ ਘੰਟੀ ਖੜਕਾਈ ਤੇ ਸੁਖਬੀਰ ਨੇ ਕੀਤਾ ਜਲੰਧਰ ਦੇ ਕਮਿਸ਼ਨਰ ਨੂੰ ਫੋਨ। ਕਮਿਸ਼ਨਰ ਨੇ ਉਸੇ ਵੇਲੇ ਸੀ. ਆਈ. ਏ. ਨੂੰ ਕੰਪਨੀ ਦੇ ਮਾਲਕ ਵਿਰੁੱਧ ਪਰਚਾ ਦਰਜ ਕਰਨ ਦੇ ਦਿੱਤੇ ਆਦੇਸ਼। ਪੁਲਿਸ ਨੇ ਪਰਚੇ 'ਚ ਧਾਰਾਵਾਂ ਹੀ ਐਨੀਆਂ ਸੰਗੀਨ ਲਾਈਆਂ ਕਿ ਕੰਪਨੀ ਦੇ ਮਾਲਕ ਨੇ ਤਿੰਨ ਮਹੀਨੇ ਘਰੋਂ ਬਾਹਰ ਰਹਿ ਕੇ ਗੁਜ਼ਾਰੇ। ਤੇ ਆਖਿਰ ਫਗਵਾੜੇ ਦੇ ਇਕ ਰਿਕਾਰਡਿਸਟ ਨੇ ਵਿਚ-ਵਿਚਾਲੇ ਪੈ ਕੇ 25 ਲੱਖ ਦਾ ਸਮਝੌਤਾ ਕਰਵਾਇਆ। ਨਤੀਜਾ ਇਹੀ ਹੈ ਕਿ ਕਈ ਵਾਰ ਸ਼ੇਰਾਂ ਨੂੰ ਸਵਾ ਸ਼ੇਰ ਵੀ ਟੱਕਰ ਪੈਂਦਾ ਹੈ।

**ਕੇ. ਐਸ. ਮੱਖਣ ਹੁਣ ਕਿਸ ਪਾਰਟੀ 'ਚ ਜਾਵੇਗਾ**

ਬਸਪਾ ਦੀ ਟਿਕਟ ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਲੜਨ ਵਾਲਾ ਗਾਇਕ ਕੇ. ਐਸ. ਮੱਖਣ ਨਵੀਂ ਰਣਨੀਤੀ ਮੁਤਾਬਕ ਕਿਹੜੀ ਪਾਰਟੀ 'ਚ ਜਾਵੇਗਾ, ਇਹ ਹਾਲੇ ਗੁੰਝਲਦਾਰ ਸਵਾਲ ਹੈ। ਅਕਾਲੀ ਦਲ 'ਚ ਜਾਣ ਦੀ ਉਹ ਸੋਚ ਵੀ ਨਹੀਂ ਸਕਦਾ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਪੂਰੇ ਪੰਜਾਬ 'ਚ ਹਵਾ ਅਕਾਲੀ ਸਰਕਾਰ ਦੇ ਖਿਲਾਫ ਚੱਲ ਰਹੀ ਹੈ। ਮੱਖਣ ਦੇ ਕਾਂਗਰਸ ਵਿਚ ਜਾਣ ਦੇ ਵੀ ਕੋਈ ਬਹੁਤੇ ਕਾਰਨ ਨਜ਼ਰ ਨਹੀਂ ਆਉਂਦੇ। ਹਾਂ ਆਮ ਆਦਮੀ ਪਾਰਟੀ 'ਚ ਉਹ ਜ਼ਰੂਰ ਜਾ ਸਕਦਾ ਹੈ, ਕਿਉਂਕਿ ਹਾਲ ਦੀ ਘੜੀ ਭਗਵੰਤ ਮਾਨ ਤੇ ਜੱਸੀ ਜਸਰਾਜ ਤੋਂ ਬਿਨਾਂ ਕੋਈ ਹੋਰ ਟੌਪ ਦਾ ਸੰਗੀਤਕ ਚਿਹਰਾ 'ਆਪ' ਵਿਚ ਨਹੀਂ ਹੈ। ਪਰ ਮੱਖਣ ਦੇ ਉਸ ਕਹੇ ਹੋਏ ਕਥਨ ਦਾ ਕੀ ਬਣੇਗਾ ਕਿ ਮੈਂ ਸਾਰੇ ਕੇਸਾਂ 'ਚੋਂ ਬਰੀ ਹੋ ਗਿਆ ਹਾਂ, ਬਸਪਾ ਮੈਨੂੰ ਬਹੁਤ ਲੱਕੀ ਬੈਠੀ ਹੈ।

**ਰਾਹੁਲ, ਸੋਨੀਆ ਤੇ ਮੋਦੀ ਨੂੰ ਬਨਾਰਸ ਲਈ ਸੱਦਾ ਪੱਤਰ ਕਿਉਂ!**

ਸੇਠ ਸੱਤਪਾਲ ਮੱਲ ਨੇ ਐਤਕੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਨ ਤੇ ਰਾਹੁਲ ਤੇ ਸੋਨੀਆ ਗਾਂਧੀ ਨੂੰ ਮਿਲ ਕੇ ਬਨਾਰਸ ਆਉਣ ਦਾ ਸੱਦਾ ਦਿੱਤਾ ਹੈ। ਤੇ ਭਾਜਪਾ ਦੇ ਕੇਂਦਰੀ ਰਾਜ ਮੰਤਰੀ ਵਿਜੇ ਕੁਮਾਰ ਸਾਂਪਲਾ ਵੀ ਪਿੱਛੇ ਨਹੀਂ ਰਹੇ, ਉਹਨਾਂ ਨੇ ਵੀ ਮੋਦੀ ਨੂੰ ਐਤਕੀ ਬਨਾਰਸ ਆਉਣ ਦਾ ਸੱਦਾ ਦੇ ਦਿੱਤਾ ਹੈ। ਮੋਦੀ ਤਾਂ ਪ੍ਰਤੀਨਿਧਤਾ ਕਰਦੇ ਹੀ ਬਨਾਰਸ ਦੀ ਹਨ, ਉਹਨਾਂ ਨੂੰ ਤਾਂ ਹੁਣ ਤੱਕ ਸੱਦੇ ਬਗੈਰ ਹੀ ਕਈ ਵਾਰ ਜਾ ਆਉਣਾ ਚਾਹੀਦਾ ਸੀ। ਰਹੀ ਗੱਲ ਰਾਹੁਲ ਤੇ ਸੋਨੀਆ ਦੀ, ਉਹ ਉਤਰ ਪ੍ਰਦੇਸ਼ ਸਿਰਫ ਆਪਣੇ ਹਲਕੇ ਬਚਾਉਣ ਤੱਕ ਹੀ ਸੀਮਤ ਹਨ। ਕਿਉਂਕਿ ਉਤਰ ਪ੍ਰਦੇਸ਼ ਦੀ ਸਿਆਸੀ ਜ਼ਮੀਨ ਕਾਂਗਰਸ ਲਈ ਬੰਜਰ ਬਣ ਚੁੱਕੀ ਹੈ, ਇਸ ਕਰਕੇ ਉਹ ਬਨਾਰਸ ਹਰ ਸਾਲ ਮੀਰਾ ਕੁਮਾਰੀ ਨੂੰ ਭੇਜ ਕੇ ਹੀ ਆਪਣੀ ਹਾਜ਼ਰੀ ਲਵਾ ਲੈਂਦੇ ਹਨ। ਰਹੀ ਗੱਲ ਇਹਨਾਂ ਨੂੰ ਸੱਦਾ ਪੱਤਰ ਦੇਣ ਦੀ। ਇਹ ਸਿਰਫ ਸਾਰਾ ਤਮਾਸ਼ਾ ਪੰਜਾਬ ਤੇ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਨੂੰ ਭਾਂਪਦਿਆਂ ਹੀ ਹੋ ਰਿਹਾ ਹੈ। ਲੱਖ ਟਕੇ ਦਾ ਸਵਾਲ ਇਹ ਹੈ ਕਿ ਜਿੱਥੇ ਗੱਲ ਆਸਥਾ ਦੀ ਹੋਵੇ, ਉਥੇ ਸਿਆਸਤ ਦਾ ਕੀ ਕੰਮ। ਕੀ ਰਾਹੁਲ, ਸੋਨੀਆ ਤੇ ਮੋਦੀ ਦੇ ਬਨਾਰਸ ਜਾਣ ਨਾਲ ਰਵਿਦਾਸੀਆ ਕੌਮ ਇਹਨਾਂ ਦੀ ਸਿਆਸੀ ਆਸਥਾ ਵਿਚ ਵਹਿ ਜਾਵੇਗੀ, ਕਦੇ ਵੀ ਨਹੀਂ ਹੋ ਸਕਦਾ।

**ਰੈਲੀ ਤੇ ਆਵੇਗਾ 70 ਲੱਖ ਦਾ ਖਰਚਾ**

ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ (ਬਾਕੀ ਸਫਾ 25 ਤੇ)

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਹਮੇਸ਼ਾ ਬਾਬੂ ਕਾਂਸ਼ੀ ਰਾਮ ਦੇ ਮਿਸ਼ਨ ਤੇ ਹੀ ਪਹਿਰਾ ਦਿੰਦਾ ਰਹੇਗਾ

## ਕੇਜਰੀਵਾਲ ਹੋਰਨਾਂ ਆਗੂਆਂ ਵਾਂਗ ਹੀ ਬਾਬੂ ਕਾਂਸ਼ੀ ਰਾਮ ਦੇ ਜਨਮ ਸਥਾਨ ਤੇ ਆਏ- ਸਵਰਨ ਕੌਰ ਭੈਣ ਬਾਬੂ ਕਾਂਸ਼ੀ ਰਾਮ

**ਕੀਰਤਪੁਰ ਸਾਹਿਬ–** ਅਕਾਲੀ–ਭਾਜਪਾ ਗੱਠਜੋੜ ਸਰਕਾਰ ਪੰਜਾਬ ਦੇ ਦਲਿਤਾਂ ਉਤੇ ਅਤਿਆਚਾਰ ਕਰ ਰਹੀ ਹੈ। ਅਬੋਹਰ ਵਿੱਚ ਇੱਕ ਦਲਿਤ ਨੌਜਵਾਨ ਦਾ ਕਤਲ ਇਸ ਦੀ ਸਪੱਸ਼ਟ ਮਿਸਾਲ ਹੈ। ਇਹ ਗੱਲ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਥੋਂ ਨੇੜਲੇ ਪਿੰਡ ਪ੍ਰਿਥੀਪੁਰ ਬੂੰਗਾ ਸਾਹਿਬ ਵਿਖੇ ਮਰਹੂਮ ਦਲਿਤ ਆਗੂ ਬਾਬੂ ਕਾਂਸ਼ੀ ਰਾਮ ਦੇ 82ਵੇਂ ਜਨਮ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕਰਨ ਬਾਅਦ ਕਹੀ। ਉਨ੍ਹਾਂ ਕਿਹਾ ਕਿ ਅਬੋਹਰ ਕਾਂਡ ਵਿੱਚ ਦਲਿਤ ਨੌਜਵਾਨ ਭੀਮ ਦਾ ਸਿਰਫ਼ ਇਹੀ ਕਸੂਰ ਸੀ ਕਿ ਉਸ ਨੇ ਅਕਾਲੀ ਆਗੂ ਦੀ ਨੌਕਰੀ ਛੱਡ ਕੇ ਆਪਣਾ ਕੰਮ ਸ਼ੁਰੂ ਕਰ ਲਿਆ ਸੀ। ਲੁਧਿਆਣਾ ਵਿੱਚ ਦੋ ਦਲਿਤ ਨੌਜਵਾਨਾਂ ਦੀ ਹੱਤਿਆ ਦੇ ਮਾਮਲੇ ਨੂੰ ਵੀ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਉਤੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਤਕ ਜਿਊਂਦੇ ਹਾਂ ਉਦੋਂ ਤੱਕ ਆਰ ਐਸ ਐਸ ਦਾ ਰਾਖਵਾਂਕਰਨ ਬੰਦ ਕਰਨ ਦਾ ਸੁਪਨਾ ਪੂਰਾ ਨਹੀਂ ਹੋਣ ਦਿਆਂਗੇ। ਉਨ੍ਹਾਂ ਮੰਗ ਕੀਤੀ ਕਿ ਬਾਬੂ ਕਾਂਸ਼ੀ ਰਾਮ ਨੂੰ ਦਲਿਤ ਭਲਾਈ ਵਾਲੇ ਕਾਰਜਾਂ ਬਦਲੇ 'ਭਾਰਤ ਰਤਨ' ਪੁਰਸਕਾਰ ਮਿਲਣਾ ਚਾਹੀਦਾ ਹੈ। ਉਨ੍ਹਾਂ ਮੰਚ 'ਤੇ ਖੜ੍ਹੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਕਿਹਾ ਕਿ ਉਹ ਸੰਸਦ ਵਿੱਚ ਇਸ ਬਾਰੇ ਆਵਾਜ਼ ਉਠਾਉਣ ਅਤੇ ਉਹ ਬਾਹਰ ਆਵਾਜ਼ ਬੁਲੰਦ ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਅਕਾਲੀ–ਭਾਜਪਾ ਤੇ ਕਾਂਗਰਸ ਰਾਜਨੀਤੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਕਹਿੰਦੇ ਸਨ ਕਿ ਐਨਡੀਏ ਦੇ ਸੱਤਾ ਵਿੱਚ ਆਉਣ 'ਤੇ ਕੇਂਦਰ ਤੋਂ ਨੋਟਾਂ ਦੇ ਟਰੱਕ ਲਿਆਂਦੇ ਜਾਣਗੇ ਪਰ ਪਠਾਨਕੋਟ ਅਤਿਵਾਦੀ ਹਮਲੇ ਦੇ ਟਾਕਰੇ ਲਈ ਭੇਜੇ ਸੁਰੱਖਿਆ ਬਲਾਂ ਬਦਲੇ ਕੇਂਦਰ ਨੇ ਪੰਜਾਬ ਨੂੰ 6 ਕਰੋੜ 35 ਲੱਖ ਰੁਪਏ ਦੇ ਬਿੱਲ ਭੇਜ ਦਿੱਤੇ ਹਨ। ਇਸ ਮੌਕੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਸੁਖਪਾਲ ਸਿੰਘ ਖਹਿਰਾ, ਜੱਸੀ ਜਸਰਾਜ, ਦੁਰਗੇਸ਼ ਪਾਠਕ, ਸਵਰਨ ਕੌਰ (ਭੈਣ ਬਾਬੂ ਕਾਂਸ਼ੀ ਰਾਮ), ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਹਾਜ਼ਰ ਸਨ।



ਕੇਜਰੀਵਾਲ ਤੋਂ ਪਹਿਲਾਂ ਹੀ ਰਾਣਾ ਕੇਪੀ ਕਰ ਗਿਆ ਕਾਂਸ਼ੀ ਰਾਮ ਦੇ ਪਰਿਵਾਰ ਨਾਲ ਬੈਠਕ: ਕੇਜਰੀਵਾਲ ਦੀ ਫੇਰੀ ਦੇ ਮੱਦੇਨਜ਼ਰ ਅੱਜ ਚਰਚਾ ਸੀ ਕਿ ਕਾਂਸ਼ੀ ਰਾਮ ਦਾ ਪਰਿਵਾਰ 'ਆਪ' ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਸਕਦਾ ਹੈ। ਪਰ 'ਆਪ' ਤੇ ਕੇਜਰੀਵਾਲ ਦੀਆਂ ਆਸਾਂ 'ਤੇ ਉਸ ਵੇਲੇ ਪਾਣੀ ਫਿਰ ਗਿਆ ਜਦੋਂ ਕੇਜਰੀਵਾਲ ਦੀ ਫੇਰੀ ਤੋਂ ਠੀਕ ਇੱਕ ਘੰਟਾ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਬੂੰਗਾ ਸਾਹਿਬ ਵਿਖੇ ਲਿਜਾਣ ਵਾਲੇ ਸਾਬਕਾ ਕਾਂਗਰਸੀ ਵਿਧਾਇਕ ਰਾਣਾ ਕੇਪੀ ਸਿੰਘ ਨੇ ਬਾਬੂ ਕਾਂਸ਼ੀ ਰਾਮ ਦੀ ਭੈਣ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਤਕਰੀਬਨ ਅੱਧਾ ਘੰਟਾ ਗੁਪਤ ਬੈਠਕ ਕੀਤੀ। ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਨੇ ਸਪੱਸ਼ਟ ਕੀਤਾ ਕਿ ਜਿਸ ਤਰ੍ਹਾਂ ਬਾਕੀ ਪਾਰਟੀਆਂ ਦੇ ਆਗੂ ਆਏ ਹਨ ਉਸੇ ਤਰ੍ਹਾਂ ਕੇਜਰੀਵਾਲ ਆਏ ਹਨ। ਪਰ ਸਾਡਾ ਕਿਸੇ ਵੀ ਰਾਜਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।

ਅਰਵਿੰਦ ਕੇਜਰੀਵਾਲ ਨੇ ਪੰਜਾਬ ਪੁਲੀਸ ਦੇ ਸੁਰੱਖਿਆ ਘੇਰੇ 'ਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮੱਥਾ ਟੇਕਿਆ। ਦੁਪਹਿਰ ਡੇਢ ਕੁ ਵਜੇ ਸੁੱਚਾ ਸਿੰਘ ਛੋਟੇਪੁਰ ਤੇ ਸੰਜੈ ਸਿੰਘ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਪਹੁੰਚੇ ਸ੍ਰੀ ਕੇਜਰੀਵਾਲ ਜਿਵੇਂ ਹੀ ਇਨੋਵਾ ਗੱਡੀ ਚੋਂ' ਬਾਹਰ ਨਿਕਲੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਘੇਰੇ 'ਚ ਲੈ ਲਿਆ। ਮੀਡੀਆ 'ਆਪ' ਆਗੂ ਨਾਲ ਗੱਲ ਕਰਨ ਲਈ ਗੁਰਦੁਆਰੇ ਬਾਹਰ ਖੜ੍ਹਾ ਰਿਹਾ। ਮੀਡੀਆ, 'ਆਪ' ਵਰਕਰਾਂ ਅਤੇ ਆਮ ਲੋਕਾਂ ਦੀ ਉਸ ਸਮੇਂ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਪੁਲੀਸ ਨੇ ਸ੍ਰੀ ਕੇਜਰੀਵਾਲ ਨੂੰ ਗੱਡੀ 'ਚ ਬਿਠਾ ਦਿੱਤਾ। ਜ਼ਿਲ੍ਹਾ ਪੁਲੀਸ ਦਾ ਇਕ ਅਧਿਕਾਰੀ ਕਥਿਤ ਤੌਰ 'ਤੇ ਅਸਲੇ ਸਮੇਤ ਤਖ਼ਤ ਸ੍ਰੀ ਕੇਸਗੜ੍ਹ ਅੰਦਰ ਪਹੁੰਚ ਗਿਆ ਅਤੇ ਸ੍ਰੀ ਕੇਜਰੀਵਾਲ ਦੇ ਮੱਥਾ ਟੇਕਣ ਵੇਲੇ ਵੀ ਨਾਲ ਹੀ ਰਿਹਾ।

# ਪੰਜਾਬੀ ਸੱਥ ਉੜਾਪੜ੍ਹ ਵੱਲੋਂ ਮਨਾਇਆ ਗਿਆ ਆਪਣਾ ਸਥਾਪਨਾ ਦਿਵਸ

ਪ੍ਰਸਿੱਧ ਨਾਟਕਕਾਰ ਡਾ. ਹਰਚਰਨ ਸਿੰਘ ਤੇ ਉਹਨਾਂ ਦੀ ਪਤਨੀ ਸ੍ਰੀਮਤੀ ਧਰਮ ਕੌਰ ਨੂੰ ਸਮਰਪਿਤ ਡਾ. ਕੁਲਵੰਤ ਕੌਰ ਪਟਿਆਲਾ ਪ੍ਰਧਾਨ ਮਾਈ ਭਾਗੋ ਬ੍ਰਿਗੇਡ ਅਤੇ ਪੰਜਾਬੀ ਸੱਥ ਲਾਂਬੜਾਂ ਦੀ ਟੀਮ ਦੇ ਵਿਸ਼ੇਸ਼ ਯਤਨਾਂ ਨਾਲ ਉਹਨਾਂ ਦੇ ਜੱਦੀ ਪਿੰਡ ਵਿਚ ਸਥਾਪਤ ਡਾ. ਹਰਚਰਨ ਸਿੰਘ ਪੰਜਾਬੀ ਸੱਥ ਉੜਾਪੜ ਵੱਲੋਂ ਆਪਣੀ ਪਹਿਲੀ ਵਰ੍ਹੇਗੰਢ ਤੇ ਗੁਰੂ ਨਾਨਕ ਕਾਲਜ (ਲੜਕੀਆਂ) ਉੜਾਪੜ ਵਿਖੇ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਕੁਲਵੰਤ ਕੌਰ, ਡਾ. ਨਿਰਮਲ ਸਿੰਘ ਲਾਂਬੜਾ, ਮੋਤਾ ਸਿੰਘ ਸਰਾਏ, ਇੰਦਰਜੀਤ ਸਿੰਘ 'ਸਾਡਾ ਪੰਜਾਬ', ਮਹਿੰਦਰ ਸਿੰਘ ਦੁਸਾਂਝ, ਦਲਜੀਤ ਸਿੰਘ ਐਡਵੋਕੇਟ, ਜਸਵੀਰ ਸਿੰਘ ਟਾਂਕ ਪ੍ਰਧਾਨ ਸ਼ਾਮਲ ਹੋਏ।

ਸਮਾਗਮ ਵਿਚ ਸੱਥ ਵੱਲੋਂ ਸੋਵੀਨਰ 'ਦੇਖਿਉ ਪੰਜਾਬੀਓ! ਪੰਜਾਬੀ ਭੁੱਲ ਜਾਇਓ ਨਾ!' ਮਹਿਮਾਨਾਂ ਵੱਲੋਂ ਰਿਲੀਜ਼ ਕੀਤਾ ਗਿਆ ਅਤੇ ਦੋ ਪੰਜਾਬੀ ਸ਼ਾਇਰਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸ੍ਰੀ ਸਵਰਨ ਸਿੰਘ ਪ੍ਰਵਾਨ ਜੀ ਜਿਨ੍ਹਾਂ ਨੇ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ ਅਤੇ ਸ੍ਰੀ ਸਤਪਾਲ ਸਾਹਲੋਂ ਜਿਹਨਾਂ ਨੇ ਆਪਣੀ ਲਿਖਤਾਂ ਅਤੇ ਮਾਸਿਕ ਅਦਬੀ ਮਹਿਕ ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਹਨ, ਨੂੰ ਮੋਮੈਂਟੋ, ਦਸਤਾਰਾਂ ਤੇ ਮਾਇਆ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਸ਼ਹੀਦ ਗੰਜ ਕਮੇਟੀ ਵੱਲੋਂ ਵੀ ਇਹਨਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨ ਕੀਤਾ ਗਿਆ।



ਉਘੇ ਲੇਖਕ ਅਤੇ ਮਾਸਿਕ 'ਅਦਬੀ ਮਹਿਕ' ਦੇ ਸੰਪਾਦਕ ਸੱਤਪਾਲ ਸਾਹਲੋਂ ਦਾ ਸਨਮਾਨ ਕਰਦੇ ਹੋਏ।

ਇਸ ਮੌਕੇ ਤੇ ਕਾਲਜ ਦੀਆਂ ਵਿਦਿਆਰਥਣਾਂ ਨੇ ਜਿੱਥੇ ਸਮਾਜ ਸੁਧਾਰਕ ਰਚਨਾਵਾਂ ਪੇਸ਼ ਕੀਤੀਆਂ, ਉਥੇ ਡਾ. ਹਰਚਰਨ ਸਿੰਘ ਰਚਿਤ ਨਾਟਕ 'ਮਨ ਦੀਆਂ ਮਨ ਵਿਚ' ਦਾ ਸਫਲ ਮੰਚਨ ਵੀ ਕੀਤਾ।

ਇਸ ਮੌਕੇ ਤੇ ਬੁਲਾਰਿਆਂ ਨੇ ਜਿੱਥੇ ਪੰਜਾਬੀ ਸੱਥਾਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਚਾਨਣਾ ਪਾਇਆ, ਉਥੇ ਸਭਨਾਂ ਨੂੰ ਪੰਜਾਬੀ ਅਤੇ ਪੰਜਾਬੀ ਸਭਿਆਚਾਰਕ ਵਿਰਸੇ ਨਾਲ ਜੁੜੇ ਰਹਿਣ ਦੀ ਵੀ ਪ੍ਰੇਰਨਾ ਦਿੱਤੀ। ਮੁੱਖ ਸੇਵਾਦਾਰ ਡਾ. ਕੁਲਵੰਤ ਕੌਰ ਨੇ ਸਭਨਾਂ ਦਾ ਧੰਨਵਾਦ ਕਰਦੇ ਹੋਏ ਸਭ ਨੂੰ ਆਪਣੇ ਸਭਿਆਚਾਰਕ ਪੰਜਾਬੀ ਵਿਰਸੇ ਨੂੰ ਪੱਛਮੀ ਸਭਿਆਚਾਰ ਦੇ ਪ੍ਰਭਾਵ ਤੋਂ ਮੁਕਤ ਰੱਖਣ ਦੀ ਪ੍ਰੇਰਨਾ ਵੀ ਦਿੱਤੀ।

ਇਸ ਮੌਕੇ ਤੇ ਪ੍ਰਿੰਸੀਪਲ ਪਰਮਜੀਤ ਕੌਰ ਧਾਲੀਵਾਲ, ਕਮਲਾ ਸੱਲਣ ਸੰਪਾਦਕ ਅਦਬੀ ਮਹਿਕ, ਬਲਦੇਵ ਸਿੰਘ ਢੀਂਡਸਾ, ਕੁਲਵਿੰਦਰ ਸਿੰਘ ਸਰਾਏ, ਮਹਿੰਗਾ ਸਿੰਘ, ਸੁਜਾਨ ਸਿੰਘ, ਅਵਤਾਰ ਸਿੰਘ, ਪ੍ਰੋ. ਪਰਮਜੀਤ ਕੌਰ ਗਿਰਨ, ਪਰਮਜੀਤ ਕੌਰ ਗਰਚਾ, ਅੰਜਨਾ ਕੈਰੋਂ, ਜਸਵੀਰ ਕੌਰ, ਮਨਜੀਤ ਕੌਰ ਅਤੇ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸਨ।

**ਰਿਪੋਰਟ– ਸੱਤਪਾਲ ਸਾਹਲੋਂ**

# ਗ੍ਰਿਹ ਮੰਤਰੀ ਦੀ ਮੌਜੂਦਗੀ ਵਿਚ ਸ੍ਰੀ ਸ੍ਰੀ ਦੇ ਮੰਚ ਤੋਂ ਗੂੰਜਿਆ ਪਾਕਿਸਤਾਨ ਜ਼ਿੰਦਾਬਾਦ

**ਨਵੀਂ ਦਿੱਲੀ–** ਦਿੱਲੀ ਦੇ ਯਮੁਨਾ ਦੇ ਕਿਨਾਰੇ ਵਿਸ਼ਵ ਪ੍ਰਸਿੱਧ ਅਧਿਆਤਮਕ ਧਰਮ ਗੁਰੂ ਸ੍ਰੀ ਸ੍ਰੀ ਰਵਿਸ਼ੰਕਰ ਦਾ ਵਿਸ਼ਵ ਸਭਿਆਚਾਰਕ ਉਤਸਵ ਆਪਣੀ ਸੁੰਦਰਤਾ ਅਤੇ ਸੰਸਕ੍ਰਿਤਕ ਸੰਗਮ ਦੇ ਸੰਦੇਸ਼ਾਂ ਦੇ ਲਈ ਤਾਂ ਯਾਦ ਕੀਤਾ ਹੀ ਜਾਵੇਗਾ, ਪਰ ਇਸ ਪ੍ਰੋਗਰਾਮ ਦੇ ਦੂਜੇ ਦਿਨ ਬਿਲਕੁਲ ਅਲੱਗ ਥਲੱਗ ਨਜ਼ਾਰਾ ਦੇਖਣ ਨੂੰ ਮਿਲਿਆ, ਜਿਸਦੀਆਂ ਮਿਸਾਲਾਂ ਮਿਲਣਾ ਮੁਸ਼ਕਿਲ ਹਨ। ਮੰਚ ਤੇ ਗ੍ਰਿਹ ਮੰਤਰੀ ਰਾਜਨਾਥ ਸਿੰਘ ਮੌਜੂਦ ਸਨ। ਸ੍ਰੀ ਸ੍ਰੀ ਰਵਿਸ਼ੰਕਰ ਵੀ ਮੌਜੂਦ ਸਨ। ਉਦੋਂ ਹੀ ਮੰਚ ਤੋਂ ਜੈ ਹਿੰਦ ਅਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲੱਗੇ।

# ਪੰਜਾਬ ਮੰਤਰੀ ਮੰਡਲ ਵੱਲੋਂ ਹਰਿਆਣਾ ਦਾ ਪੈਸਾ ਵਾਪਸ ਦੇਣ ਦਾ ਫ਼ੈਸਲਾ

ਚੰਡੀਗੜ੍ਹ– ਪੰਜਾਬ ਸਰਕਾਰ ਨੇ ਐਸਵਾਈਐਲ ਦੇ ਨਿਰਮਾਣ 'ਤੇ ਹਰਿਆਣਾ ਵੱਲੋਂ ਕੀਤੇ ਗਏ ਖਰਚ ਦੇ ਪੈਸੇ ਵਾਪਸ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵੱਲੋਂ 300 ਕਰੋੜ ਰੁਪਏ ਦਾ ਚੈਕ ਭਲਕੇ ਹਰਿਆਣਾ ਨੂੰ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮੰਗਲਵਾਰ ਸ਼ਾਮ ਨੂੰ ਸਥਾਨਕ ਪੰਜਾਬ ਭਵਨ 'ਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ।

A & S
Auto Repair & Services
Specializing in Brakes & Axles
ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673
9:00 AM to 6:00 PM Mon-Sat



Amarjit Sandhu

## 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ'

# ਮਹਾਨ ਯੁੱਗ ਪੁਰਸ਼ ਸਾਹਿਬ ਕਾਂਸੀ ਰਾਮ



ਓ. ਪੀ. ਰਾਣਾ
ਹੁਸਿਆਰਪੁਰ
9417883112

15 ਮਾਰਚ 1934 ਦਾ ਉਹ ਇਤਿਹਾਸਕ ਦਿਨ ਬਾਪੂ ਹਰੀ ਸਿੰਘ ਮਾਤਾ ਬਿਸ਼ਨ ਕੌਰ ਦੇ ਘਰ ਪਿੰਡ ਖੁਆਸਪੁਰ ਜਿਲਾ ਰੋਪੜ ਪਰਿਵਰਤਣ ਯੁੱਗ ਦੇ ਇਸ ਮਹਾਨ ਨਾਇਕ ਸਾਹਿਬ ਸ੍ਰੀ ਕਾਂਸੀ ਰਾਮ ਦਾ ਜਨਮ ਹੋਇਆ, ਜਿਸ ਦੀ ਪਵਿੱਤਰ ਰੋਸ਼ਨੀ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦੀਆਂ ਕੁੱਲੀਆਂ ਵਿੱਚ ਰੋਸ਼ਨੀ ਵੰਡਣ ਲਈ ਕੁਦਰਤ ਦਾ ਅਜੀਬੋ ਗਰੀਬ ਸੁਮੇਲ ਸੀ । ਕਾਂਸੀ ਰਾਮ ਨੇ ਪੰਜਾਬ ਦੀ ਇਸ ਮਾਣ ਮੱਤੀ ਮਿੱਟੀ ਵਿੱਚ ਪ੍ਰਾਇਮਰੀ ਤੋਂ ਲੈ ਕੇ ਬੀ.ਐਸ.ਸੀ. ਦੀ ਡਿਗਰੀ ਲਈ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਮੁਜੱਸਮਾ ਪਹਿਨਕੇ ਪੂੰਨੇ ਦੀ ਧਰਤੀ ਉੱਤੇ ਦੇਸ਼ ਦੇ ਵਿਗਿਆਨਕ ਢਾਂਚੇ ਨੂੰ ਮਜਬੂਤ ਕਰਨ ਲਈ ਦੇਸ਼ ਦੀ ਸੇਵਾ ਵਿੱਚ ਅਥਾਹ ਯੋਗਦਾਨ ਪਾਕੇ ਇਹ ਸਾਬਤ ਕੀਤਾ ਕਿ ਦੇਸ਼ ਦੀ ਮਿੱਟੀ ਮੇਰੇ ਪੂਰਵਜਾ ਦੀ ਮਾਂ ਭੂਮੀ ਹੈ ਅਤੇ ਮੈਂ ਇਸ ਦੇਸ਼ ਨੂੰ ਆਪਣੀਆਂ ਸੇਵਾਂਵਾਂ ਦੇ ਕੇ ਆਪਣੇ ਭਾਰਤ ਨੂੰ ਦੁਨੀਆਂ ਦਾ ਸ਼ਕਤੀਸ਼ਾਲੀ ਵਿਗਿਆਨਕ ਦੇਸ਼ ਦੇਖਣਾ ਚਾਹੁੰਦਾ ਹਾਂ । ਪਰ ਕੁਦਰਤ ਦੇਸ਼ ਦੇ ਇਸ ਮਹਾਨ ਵਿਗਿਆਨੀ ਨੂੰ ਸਮ-ਾਜਿਕ ਵਿਗਿਆਨੀ ਦੇ ਤੌਰ ਤੇ ਪੇਸ਼ ਕਰਕੇ ਦੇਸ਼ ਦੇ ਕਰੋੜਾਂ ਲੋਕਾਂ ਦੀ ਸਮਾਜਿਕ , ਆਰਥਿਕ ਅਤੇ ਰਾਜਨੀਤਕ ਤੌਰ ਤੇ ਇਕ ਮਹਾਨ ਯੁੱਗ ਪਰਿਵਰਤਕ ਦੇ ਰੂਪ ਵਿੱਚ ਕਾਂਸ਼ੀ ਰਾਮ ਦੀਆਂ ਸੇਵਾਂਵਾਂ ਨੂੰ ਵੇਖਣਾ ਚਾਹੁੰਦੀ ਸੀ। ਦੇਸ਼ ਦੇ ਰਾਸ਼ਟਰ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਦੇ ਪਾਵਨ ਜਨਮ ਦਿਨ ਦੀ ਛੁੱਟੀ ਸਰਕਾਰ ਵਲੋਂ ਨਾ ਕਰਨ ਅਤੇ ਵਿਭਾਗ ਦੇ ਇਕ ਚੌਥਾ ਦਰਜਾ ਮੁਲਾਜਮ ਦੀਨਾ ਭਾਨਾ ਦੇ ਸ਼ੰਘਰਸ ਵਿਚੋਂ ਕਾਂਸ਼ੀ ਰਾਮ ਦੀ ਅੰਤਰ ਆਤਮਾ ਵਿਚੋਂ ਸਮਾਜ ਵਿਗਿਆਨੀ ਦਾ ਜਨਮ ਹੋਣਾ ਭਾਰਤ ਦੇ ਇਸ ਖਿੱਤੇ ਵਿੱਚ ਦੇਸ਼ ਦੇ ਕਰੋੜਾਂ ਗੁਲਾਮਾਂ ਦੀ ਤਕਦੀਰ ਬਣਕੇ ਨਿਕਲਿਆ । ਕਾਂਸ਼ੀ ਰਾਮ ਦੇ ਜੀਵਨ ਵਿੱਚ ਇੱਕ ਪਰਿਵਰਤਨ ਉਸ ਸਮੇਂ ਆਇਆ ਜਦੋਂ ਉਨਾਂ ਦੇ ਪਰਮ ਪੂਜੀਏ ਬਾਬਾ ਸਾਹਿਬ ਅੰਬੇਦਕਰ ਦੁਆਰਾ ਰਚਿਤ ਮਹਾਨ ਗ੍ਰੰਥ 'ਜਾਤ ਪਾਤ ਦਾ ਬੀਜ ਨਾਸ਼' ਪੜਿਆ ਅਤੇ ਸੰਕਲਪ ਲਿਆ ਕਿ ਮੈਂ ਆਪਣੇ ਇਸ ਪਿਆਰੇ ਭਾਰਤ ਵਿਚੋਂ ਜਾਤਪਾਤ ਦੇ ਇਸ ਪਥਰੀਲੇ ਅਤੇ ਸ਼ਕਤੀਸ਼ਾਲੀ ਮਹਿਲ ਨੂੰ ਢਹਿ ਢੇਰੀ ਕਰਨ ਲਈ ਦੇਸ਼ ਦੇ 85 ਫੀਸਦੀ ਲੋਕਾਂ ਨੂੰ ਇੱਕ ਪ੍ਰਮਾਣੂ ਤਾਕਤ ਦੇ ਤੌਰ ਉਤੇ ਇਕੱਠੇ ਕਰਕੇ ਦੇਸ਼ ਦੇ ਇਸ ਖਿੱਤੇ ਵਿੱਚੋਂ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਕੇ ਇੱਕ ਪਰਿਵਰਤਨ ਦੀ ਲਹਿਰ ਨੂੰ ਪੂਰੇ ਦੇਸ਼ ਵਿੱਚ ਫੈਲਾਵਾਂਗਾ । 1966 ਤੋਂ ਬਹੁਜਨ ਸਮਾਜ ਦਾ ਇਹ ਮਹਾਨ ਯੋਧਾ ਬਹੁਜਨ ਨਾਇਕ ਦੇਸ਼ ਦੇ ਕਰੋੜਾਂ ਲੋਕਾਂ ਦਾ ਮੁਕਤੀ ਦਾਤਾ ਸਿਰਫ ਤੇ ਸਿਰਫ ਇਕੱਲੇ ਤੌਰ ਉੱਤੇ ਦੇਸ਼ ਦੇ ਦਲਿਤ ਆਈ . ਏ. ਐਸ., ਆਈ. ਪੀ. ਐਸ ਅਤੇ ਛੋਟੇ ਮੁਲਾਜਮਾਂ ਵਿੱਚ ਵਿਚਰਕੇ ਉਨਾਂ ਨੂੰ ਮਹਾਤਮਾ ਜੋਤੀਬਾ ਫੂਲੇ, ਸ਼ਾਹੂ ਜੀ ਛਤਰਪਤੀ ਮਹਾਰਾਜ, ਈ.ਵੀ.ਰਾਮਾ ਸੁਆਮੀ ਨਾਇਕਰ . ਨਰਾਇਣ ਗੁਰੂ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੀ ਵਿਚਾਰਧਾਰਾ ਦਾ ਪਾਠ ਪੜਾਕੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਸਵੈਮਾਣ ਦੀ ਜਿੰਦਗੀ ਦੇਣ ਲਈ ਸੰਕਲਪ ਕਰਦਾ ਰਿਹਾ । ਅੰਤ ਬਾਬਾ ਸਾਹਿਬ ਡਾ. ਅੰਬੇਦਕਰ ਦੇ ਮਹਾਂ ਪ੍ਰੀਨਿਰਮਾਣ ਮੌਕੇ 6 ਦਸੰਬਰ 1978 ਨੂੰ ਬਾਮਸੇਫ ਨਾਂ ਦੀ ਜਥੇਬੰਦੀ ਕਾਇਮ ਕਰਕੇ ਭਾਰਤ ਦੇ ਤਿੰਨ ਲੱਖ ਮੁਲਾਜਮਾਂ ਨੂੰ ਦੇਸ਼ ਦੇ ਗਰੀਬ ਸਮਾਜ ਦੀ ਸੇਵਾ ਦਾ ਸੰਕਲਪ ਦਿਵਾ ਕੇ ਦੇਸ਼ ਦੇ ਹਰ ਕੋਨੇ ਵਿੱਚ ਬਾਮਸੇਫ ਦੇ ਵਰਕਰਾਂ ਨੂੰ ਪਰਿਵਰਤਨ ਦੇ ਇਸ ਪਵਿੱਤਰ ਕਾਰਜ ਲਈ ਕਾਰਜਸ਼ੀਲ ਕੀਤਾ। ਬੱਸ ਫੇਰ ਕੀ ਸੀ ,ਦੇਸ਼ ਅੰਦਰ ਬਹੁਜਨ ਸਮਾਜ ਦੇ ਬੁੱਧੀਜੀਵੀਆਂ ਵਲੋਂ ਵੱਡੇ ਪੱਧਰ ਤੇ ਵਿਚਾਰ ਗੋਸ਼ਟੀਆਂ ਅਤੇ ਕੇਡਰ ਕੈਂਪ ਲਾ ਕੇ ਲੋਕਾਂ ਨੂੰ ਮਹਾਨ ਅਸ਼ੋਕ ਤੋਂ ਲੈ ਕੇ ਸੁਨੇਹਿਰੀ ਯੁਗ ਦੇ ਇਤਿਹਾਸ ਬਾਰੇ ਜਾਣਕਾਰੀ ਦੇ ਕੇ ਸਮਾਜਿਕ ਪਰਿਵਰਤਨ ਲਈ ਵੱਡੇ ਪੱਧਰ ਉੱਤੇ ਲਾਮਬੰਦ ਕੀਤਾ। ਸ੍ਰੀ ਕਾਂਸ਼ੀ ਰਾਮ ਦੇ ਇਸ ਯਤਨ ਨੂੰ ਦੇਖ ਕੇ ਦੇਸ਼ ਦਾ ਮਨੂੰਵਾਦੀ ਤੇ ਸਰਕਾਰੀ ਢਾਂਚਾਂ ਤਰਲੋਮੱਛੀ ਹੋ ਗਿਆ ਅਤੇ ਬਹੁਤ ਸਾਰੇ ਬਾਮਸੇਫ ਸਾਥੀਆਂ ਨੂੰ ਜਾਂ ਤਾਂ ਆਪਣੇ ਰੋਟੀ ਰੋਜੀ ਤੋਂ ਹੱਥ ਧੋਣੇ ਪਏ ਜਾਂ ਫਿਰ ਸਰਕਾਰ ਵਲੋਂ ਉਨਾਂ ਨੂੰ ਰੋਜ ਨਵੇਂ ਦਿਨ ਨਵੇਂ ਹਫਤੇ ਬਦਲੀਆਂ ਦੀ ਜੁਲਮ ਜਿਆਦਤੀ ਨੂੰ ਬਰਦਾਸ਼ਤ ਕਰਨਾ ਪਿਆ ,ਪ੍ਰੰਤੂ ਜਿਨਾਂ ਸਾਥੀਆਂ ਨੇ ਯੁੱਗ ਪੁਰਸ਼ ਕਾਂਸ਼ੀ ਰਾਮ ਦੀ ਪਵਿੱਤਰ ਦੀਕਸ਼ਾ ਲੈ ਰੱਖੀ ਸੀ ਉਨਾਂ ਵਿਚੋਂ ਬਹੁਤਿਆਂ ਨੇ ਆਪੋ ਆਪਣੇ ਅਸਤੀਫੇ ਸਰਕਾਰ ਨੂੰ ਸੌਂਪ ਕੇ ਦੇਸ਼ ਵਿੱਚ ਆ ਰਹੇ ਨਵੇਂ ਪਰਿਵਰਤਨ ਦੀ ਦਸਤਕ ਸੁਣ ਸਮੇਤ ਪਰਵਾਰ ਉਸ ਮਹਾਨ ਯੱਗ ਵਿੱਚ ਆਪਣੀਆਂ ਨੋਕਰੀਆਂ ਦੀ ਹੀ ਨਹੀਂ ਆਪਣੇ ਪਰਵਾਰਾਂ ਦੀਆਂ ਸੇਵਾਵਾਂ ਦੀ ਅਹੁੱਤੀ ਵੀ ਪਾਈ । ਦੇਸ਼ ਦੇ ਸਰਕਾਰੀ ਅਤੇ ਗੈਰ ਸਰਕਾਰੀ ਤੰਤਰ ਵਲੋਂ ਸਮਾਜ ਵਿੱਚ ਹੋ ਰਹੀਆਂ ਜਿਆਦਤੀਆਂ ਨੂੰ ਠੱਲ ਪਾਉਣ ਲਈ ਕਾਂਸ਼ੀ ਰਾਮ ਨੇ ਨਵੀਂ ਦਿੱਲੀ ਵਿਖੇ ਦੇਸ਼ ਦੀ ਨੌਜਵਾਨ ਪੀੜੀ ਨੂੰ ਇਕ ਸੰਗਠਨ ਦਾ ਰੂਪ ਦੇ ਕੇ ਸਰਕਾਰੀ ਜਾਂ ਗੈਰ ਸਰਕਾਰੀ ਤੌਰ ਉੱਤੇ ਹੋ ਰਹੀਆਂ ਜੁਲਮ ਜਿਆਦਤੀਆਂ ਦੇ ਖਿਲਾਫ ਸ਼ੰਘਰਸ਼ ਕਰਨ ਲਈ ਪ੍ਰੇਰਿਤ ਕੀਤਾ ।



ਲੇਖਕ ਓ.ਪੀ.ਰਾਣਾ ਦੀ ਬਸਪਾ ਬਾਨੀ ਸ੍ਰੀ ਕਾਂਸ਼ੀ ਰਾਮ ਨਾਲ ਇਤਿਹਾਸਕ ਯਾਦਗਾਰੀ ਤਸਵੀਰ

ਦੇਸ਼ ਦੇ ਦਲਿਤ ਗਰੀਬ ਸਮਾਜ ਨੂੰ ਸ਼ੰਘਰਸ਼ ਲਈ ਤਿਆਰ ਕਰਨ ਲਈ ਡੀ.ਐਸ.ਫੋਰ. (ਦਲਿਤ ਸ਼ੋਸ਼ਿਤ ਸ਼ੰਘਰਸ਼ ਸੰਮਤੀ ) ਬਣਾਈ , ਕਿਸੇ ਹੱਦ ਤੱਕ ਉਹ ਆਪਣੇ ਮਕਸਦ ਵਿੱਚ ਸਫਲ ਵੀ ਹੋਏ ,ਪ੍ਰੰਤੂ ਜੋ ਬੀਜ ਇਸ ਦੇਸ਼ ਦੀ ਜਰਖੇਜ ਧਰਤੀ ਅੰਦਰ ਕਾਂਸ਼ੀ ਰਾਮ ਨੇ ਬੀਜਿਆ ਉਸਨੂੰ ਵਧਦਾ ਫੁੱਲਦਾ ਦੇਖ ਕੇ ਮਨੂੰਵਾਦੀ ਢਾਂਚੇ ,ਮੀਡੀਆ ਅਤੇ ਧੰਨਵਾਨਾਂ ਦੀਆਂ ਕੋਜੀਆਂ ਸ਼ਾਜਿਸ਼ਾਂ ਕਾਂਸ਼ੀ ਰਾਮ ਦੇ ਚਰਨਾਂ ਵਿੱਚ ਉਦੋਂ ਨਤਮਸਤੱਕ ਹੋਈਆਂ ਜਦੋਂ 14 ਅਪ੍ਰੈਲ 1984 ਨੂੰ ਦਿੱਲੀ ਦੇ ਵੱਡੇ ਮੈਦਾਨ ਬੋਟ ਕਲੱਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਲੋਕ ਇਕੱਠੇ ਕਰਕੇ ਲੋਕਾਂ ਨੂੰ ਇਕ ਰਾਜਨੀਤਕ ਮੰਚ 'ਬਹੁਜਨ ਸਮਾਜ ਪਾਰਟੀ' ਦੇ ਨਾਂ ਥੱਲੇ ਦੇ ਕੇ ਦੇਸ਼ ਦੇ ਰਾਜਨੀਤਕ ਹਲਕਿਆਂ ਵਿੱਚ ਕੰਬਣੀ ਛੇੜ ਦਿੱਤੀ ਅਤੇ ਮੰਚ ਤੋਂ ਐਲਾਨ ਕੀਤਾ ਕਿ 1985 ਦੀਆਂ ਚੋਣਾਂ ਅਸ਼ੀ ਹਾਰਨ ਲਈ ਲੜਾਂਗੇ ਅਤੇ 1989 ਦੀਆਂ ਚੋਣਾਂ ਅਸ਼ੀ ਹਰਾਉਣ ਲਈ ਲੜਾਂਗੇ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਕੁੱਝ ਸੀਟਾਂ ਜਿੱਤ ਕੇ ਅਸ਼ੀ ਆਪਣੀ ਹੋਂਦ ਦਾ ਯਤਨ ਕਰਾਂਵਾਂਗੇ ਅਤੇ ਉਸ ਤੋਂ ਬਾਅਦ ਅਸ਼ੀ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਬਹੁਜਨ ਸਮਾਜ ਪਾਰਟੀ ਦੀਆਂ ਸਰਕਾਰਾਂ ਬਣਾਉਣ ਦਾ ਯਤਨ ਕਰਾਂਗੇ ।

ਕਾਂਸ਼ੀ ਰਾਮ ਨੇ ਕਿਹਾ ਮੇਰਾ ਇਹ ਯਤਨ ਹੋਵੇਗਾ ਜਿਸ ਧਰਤੀ ਉੱਤੇ ਮਨੂੰਵਾਦੀਆਂ ਨੇ ਮਨੂੰ ਸਿਮਰਤੀ ਲਿਖੀ (ਉੱਤਰ ਪ੍ਰਦੇਸ਼ ) ਉਸ ਧਰਤੀ ਉਪੱਰ ਬਹੁਜਨ ਸਮਾਜ ਪਾਰਟੀ ਦੀ ਪਹਿਲੀ ਸਰਕਾਰ ਬਣੇਗੀ । ਕਾਂਸ਼ੀ ਰਾਮ ਦੀ ਇਤਿਹਾਸਕ ਤਕਰੀਰ ਨੇ 1993 ਵਿੱਚ ਬਹੁਜਨ ਸਮਾਜ ਦੀ ਮਾਣ ਮੱਤੀ ਧੀ ਅਤੇ ਦੇਸ਼ ਦੇ ਕਰੋੜਾਂ ਦਿਲਾਂ ਅੰਦਰ ਭੈਣ ਜੀ ਦੇ ਤੌਰ ਤੇ ਸਤਿਕਾਰੀ ਜਾਂਦੀ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤੱਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣਾਕੇ ਭਾਰਤ ਅੰਦਰ ਸਮਾਜਿਕ ਪਰਿਵਰਤਨ ਦਾ ਝੰਡਾ ਬੁਲੰਦ ਕੀਤਾ ਅਤੇ ਉਤੱਰ ਪ੍ਰਦੇਸ਼ ਅੰਦਰ ਕਾਂਸ਼ੀ ਰਾਮ ਦੇ ਦਿੱਤੇ ਮਹਾਨ ਨਾਅਰੇ 'ਜੋ ਜਮੀਨ ਸਰਕਾਰੀ ਹੈ ,ਵੋ ਜਮੀਨ ਹਮਾਰੀ ਹੈ' ਦੇ ਤਹਿਤ 12 ਲੱਖ ਹੈਕਟੇਅਰ ਜਮੀਨ ਦੇਸ਼ ਦੇ ਭੂਮੀ ਹੀਣ ਲੋਕਾਂ ਨੂੰ ਵੰਡ ਕੇ ਸਮਾਜਿਕ ਪਰਿਵਰਤਨ ਦਾ ਪ੍ਰਚਲਨ ਦੇਸ਼ ਅੰਦਰ ਚਲਾਇਆ ਜਿਸ ਨੇ ਪੂਰੇ ਭਾਰਤ ਅੰਦਰ ਇਕ ਨਵੀਂ ਇਤਿਹਾਸਕ ਫਿਜਾ ਨੂੰ ਜਨਮ ਦਿੱਤਾ। ਬੱਸ ਫਿਰ ਕੀ ਸੀ, ਜੋ ਬੀਜ ਕਾਂਸ਼ੀ ਰਾਮ ਨੇ 45000 ਹਜਾਰ ਕਿਲੋਮੀਟਰ ਸਾਇਕਲ ਚਲਾ ਕੇ ਕੰਨਿਆ ਕੁਮਾਰੀ ਤੋਂ ਜੰਮੂ ਕਸ਼ਮੀਰ ਤੱਕ ਬੀਜਿਆ ਸੀ ਉਸ ਦੇ ਫਲਸਰੂਪ ਹਰਿਆਣਾ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ, ਪੰਜਾਬ ਅਤੇ ਦੇਸ਼ ਦੀਆ ਵੱਖ ਵੱਖ ਵਿਧਾਨ ਸਭਾਵਾਂ ਤੇ ਲੋਕ ਸਭਾ ਵਿੱਚ ਐਮ.ਐਲ.ਏ.ਤੇ ਐਮ.ਪੀ.ਬਣ ਕੇ ਪਹੁੰਚੇ ਅਤੇ ਕਾਂਸ਼ੀ ਰਾਮ ਦੀ ਬਣਾਈ ਬਹੁਜਨ ਸਮਾਜ ਪਾਰਟੀ ਨੇ ਦੇਸ਼ ਵਿੱਚ ਨੇਸ਼ਨਲ ਪਾਰਟੀ ਵਜੋਂ ਮਾਨਤਾ ਪ੍ਰਾਪਤ ਕੀਤੀ ਅਤੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿੱਚ ਪੂਰਨ ਬਹੁਮਤ ਹਾਸਲ ਕਰਕੇ ਅਜਾਦਾਨਾ ਤੌਰ ਉੱਤੇ ਮਾਇਆਵਤੀ ਵਲੋਂ ਬਸਪਾ ਦੀ ਸਰਕਾਰ ਬਣਾਉਣ ਨਾਲ ਕਾਂਸ਼ੀ ਰਾਮ ਦੇ ਪਰਿਵਰਤਨ ਯੁੱਗ ਦੀ ਸ਼ੁਰੂਆਤ ਤਾਂ ਹੋ ਚੁੱਕੀ ਸੀ । ਭਾਂਵੇ ਕਿ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਬਸਪਾ ਬਾਨੀ ਕਾਂਸ਼ੀ ਰਾਮ ਦੇ ਇਸ ਫਾਨੀ ਦੁਨੀਆਂ ਤੋਂ ਰੁਖਸਤ ਹੋ ਜਾਣ ਤੋਂ ਬਾਅਦ ਬਸਪਾ ਦੀ ਲਹਿਰ ਵਿੱਚ ਕੁੱਝ ਖੜੌਤ ਜਰੂਰ ਆਈ ਹੈ ਪਰ ਲੱਖਾਂ ਕਾਂਸ਼ੀ ਰਾਮ ਪੈਰੋਕਾਰਾਂ ਦਾ ਇਹ ਮੰਨਣਾ ਹੈ ਕਿ ਭਾਰਤ ਅੰਦਰ ਕਾਂਸ਼ੀ ਰਾਮ ਦੁਆਰਾ ਦਰਸਾਈ ਅਤੇ ਨਿਰਦੇਸ਼ਤ ਵਿਚਾਰਧਾਰਾ ਇਸ ਦੇਸ਼ ਨੂੰ ਮੁੜ ਸੁਨਹਿਰੀ ਯੁੱਗ ਵਿੱਚ ਲੈ ਜਾਵੇਗੀ, ਜਦੋਂ ਇਸ ਦੇਸ਼ ਵਿੱਚ ਸਿੰਧ ਘਾਟੀ ਦੇ ਵਾਰਸਾਂ ਦਾ ਮੁਕੰਮਲ ਤੌਰ ਤੇ ਸਮਾਜਿਕ,ਆਰਥਿਕ ਅਤੇ ਰਾਜਨੀਤਕ ਬੋਲਵਾਲਾ ਹੋਵੇਗਾ। ਇਹ ਉਹ ਕੌੜਾ ਤੇ ਅਟੱਲ ਸੱਚ ਹੈ ਕਿ ਦੇਸ਼ ਅੰਦਰ ਕੋਈ ਵੀ ਤਾਕਤ ਕਾਂਸ਼ੀ ਰਾਮ ਦੇ ਮਹਾਂ ਪ੍ਰੀਨਿਰਮਾਣ ਦਿਵਸ ਤੋਂ ਬਾਅਦ ਵੀ ਇਸ ਪਰਿਵਰਤਨ ਦੀ ਲਹਿਰ ਨੂੰ ਖਤਮ ਤਾਂ ਕੀ ਇਸ ਬਾਰੇ ਕੋਈ ਅਜਿਹੀ ਸੋਚ ਵੀ ਨਹੀਂ ਰੱਖ ਸਕਦਾ , ਕਿਉਂਕਿ ਕਾਂਸ਼ੀ ਰਾਮ ਨੇ ਆਪਣੇ ਜਿਊਂਦੇ ਜੀਅ ਆਪਣੀ ਸਮਾਜਿਕ ਪਰਿਵਰਤਨ ਦੀ ਲਹਿਰ ਨੂੰ ਅੱਗੇ ਲੈ ਕੇ ਜਾਣ ਲਈ ਇਕ ਯੋਗ ਨੇਤਾ,ਯੋਗ ਪ੍ਰਸ਼ਾਸ਼ਕ ਅਤੇ ਮਹਾਨ ਤਿਆਗੀ ਕੁਮਾਰੀ ਮਾਇਆਵਤੀ ਦੇ ਇੰਨਕਲਾਬੀ ਹੱਥਾਂ ਵਿੱਚ ਸੌਂਪ ਕੇ ਗਏ ਹਨ।

ਇਹ ਵੀ ਇਕ ਸੱਚ ਹੈ ਕਿ ਕਾਂਸ਼ੀ ਰਾਮ ਦੀ ਪਾਰਖੂ ਅੱਖ ਦੀ ਚੋਣ ਨੂੰ ਅੰਤਰਰਾਸ਼ਟਰੀ ਮੀਡੀਆ ਨੇ ਮਾਇਆਵਤੀ ਦੀ ਚੋਣ ਨੂੰ ਸਹੀ ਸਾਬਤ ਹੀ ਨਹੀਂ ਕੀਤਾ ਬਲਕਿ ਦੁਨੀਆਂ ਅੰਦਰ ਅੱਠ ਸ਼ਕਤੀ ਸ਼ਾਲੀ ਔਰਤਾਂ ਵਿੱਚੋਂ ਪਹਿਲੇ ਨੰਬਰ ਤੇ ਆਉਣਾ ਕਾਂਸ਼ੀ ਰਾਮ ਦੀ ਸੂਝ ਬੂਝ ਦੀ ਨਿਸ਼ਾਨੀ ਹੈ ਅਤੇ ਇਹ ਪਰਿਵਰਤਨ ਦੀ ਲਹਿਰ ਸਮਾਜਿਕ, ਆਰਥਿਕ ਤੇ ਰਾਜਨੀਤਕ ਮੰਜਲਾਂ ਤਹਿ ਕਰੇਗੀ ।

# ਬਾਬੂ ਕਾਂਸ਼ੀ ਰਾਮ ਬਣ ਰਿਹਾ ਹੈ ਰਾਜਨੀਤੀ ਦਾ ਧੁਰਾ

## ਹੁਣ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਸ਼ੋ੍ਮਣੀ ਅਕਾਲੀ ਦੱਲ ਨਾਲ ਹੋਣ ਦਾ ਦਾਅਵਾ ਕੀਤਾ

ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਅਤੇ ਦਲਿਤ ਰਾਜਨੀਤੀ ਦਾ ਧੂਰਾ ਰਹੇ ਬਾਬੂ ਕਾਂਸ਼ੀ ਰਾਮ ਦੇ ਪਰਿਵਾਰਾਂ ਦੇ ਮੈਂਬਰ ਹੁਣ ਫਿਰ ਰਾਨੀਤੀ ਦਾ ਧੂਰਾ ਬਣ ਰਹੇ ਹਨ। ਇੱਕ ਪਾਸੇ ਦਿੱਲੀ ਦੇ ਮੁੱਖ ਮੰਤਰੀ 15 ਮਾਰਚ ਨੂੰ ਬਾਬੂ ਜੀ ਦੇ ਜਨਮ ਸਥਾਨ ਪ੍ਰਿਥੀ ਪੁਰ ਬੂੰਗਾ ਆ ਰਹੇ ਹਨ ਉਕੇ ਹੀ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਮਾਇਆਵਤੀ ਨਵਾ ਸ਼ਹਿਰ ਵਿੱਚ ਰੈਲੀ ਕਰ ਰਹੇ ਹਨ। ਹੁਣ ਪਰਿਵਾਰ ਦੇ ਹੀ ਕੁੱਝ ਮੈਂਬਰਾਂ ਨੇ ਸ਼ੋ੍ਮਣੀ ਅਕਾਲੀ ਦੱਲ ਨਾਲ ਹੋਣ ਦਾ ਦਾਅਵਾ ਕੀਤਾ ਹੈ। ਇੱਕ ਪ੍ਰੈਸ ਨੋਟ ਵਿੱਚ ਪਰਿਵਾਰ ਦੇ ਮੈਂਬਰਾਂ ਨੇ ਆਪ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦੇ ਪਰਿਵਾਰ ਦੇ ਨਾਂ 'ਤੇ ਰਾਜਨੀਤੀ ਕਰਨ ਤੋਂ ਵਰਜਦਿਆਂ ਕਿਹਾ ਕਿ ਹੁਣ ਪੰਜਾਬ ਵਿਧਾਨ ਸਭਾ ਚੋਣਾਂ ਦੇ ਨੇੜੇ ਉਨ੍ਹਾਂ ਨੂੰ ਬਾਬੂ ਕਾਂਸ਼ੀ ਰਾਮ ਜੀ ਦੀ ਕਿਵੇ ਯਾਦ ਆ ਗਈ ਜਦੋਂ ਕਿ ਹੁਣ ਤੱਕ ਤਾਂ ਕਦੇ ਵੀ ਉਨ੍ਹਾਂ ਜਾਂ ਉਨ੍ਹਾਂ ਦੀ ਪਾਰਟੀ ਦੇ ਕਿਸੇ ਆਗੂ ਨੂੰ ਬਾਬੂ ਕਾਂਸ਼ੀ ਰਾਮ ਜੀ ਦੇ ਪਰਿਵਾਰ ਦੀ ਯਾਦ ਨਹੀਂ ਆਈ ਸੀ। ਇਹ ਗੱਲ ਬਾਬੂ ਕਾਂਸ਼ੀ ਰਾਮ ਜੀ ਦੇ ਭਤੀਜੇ ਬਲਵਿੰਦਰ ਸਿੰਘ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿੱਚ ਕਹੀ। ਬਾਬੂ ਕਾਂਸ਼ੀ ਰਾਮ ਜੀ ਦੇ ਪਿੰਡ ਖਵਾਸਪੁਰ ਦੇ ਮੋਹਤਬਰ ਵਿਅਕਤੀਆਂ ਨਾਲ ਸਿੱਖਿਆ ਮੰਤਰੀ ਅਤੇ ਰੂਪਨਗਰ ਤੋਂ ਸ਼ੋ੍ਮਣੀ ਅਕਾਲੀ ਦਲ ਦੇ ਵਿਧਾਇਕ ਡਾ.ਦਲਜੀਤ ਸਿੰਘ ਚੀਮਾ ਨੂੰ ਮਿਲਣ ਤੋਂ ਬਾਅਦ ਬਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਅਤੇ ਪੂਰਾ ਪਿੰਡ ਖਵਾਸਪੁਰ ਡਾ.ਚੀਮਾ ਦੀ ਅਗਵਾਈ ਵਿੱਚ ਸ਼ੋ੍ਮਣੀ ਅਕਾਲੀ ਦਲ ਨਾਲ ਖੜ੍ਹਾ ਹੈ ਜਿਨ੍ਹਾਂ ਨੇ ਸਦਾ ਉਨ੍ਹਾਂ ਦੀ ਸਾਰ ਲਈ ਹੈ।



ਬਲਵਿੰਦਰ ਸਿੰਘ ਦੇ ਨਾਲ ਬਾਬੂ ਕਾਂਸ਼ੀ ਰਾਮ ਜੀ ਦੇ ਭਰਾ ਹਰਬੰਸ ਸਿੰਘ ਤੇ ਦਰਬਾਰਾ ਸਿੰਘ, ਪਿੰਡ ਦੀ ਸਰਪੰਚ ਰਾਜਿੰਦਰ ਕੌਰ, ਸਾਬਕਾ ਸਰਪੰਚ ਰੁਪਿੰਦਰ ਸਿੰਘ ਨੇ ਇਥੇ ਜਾਰੀ ਸਾਂਝੇ ਬਿਆਨ ਰਾਹੀਂ ਕਿਹਾ ਕਿ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਅਸਲ ਵਿੱਚ ਬਾਬੂ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਦਬੇ-ਕੁਚਲੇ ਵਰਗਾਂ ਲਈ ਅਨੇਕਾਂ ਭਲਾਈ ਸਕੀਮਾਂ ਚਲਾ ਕੇ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕੀਤਾ।

ਉਨ੍ਹਾਂ ਕਿਹਾ ਕਿ ਸ਼ਗਨ ਸਕੀਮ, ਆਟਾ-ਦਾਲ, ਪੈਨਸ਼ਨ, ਬੀਮਾ, ਸਕਾਲਰਸ਼ਿਪ, ਮੁਫਤ ਬਿਜਲੀ ਆਦਿ ਸਹੂਲਤਾਂ ਦੇ ਕੇ ਪੰਜਾਬ ਸਰਕਾਰ ਨੇ ਬਾਬੂ ਕਾਂਸ਼ੀ ਰਾਮ ਜੀ ਦੀ ਵਿਚਾਰਧ-ਾਰਾ ਨੂੰ ਅਪਣਾਇਆ ਹੈ ਜਦੋਂ ਕਿ ਬਾਕੀ ਪਾਰਟੀਆਂ ਨੇ ਸਦਾ ਰਾਜਨੀਤੀ ਹੀ ਕੀਤੀ ਹੈ।

ਹੁਣ ਆਪ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੀ ਬਾਬੂ ਕਾਂਸ਼ੀ ਰਾਮ ਜੀ ਦੇ ਨਾਂ 'ਤੇ ਰਾਜਨੀਤੀ ਕਰਨ ਆ ਰਹੇ ਹਨ ਜਿਨ੍ਹਾਂ ਨੂੰ ਉਨ੍ਹਾਂ ਦਾ ਪਰਿਵਾਰ ਅਤੇ ਪੰਜਾਬ ਵਿੱਚ ਬਾਬੂ ਜੀ ਦੀ ਵਿਚਾਰਧਾਰਾ ਨਾਲ ਜੁੜੇ ਲੋਕ ਕਦੇ ਮੂੰਹ ਨਹੀਂ ਲਾਉਣਗੇ। ਉਨ੍ਹਾਂ ਡਾ.ਚੀਮਾ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦਾ ਪਰਿਵਾਰ ਅਤੇ ਪਿੰਡ ਉਨ੍ਹਾਂ ਨਾਲ ਖੜ੍ਹਾ ਹੈ।

**ਰਿਪੋਰਟ- ਕੁਲਦੀਪ ਚੰਦ (9417563054)**

# 'ਆਪ' ਸਤਲੁਜ ਯਮੁਨਾ ਲਿੰਕ ਨਹਿਰ ਦੇ ਹੱਕ 'ਚ ਨਹੀ: ਕੇਜਰੀਵਾਲ

**ਜਲੰਧਰ-** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ 'ਆਪ' ਦਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਨਹਿਰ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕੋਈ ਫ਼ਾਲਤੂ ਪਾਣੀ ਨਹੀਂ ਹੈ। ਉਹ ਅੱਜ ਪਿੰਡ ਸੀਚੇਵਾਲ 'ਚ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਦੇਸੀ ਢੰਗ ਨਾਲ ਬਣਾਏ ਗਏ ਟਰੀਟਮੈਂਟ ਪਲਾਂਟ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਸੀਚੇਵਾਲ 'ਚ ਸਥਾਪਤ ਕੀਤੇ ਮਾਡਲ ਨੂੰ ਦੇਖਣ ਬਾਅਦ ਐਲਾਨ ਕੀਤਾ ਕਿ ਪੰਜਾਬ 'ਚ 'ਆਪ' ਦੀ ਸਰਕਾਰ ਬਣਨ 'ਤੇ ਇਸ ਮਾਡਲ ਨੂੰ ਸੂਬੇ 'ਚ ਇੰਨ-ਬਿਨ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨੇ ਦਿੱਲੀ 'ਚ ਪਲੀਤ ਹੋਈ ਯਮੁਨਾ ਦੀ ਸਫਾਈ ਲਈ ਵਿਉਂਤਬੰਦੀ ਘੜਨ ਲਈ ਸੰਤ ਸੀਚੇਵਾਲ ਨੂੰ ਦਿੱਲੀ ਆਉਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਾਣੀਆਂ ਦੀ ਸਥਿਤੀ ਬੜੀ ਖਰਾਬ ਹੈ। ਸੂਬੇ ਦੇ ਪਾਣੀਆਂ ਨੂੰ ਬਚਾਉਣ ਲਈ ਜੋ ਕੰਮ ਸੰਤ ਸੀਚੇਵਾਲ ਕਰ ਰਹੇ ਹਨ ਉਸ ਰਾਹੀਂ ਹੀ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਟਰੀਟਮੈਂਟ ਪਲਾਂਟ 'ਤੇ ਸਮਾਗਮਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ 'ਆਪ'



ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ 'ਚ ਸਮੱਸਿਆ ਦੇ ਹੱਲ ਦੀ ਘਾਟ ਨਹੀਂ ਹੈ ਗੱਲ ਸਿਰਫ ਨੀਅਤ ਦੀ ਹੈ। ਉਨ੍ਹਾਂ ਦੱਸਿਆ ਕਿ ਸੀਚੇਵਾਲ ਦਾ ਮਾਡਲ ਸਭ ਤੋਂ ਸਸਤਾ ਤੇ ਸੌਖਾ ਹੈ ਇਸ ਨੂੰ ਲਾਗੂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਿਰਮਲ ਕੁਟੀਆ ਸੀਚੇਵਾਲ 'ਚ ਸੰਤ ਲਾਲ ਸਿੰਘ ਦੀ 38ਵੀਂ ਬਰਸੀ ਮੌਕੇ ਚੱਲ ਰਹੇ ਵਾਤਾਵਰਣ ਦੇ ਮੁੱਦੇ 'ਤੇ ਗੰਭੀਰ ਹੈ। ਇਸ ਲਈ ਹੀ ਉਹ ਸੰਤ ਸੀਚੇਵਾਲ ਤੋਂ ਸਿੱਖਿਆ ਲੈਣ ਆਏ ਹਨ। ਇਸ ਮੌਕੇ ਸੰਤ ਸੀਚੇਵਾਲ, ਸੰਤ ਦਇਆ ਸਿੰਘ, ਸੰਤ ਅਮਰੀਕ ਸਿੰਘ ਤੇ ਸੰਤ ਪਾਲ ਸਿੰਘ ਲੋਹੀਆਂ ਨੇ ਕੇਜਰੀਵਾਲ ਨੂੰ ਪੰਜਾਬ ਦੇ ਪਲੀਤ ਹੋ ਰਹੇ ਗੰਦੇ ਪਾਣੀਆਂ ਬਾਰੇ ਮੰਗ ਪੱਤਰ ਦਿੱਤਾ। ਇਸ ਮੌਕੇ 'ਆਪ' ਆਗੂਆਂ 'ਚ ਸੰਜੈ ਸਿੰਘ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ, ਹਰਕੇਸ਼ ਸਿੰਘ ਸਿੱਧੂ, ਦੁਰਗੇਸ਼ ਪਾਠਕ, ਹਰਜਿੰਦਰ ਸਿੰਘ ਸੀਚੇਵਾਲ, ਗੁਰਜੀਤ ਕੌਰ ਪੱਡਾ, ਕਰਮਜੀਤ ਸਿੰਘ ਜਟਾਣਾ, ਸੁਰਜੀਤ ਸਿੰਘ ਸ਼ੰਟੀ, ਅਮਰੀਕ ਸਿੰਘ ਸੰਧੂ, ਗੁਰਵਿੰਦਰ ਕੌਰ ਗੱਤਕਾ ਕੋਚ ਆਦਿ ਹਾਜ਼ਰ ਸਨ।

## ਸਮੇਂ ਦੇ ਸੂਰਮੇ

# ਮੇਰੀ ਕੌਮ ਦਾ ਕੀ ਬਣਦਾ! ਜੇ ਕਾਂਸ਼ੀ ਰਾਮ ਨਾ ਹੁੰਦੇ!



ਪੰਮੀ ਲਾਲੋ ਮਜਾਰਾ
91-95011-43755

ਉਸ ਸ਼ਖਸ ਬਾਰੇ ਸੋਚ ਕੇ ਰੂਹ ਕੰਬ ਜਾਂਦੀ ਆ, ਜਿਹੜਾ ਨੌਕਰੀ ਛੱਡ ਕੇ, ਰੋਟੀ ਤੋਂ ਆਵਾਜ਼ਾਰ ਹੋ ਗਿਆ ਹੋਵੇ, ਜਿਹੜਾ ਸਰਕਾਰੀ ਗੱਡੀ ਤੋਂ ਕਿਰਾਏ ਦੇ ਮੰਗਵੇਂ ਸਾਇਕਲ 'ਤੇ ਆ ਗਿਆ ਹੋਵੇ। ਜਿਹੜਾ ਦੁਨੀਆਂ ਦੇ ਸਭ ਸੁਆਦਾਂ ਨੂੰ ਠੋਕਰ ਮਾਰ ਕੇ, ਕੋਲ ਭੁੱਜੇ ਹੋਏ ਛੋਲੇ ਤੇ ਪਾਣੀ ਦੀ ਬੋਤਲ ਰੱਖਦਾ ਹੋਵੇ ਤੇ ਨਾਲੇ ਰੱਦੀ ਦੀ ਅਖ਼ਬਾਰ। ਅਖ਼ਬਾਰ ਆਰਾਮ ਕਰਨ ਲਈ ਤੇ ਜਿੱਥੇ ਵੀ ਰਾਤ ਪਈ ਉਸ ਅਖ਼ਬਾਰ ਨੂੰ ਬਿਸਤਰਾ ਸਮਝ ਕੇ ਸੌਣ ਨੂੰ ਆਪਣਾ ਧਰਮ ਸਮਝਦਾ ਹੋਵੇ, ਫਿਰ ਵੀ ਇਕ ਹਸਰਤ ਰੱਖਦਾ ਹੋਵੇ ਫੌਲਾਦ ਦੀ ਤਰ੍ਹਾਂ ਸਦੀਆਂ ਤੋਂ ਬਰਕਰਾਰ ਮਨੂੰਵਾਦੀ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰਨ ਦੀ। ਪੈਰਾਂ 'ਚ ਟੁੱਟੀਆਂ ਕੈਂਚੀ ਚੱਪਲਾਂ ਹੋਣ ਤੇ ਉਹ ਸ਼ਖਸ ਸੋਚ ਰੱਖਦਾ ਹੋਵੇ ਸਮਾਜ ਨੂੰ ਬਦਲਣ ਦੀ। ਕਮੀਜ਼ ਦੇ ਬਟਨ ਉੱਚੇ ਨੀਵੇਂ, ਪਜਾਮੇ ਨੂੰ ਸੈਂਕੜੇ ਵਲ ਪਏ ਹੋਣ ਤੇ ਉਹ ਸ਼ਖਸ ਸੋਚ ਰੱਖਦਾ, ਸਦੀਆਂ ਤੋਂ ਸਤਾਏ ਤੇ ਦੱਬੇ ਕੁਚਲੇ ਲੋਕਾਂ ਦੀ ਫਟੀ ਹੋਈ ਕਿਸਮਤ ਸਿਊਣ ਦੀ। ਜਿਸ ਸਮਾਜ 'ਚੋਂ ਕਦੇ ਕੋਈ ਜੁਰਅਤ ਨਾਲ ਪੰਚ ਵੀ ਨਾ ਬਣਿਆ ਹੋਵੇ, ਉਸ ਸ਼ਖਸ ਦੀ ਸੋਚ ਸੀ ਕਿ ਇਸ ਲੀਰਾਂ ਹੋਏ ਸਮਾਜ ਨੂੰ ਇਸ ਮੁਲਕ ਦੇ ਹੁਕਮਰਾਨ ਬਣਾਵਾਂ। ਫਿਰ ਉਹ ਵਕਤ ਵੀ ਆਇਆ, ਉਸ ਸ਼ਖਸ ਨੇ ਜੋ ਜੋ ਵੀ ਕਲਪਨਾ ਕੀਤੀ, ਇਕ ਅੱਧੀ ਕਲਪਨਾ ਨੂੰ ਛੱਡ ਕੇ, ਸਾਰੀਆਂ ਕਲਪਨਾਵਾਂ ਨੂੰ ਸੱਚ ਕਰ ਦਿਖਾਇਆ। ਹਾਂ ਜੀ ਉਸ ਸ਼ਖਸ ਦਾ ਨਾਂ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ। 15 ਮਾਰਚ 1934 ਨੂੰ ਮਾਤਾ ਬਿਸ਼ਨ ਕੌਰ ਤੇ ਪਿਤਾ ਸ੍ਰੀ ਹਰੀ ਸਿੰਘ ਦੇ ਘਰ ਪੈਦਾ ਹੋਏ ਇਸ ਯੋਧੇ ਨੇ ਸਿਕੰਦਰ ਵਾਂਗ ਇਕ ਭਾਰਤੀ ਰਾਜਨੀਤੀ 'ਚ ਇਕ ਅਜਿਹੀ ਲਕੀਰ ਖਿੱਚੀ, ਜਿਸ ਦੇ ਬਰਾਬਰ ਇਕ ਹੋਰ ਲਕੀਰ ਖਿੱਚਣ ਲਈ ਸਦੀਆਂ ਤੱਕ ਪਤਾ ਨਹੀਂ ਕਿੰਨੇ ਕੁ ਹਜ਼ਾਰਾਂ ਨੇਤਾਵਾਂ ਨੂੰ ਸਦੀਆਂ ਤੱਕ ਭਾਰਤ ਦੀ ਰਾਜਨੀਤੀ 'ਚ ਦਫ਼ਨ ਹੋਣਾ ਪਵੇਗਾ। ਕਾਂਸ਼ੀ ਰਾਮ ਨੇ ਵੀ ਜਦ ਸੁਕਰਾਤ ਵਾਂਗ, ਇਨਸਾਨੀ ਅਤੇ ਚੀਥੜੇ ਉੱਡਦੇ ਵੇਖੇ।ਉਸ ਸ਼ਖਸ ਦੇ ਸੀਨੇ 'ਚ ਐਸੇ ਭਾਂਬੜ ਮੱਚੇ ਕਿ ਉਹ ਬਾਬਾ ਸਾਹਿਬ ਦੇ ਮਿਸ਼ਨ 'ਚੋਂ ਪ੍ਰੇਰਨਾ ਲੈ ਕੇ ਇਕ ਦਿਨ ਦੱਬੇ ਕੁਚਲੇ ਲੋਕਾਂ ਨੂੰ ਭਾਰਤੀ ਸਿਆਸਤ ਦੀ ਬਣਦੀ ਹਿੱਸੇਦਾਰੀ ਜ਼ਰੂਰ ਦਿਵਾ ਕੇ ਰਹੇਗਾ। ਆਖਿਰ ਉਸ ਨੇ ਨੌਕਰੀ 'ਚੋਂ ਤਿਆਗ ਪੱਤਰ ਦੇ ਕੇ ਮਹਾਰਾਸ਼ਟਰ 'ਚ ਬਾਵਾ ਸਾਹਿਬ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਪਰ 13 ਸਾਲ ਤੱਕ ਮਹਾਰਾਸ਼ਟਰ ਵਿਚ ਮਿਸ਼ਨ ਦਾ ਕੰਮ ਕਰਨ ਤੋਂ ਬਾਅਦ ਨਿਰਾਸ਼ ਹੋ ਕੇ ਸਾਹਿਬ ਨੇ ਇਸ ਕਰਕੇ ਮਹਾਰਾਸ਼ਟਰ ਛੱਡਣ ਦਾ ਫੈਸਲਾ ਕਰ ਲਿਆ ਜਦ 1971 ਵਿਚ ਰਿਪਬਲੀਕਨ ਪਾਰਟੀ ਦੇ ਖਾਤੇ 'ਚ ਇਕ ਚੋਣ ਗੱਠਜੋੜ ਦੇ ਤਹਿਤ ਇਕ ਸੀਟ ਆਈ ਤੇ ਕਾਂਗਰਸ ਦੇ ਖਾਤੇ ਵਿਚ ਸੰਸਦ ਦੀਆਂ 20 ਸੀਟਾਂ ਖਾਤੇ 'ਚ ਆਈਆਂ। ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਉਦੋਂ ਇਹ ਕਿਹਾ ਸੀ ਕਿ ਬਾਵਾ ਸਾਹਿਬ ਦੇ ਮਿਸ਼ਨ ਨੂੰ ਫੈਲਾਉਣ ਵਾਸਤੇ ਐਮ. ਐਲ. ਏ. ਜਾਂ ਐਮ. ਪੀ. ਬਣਨਾ ਜ਼ਰੂਰੀ ਨਹੀਂ ਹੈ। ਤੇ ਫਿਰ ਉਹ ਦੇਸ਼ ਦੀ ਰਾਜਧਾਨੀ ਦਿੱਲੀ 'ਚ ਆ ਗਏ। ਉਥੇ ਆ ਕੇ ਇਕ ਕਿਰਾਏ ਦੇ ਮਕਾਨ ਨੂੰ ਦਫ਼ਤਰ ਬਣਾ ਕੇ ਰਹਿਣ ਲੱਗ ਪਏ। ਪਤਾ ਨੀ ਕਿੰਨੀ ਕੁ ਵਾਰ ਦਫ਼ਤਰ ਦੇ ਬਿਜਲੀ ਦੇ ਬਿਲ ਦਾ ਭੁਗਤਾਨ ਨਾ ਹੋਣ ਕਰਕੇ ਬਿਜਲੀ ਦਾ ਕੁਨੈਕਸ਼ਨ ਕੱਟਿਆ ਗਿਆ ਤੇ ਕਿੰਨੀ ਵਾਰ ਪਾਣੀ ਦੀ ਟੂਟੀ ਦਾ ਕੁਨੈਕਸ਼ਨ ਕੱਟਿਆ ਗਿਆ। ਇਸ ਤੋਂ ਇਲਾਵਾ ਹਰ ਅਖ਼ਬਾਰ ਦੇ ਦਫ਼ਤਰ 'ਚ ਪ੍ਰੈਸ ਨੋਟ ਦੇਣ ਲਈ ਕਾਂਸ਼ੀ ਰਾਮ ਖੁਦ ਪੈਦਲ ਤੁਰ ਕੇ ਜਾਇਆ ਕਰਦੇ ਸਨ। ਤੁਸੀਂ ਖ਼ੁਦ ਅੰਦਾਜ਼ਾ ਲਾ ਸਕਦੇ ਹੋ ਕਿ ਉਸ ਸ਼ਖਸ ਨੇ ਬਸਪਾ ਨੂੰ ਸਿਖਰ ਤੱਕ ਪਹੁੰਚਾਉਣ ਲਈ ਕੀ ਕੁਝ ਨਹੀਂ ਕੀਤਾ। ਇੱਥੇ ਰਹਿ ਕੇ ਹੀ ਉਹਨਾਂ ਨੇ ਪੰਜਾਬ, ਦਿੱਲੀ ਅਤੇ ਉਤਰ ਪ੍ਰਦੇਸ਼ ਦੇ ਉਹਨਾਂ ਸਾਥੀਆਂ ਦੀ ਤਲਾਸ਼ ਕਰਨੀ ਸ਼ੁਰੂ ਕੀਤੀ, ਜਿਹਨਾਂ ਦੇ ਜ਼ਰੀਏ ਉਹ ਆਪਣੀ ਮੂਵਮੈਂਟ ਨੂੰ ਉਤਰ ਭਾਰਤ ਵਿਚ ਫੈਲਾ ਸਕਣ। ਇੱਥੇ ਰਹਿ ਕੇ ਹੀ ਉਹਨਾਂ ਨੇ ਬਾਮਸੇਫ ਤੇ ਡੀ. ਐਸ. 4 ਦਾ ਗਠਨ ਕੀਤਾ ਤੇ ਫਿਰ 1984 ਵਿਚ ਬਸਪਾ ਦਾ ਗਠਨ। ਸਭ ਤੋਂ ਪਹਿਲਾਂ ਉਹਨਾਂ ਨੇ ਆਪਣਾ ਧਿਆਨ ਪੰਜਾਬ 'ਚ ਕੇਂਦਰਿਤ ਕੀਤਾ ਤੇ 1985 ਵਿਚ ਇਕ ਲੋਕ ਸਭਾ ਸੀਟਾਂ ਫਿਲੌਰ ਦੀ ਜਿੱਤਣ 'ਚ ਸਫਲ ਰਹੇ। ਫਿਰ ਇੱਥੋਂ 9 ਐਮ. ਐਲ. ਏ. ਵੀ ਬਣਾ ਦਿੱਤੇ। 1993 ਵਿਚ ਸਪਾ ਨਾਲ ਰਲ ਕੇ ਉਤਰ ਪ੍ਰਦੇਸ਼ 'ਚ ਸਾਂਝੀ ਸਰਕਾਰ ਵੀ ਬਣਾ ਲਈ।



ਫਿਰ ਮੱਧ ਪ੍ਰਦੇਸ਼, ਬਿਹਾਰ, ਰਾਜਸਥਾਨ, ਜੰਮੂ-ਕਸ਼ਮੀਰ ਤੇ ਹਰਿਆਣੇ 'ਚ ਬਸਪਾ ਨੇ ਆਪਣੀ ਚੰਗੀ ਹਾਜ਼ਰੀ ਦਰਸਾਈ। ਤੇ ਫਿਰ ਸ਼ੁਰੂ ਹੋਇਆ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਮਜ਼ਬੂਤ ਰਾਜਨੀਤਿਕ ਸਫ਼ਰ, ਫਿਰ ਉਹ ਵਕਤ ਵੀ ਆਇਆ ਜਦੋਂ ਸਾਹਿਬ ਕਿਸੇ ਤਕੜੇ ਰਾਜਨੇਤਾ ਨਾਲ ਗੱਠਜੋੜ ਕਰਨ ਸਬੰਧੀ ਮਿਲਦੇ ਤਾਂ ਘੰਟਿਆਂ ਬੱਧੀ ਇੰਤਜ਼ਾਰ ਵੀ ਕਰਵਾਉਂਦੇ। ਇੱਥੋਂ ਤੱਕ ਕਿ ਉਹ ਝਿੜਕਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦੇ। ਸਾਹਿਬ ਨੇ ਜ਼ਿੰਦਗੀ 'ਚ ਜਿੰਨੇ ਵੀ ਸਮਝੌਤੇ ਕੀਤੇ, ਆਪਣੀਆਂ ਸ਼ਰਤਾਂ ਮੁਤਾਬਕ ਕੀਤੇ। ਉਹ ਹਰ ਸਮਝੌਤੇ ਨੂੰ ਆਪਣੇ ਸਮਾਜ ਲਈ ਵਰਤਦੇ ਸਨ। ਜ਼ਿੰਦਗੀ ਦਾ ਇਕ-ਇਕ ਪਲ ਉਹ ਆਪਣੇ ਸਮਾਜ ਲਈ ਲਾ ਦੇਣਾ ਚਾਹੁੰਦੇ ਸਨ। ਜਦੋਂ ਉਹਨਾਂ ਦੀ ਉਮਰ 65 ਸਾਲ ਦੀ ਹੋਈ ਤਾਂ ਉਹਨਾਂ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਹੁਣ ਮੈਨੂੰ ਵੀ ਦੁਨੀਆਂ ਤੋਂ ਚਲੇ ਜਾਣਾ ਚਾਹੀਦਾ ਹੈ, ਕਿਉਂਕਿ ਦਾਦਾ ਸਾਹਿਬ ਮਹਾਤਮਾ ਫੂਲੇ 63 ਸਾਲ ਦੀ ਉਮਰ ਵਿਚ ਤੇ ਬਾਵਾ ਸਾਹਿਬ 65 ਸਾਲ ਦੀ ਉਮਰ ਵਿਚ ਇਸ ਸੰਸਾਰ 'ਚੋਂ ਚਲੇ ਗਏ ਸਨ। ਪਰ ਫਿਰ ਵੀ ਉਹਨਾਂ ਨੇ ਆਪਣੀ ਉਮਰ ਨੂੰ ਵੇਖਦਿਆਂ ਕਦੇ ਆਰਾਮ ਕਰਨ ਦੀ ਨਹੀਂ ਸੋਚੀ। ਉਹ ਕਹਿੰਦੇ ਜਦ ਕਦੇ ਕੁਦਰਤ ਵੀ ਨਹੀਂ ਆਰਾਮ ਕਰਦੀ ਤਾਂ ਫਿਰ ਮੈਂ ਆਰਾਮ ਕਿਉਂ ਕਰਾਂ। ਉਹਨਾਂ ਨੇ ਜ਼ਿੰਦਗੀ 'ਚ ਕਦੇ ਬਾਕੀ ਲੀਡਰਾਂ ਵਾਂਗ ਫਿਲਟਰ ਕੀਤਾ ਪਾਣੀ ਨਹੀਂ ਪੀਤਾ। ਕਦੇ ਟੈਸਟ ਕੀਤਾ ਖਾਣਾ ਨਹੀਂ ਖਾਧਾ ਤੇ ਕਦੇ ਕੁੜਤੇ ਪਜਾਮੇ ਦੇ ਵੱਲ੍ਹ ਨਹੀਂ ਕੱਢੇ। ਭਾਰਤੀ ਸਿਆਸਤ ਦੇ ਸਿਖਰ 'ਤੇ ਪਹੁੰਚ ਕੇ ਵੀ ਉਹ ਸ਼ਖਸ ਸਾਦਗੀ ਪਸੰਦ ਰਿਹਾ।

ਐਸੀ ਸਾਦਗੀ ਜਿਹੜੀ ਅੱਜ ਤੱਕ ਮੈਂ ਕਿਸੇ ਵੱਡੇ ਤੋਂ ਵੱਡੇ ਸੰਤ ਵਿਚ ਵੀ ਨਹੀਂ ਦੇਖੀ। ਸਾਹਿਬ ਪੰਜਾਬ ਦੇ ਉਹਨਾਂ ਸੰਤਾਂ ਤੋਂ ਅਕਸਰ ਨਿਰਾਸ਼ ਹੀ ਸਨ, ਜਿਹੜੇ ਰਵਿਦਾਸੀਆ ਧਰਮ ਨਾਲ ਸਬੰਧਿਤ ਸਨ। ਉਹਨਾਂ ਦੀ ਸੋਚ ਸੀ ਕਿ ਇਹ ਰਾਜਨੀਤਿਕ ਤੌਰ ਤੇ ਵੀ ਆਪਣੇ ਪੈਰੋਕਾਰਾਂ ਨੂੰ ਚਿੰਤਨ ਕਰਨ। ਕਾਂਸ਼ੀ ਰਾਮ ਦੁਨੀਆਂ ਦਾ ਇਕੋ ਇਕ ਅਜਿਹਾ ਸ਼ਖਸ ਹੋਇਆ ਜਿਸ ਤੋਂ ਪ੍ਰਭਾਵਿਤ ਹੋ ਕੇ ਪਤਾ ਨਹੀਂ ਕਿੰਨੇ ਕੁ ਵੱਡੇ-ਵੱਡੇ ਅਫਸਰਾਂ ਨੇ ਆਪਣੀਆਂ ਨੌਕਰੀਆਂ ਨੂੰ ਠੋਕਰ ਮਾਰ ਦਿੱਤੀ।

ਉਹ ਇਕ ਚੰਗਾ ਯੋਧਾ ਹੋਇਆ, ਜਿਸਨੇ ਸਦੀਆਂ ਤੋਂ ਦੱਬੇ ਕੁਚਲੇ ਸਮਾਜ ਦੇ ਮੂੰਹ ਤੋਂ ਛਿੱਕਲ਼ੀਆਂ ਲਾਹ ਕੇ ਦਹਾੜਨ ਵਰਗੇ ਬੇਖ਼ੌਫ ਬੁਲਾਰੇ ਪੈਦਾ ਕੀਤੇ। ਦਲਿਤਾਂ ਨੂੰ ਦੁਨੀਆਂ ਦੇ ਰਾਜਨੀਤਿਕ ਨਕਸ਼ੇ ਤੇ ਉਭਾਰਨ ਦਾ ਸਿਹਰਾ ਵੀ ਸਿਰਫ਼ ਸਾਹਿਬ ਦੇ ਸਿਰ 'ਤੇ ਹੈ। ਉਹਨਾਂ ਨੇ ਹਮੇਸ਼ਾਂ ਬਹੁਜਨ ਸਮਾਜ ਨੂੰ ਹੀ ਆਪਣਾ ਪਰਿਵਾਰ ਸਮਝਿਆ। 1973 ਵਿਚ ਜਦੋਂ ਕਾਂਸ਼ੀ ਰਾਮ ਜੀ ਦੇ ਬਾਪ ਸ. ਹਰੀ ਸਿੰਘ ਜੀ ਦੀ ਮੌਤ ਹੋਈ ਤਾਂ ਉਹ ਚੰਡੀਗੜ੍ਹ ਦੇ ਸੰਗਠਨ ਦੇ ਪ੍ਰੋਗਰਾਮ 'ਚ ਹਿੱਸਾ ਲੈ ਰਹੇ ਸਨ। ਉਹਨਾਂ 'ਤੇ ਬਾਪ ਦੀ ਮੌਤ ਦਾ ਵੀ ਕੋਈ ਬਹੁਤਾ ਅਸਰ ਨਹੀਂ ਹੋਇਆ। 3-4 ਦਿਨ ਬਾਅਦ ਸਾਹਿਬ ਆਪਣੇ ਘਰ ਕੁਝ ਪਲਾਂ ਲਈ ਆਏ ਤੇ ਫਿਰ ਲਾਪਤਾ ਹੋ ਗਏ। ਆਪਣੇ ਸਮਾਜ ਲਈ ਉਹ ਐਨੇ ਚਿੰਤਾ ਵਿਚ ਡੁੱਬੇ ਰਹਿੰਦੇ ਸਨ ਕਿ 31 ਦਸੰਬਰ 2001 ਦੀ ਰਾਤ ਨੂੰ ਜਦੋਂ 12 ਵਜੇ ਉਹਨਾਂ ਦਾ ਇਕ ਸ਼ੁਭਚਿੰਤਕ ਨਵੇਂ ਸਾਲ ਦੀ ਵਧਾਈ ਦੇਣ ਪਹੁੰਚਿਆ ਤਾਂ ਉਹ ਰੋ ਰਹੇ ਸੀ। ਪੁੱਛਣ ਤੇ ਕਾਂਸ਼ੀ ਰਾਮ ਜੀ ਕਹਿਣ ਲੱਗੇ ਕਿ ਸਾਡੇ ਮੁਲਕ ਤੇ 4-5 ਸੌ ਸਾਲ ਰਾਜ ਮੁਗਲਾਂ ਨੇ ਕੀਤਾ ਤੇ ਦੋ ਸੌ ਸਾਲ ਰਾਜ ਅੰਗਰੇਜ਼ਾਂ ਨੇ ਕੀਤਾ, ਮੈਂ ਇਹੀ ਸੋਚ ਕੇ ਰੋ ਰਿਹਾ ਹਾਂ ਕਿ ਕੀ ਕਦੇ ਮੇਰੇ ਸਮਾਜ ਦਾ ਵੀ ਰਾਜ ਆਊਗਾ। ਉਹ ਆਪਣੀ ਹਰ ਗੱਲ ਨੂੰ ਬੇਬਾਕੀ ਨਾਲ ਕਹਿਣ ਦੀ ਜੁਰਅਤ ਰੱਖਦੇ ਸਨ।

1999 ਵਿਚ ਜਦੋਂ ਮਹਾਰਾਸ਼ਟਰ ਦੇ ਇਕ ਤਾਕਤਵਰ ਨੇਤਾ ਨੇ ਕਿਹਾ ਕਿ ਮਹਾਰਾਸ਼ਟਰ ਵਿਚ ਕੋਈ ਸਾਡੇ ਤੋਂ ਬਿਨਾਂ ਰੈਲੀ ਕਰਕੇ ਦਿਖਾਵੇ ਤਾਂ 14 ਅਪ੍ਰੈਲ 2000 ਨੂੰ ਸ਼ਿਵਾ ਜੀ ਪਾਰਕ ਮੁੰਬਈ ਵਿਖੇ ਇਕ ਰਿਕਾਰਡ ਤੋੜ ਰੈਲੀ ਕੀਤੀ, ਜਿਸ ਵਿਚ ਲੱਖਾਂ ਲੋਕਾਂ ਨੇ ਭਾਗ ਲਿਆ ਤੇ ਉਸ ਮਰਾਠਾ ਨੇਤਾ ਨੇ ਫਿਰ ਆਪਣੀ ਜ਼ੁਬਾਨ ਤੱਕ ਵੀ ਨਹੀਂ ਖੋਲ੍ਹੀ। ਸਾਹਿਬ ਹਮੇਸ਼ਾ ਆਪਣੇ ਸਮਾਜ ਲਈ ਸਮਰਪਿਤ ਸਨ। ਜਦੋਂ ਉਹਨਾਂ ਨੂੰ ਰਾਸ਼ਟਰਪਤੀ ਬਣਾਉਣ ਦੀ ਅਪੀਲ ਕੀਤੀ ਗਈ ਤਾਂ 27 ਅਗਸਤ 1997 ਨੂੰ ਸਾਹਿਬ ਨੇ ਸੰਸਦ ਵਿਚ ਬੋਲਦਿਆਂ ਕਿਹਾ ਕਿ "ਜੇਕਰ ਮੈਂ ਰਾਸ਼ਟਰਪਤੀ ਬਣ ਕੇ ਰਾਸ਼ਟਰਪਤੀ ਭਵਨ ਵਿਚ ਕੈਦ ਹੋ ਕੇ ਬਹਿ ਗਿਆ ਤਾਂ ਸੰਸਦ ਦੇ ਅੰਦਰ ਤੇ ਸੰਸਦ ਦੇ ਬਾਹਰ ਮੇਰੇ ਸਮਾਜ ਦੀ ਲੜਾਈ ਕੌਣ ਲੜੂਗਾ।

ਦੱਬੇ ਕੁਚਲੇ ਸਮਾਜ ਦਾ ਇਹ ਇਨਕਲਾਬੀ ਯੋਧਾ, ਸੰਤਾਂ ਤੋਂ ਵੱਡਾ ਸੰਤ, ਫ਼ਿਲਾਸਫ਼ਰਾਂ ਦਾ ਫਿਲਾਸਫ਼ਰ, ਨਾਇਕਾਂ ਦਾ ਮਹਾਂ ਨਾਇਕ, ਰਹਿਬਰਾਂ ਦਾ ਇਹ ਰਹਿਬਰ ਸਾਹਿਬ ਸ੍ਰੀ ਕਾਂਸ਼ੀ ਰਾਮ 8 ਅਕਤੂਬਰ ਵਾਲੇ ਮਨਹੂਸ ਦਿਨ ਨੂੰ ਕਰੋੜਾਂ ਪੈਰੋਕਾਰਾਂ ਨੂੰ ਰੋਂਦਿਆਂ ਛੱਡ ਕੇ ਕਿਸੇ ਹੋਰ ਦੁਨੀਆਂ ਲਈ ਰਵਾਨਾ ਹੋ ਗਿਆ। ਜੈ ਭੀਮ, ਜੈ ਭਾਰਤ।

ਲੱਖ ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ
ਦਿੱਤਾ ਦਲਿਤ ਸਮਾਜ ਜਗਾ

ਅੱਜ ਘਰ-ਘਰ ਵਿਚ ਬਾਵਾ ਸਾਹਿਬ ਦਾ
ਦਿੱਤਾ ਯੋਧੇ ਨੇ ਮਿਸ਼ਨ ਫੈਲਾ
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ।

ਜੇ ਕਾਂਸ਼ੀ ਰਾਮ ਨਾ ਹੋਂਵਦਾ-ਸਾਨੂੰ ਰਹਿਬਰਾਂ ਦਾ ਹੁੰਦਾ ਨਾ ਪਤਾ
ਅਸੀਂ ਕੋਈ ਇਤਿਹਾਸ ਨਾ ਜਾਣਦੇ- ਬਿਨ ਗੁਨਾਹੋਂ ਮਿਲਦੀ ਸਜ਼ਾ
ਦਿੱਲੀ ਸਾਡਿਆਂ ਪੈਰਾਂ 'ਚ ਨਾ ਢੁੱਕਦੀ- ਸਾਡਾ ਕੋਈ ਨਾ ਲਾਉਂਦਾ ਭਾਅ
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ- ਦਿੱਤਾ ਦਲਿਤ ਸਮਾਜ ਜਗਾ

ਮਨੂੰਵਾਦ ਦੀ ਦੋਵੇਂ ਹੱਥੀਂ ਫੜਕੇ- ਦਿੱਤੀ ਇੱਟ ਨਾਲ ਇੱਟ ਖੜਕਾ
ਪਹਿਲਾਂ ਆਪ ਬੰਦੇ ਦੇ ਪੁੱਤ ਬਣ ਜਾਉ- ਵੈਰੀ ਪੁੱਤ ਦਊਂ ਬੰਦੇ ਦਾ ਬਣਾ
ਇਕੋ ਇਕ ਮਸਲੇ ਦਾ ਹੱਲ ਵੇ- ਲਉ ਤਖਤਾਂ ਨੂੰ ਹੱਥ ਪਾ।
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ- ਦਿੱਤਾ ਦਲਿਤ ਸਮਾਜ ਜਗਾ।

ਐਸਾ ਰਚ ਇਤਿਹਾਸ ਦਿੱਤਾ ਸੂਰੇ ਨੇ- ਦਿੱਤਾ ਵੋਟ ਨੂੰ ਬੰਬ ਬਣਾ
ਜਿਹੜੇ ਰੱਬ ਦੇ ਸ਼ਰੀਕ ਬਣੀ ਬੈਠੇ ਸੀ- ਦਿੱਤੇ ਆਪਣਿਆਂ ਪੈਰਾਂ 'ਚ ਝੁਕਾਅ
ਦਿਨ ਰਾਤ ਤੜਪ ਬੱਸ ਇਕੋ ਸੀ- ਦੇਵਾਂ ਕੌਮ ਦਾ ਬੇੜਾ ਬੰਨੇ ਲਾ
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ- ਦਿੱਤਾ ਦਲਿਤ ਸਮਾਜ ਜਗਾ

ਕੋਈ ਕਾਂਸ਼ੀ ਰਾਮ ਪੈਦਾ ਹੋਣਾ ਨੀ- ਲੱਖ ਕੌਮਾਂ ਜ਼ੋਰ ਲੈਣ ਲਾ
ਜਿਹਨੇ ਵਹਿਣ ਮੋੜੇ ਇਤਿਹਾਸ ਦੇ- ਦਿੱਤੇ ਉਲਟ ਹੀ ਵਹਿਣ ਵਹਾਅ
ਪਿੰਡ ''ਲਾਲ ਮਜਾਰੇ ਵਾਲੇ ਪੰਮੀ'' ਨੇ- ਦਿੱਤਾ ਸੱਚੋ ਸੱਚ ਸੁਣਾ
ਲੱਖ-ਲੱਖ ਪ੍ਰਣਾਮ ਕਾਂਸ਼ੀ ਰਾਮ ਨੂੰ- ਦਿੱਤਾ ਦਲਿਤ ਸਮਾਜ ਜਗਾ।

# "ਕਿਵੇਂ ਵਧਾਈਏ ਆਪਣੇ ਹੌਂਸਲਾ"



ਅਮਨਪ੍ਰੀਤ ਸਿੰਘ
9465554088

ਹਰ ਇਨਸਾਨ ਬਹੁਤ ਹੀ ਥੱਕ ਚੁੱਕਾ ਹੈ। ਜੇ ਆਪਾਂ ਕਿਸੇ ਨੂੰ ਕਹੀਏ ਕਿ ਆਪਾਂ ਕੋਈ ਨਵਾਂ ਕੰਮ ਕਰ ਲੈਂਦੇ ਹਾਂ ਤਾਂ ਕੁੱਝ ਅਜਿਹੇ ਜਵਾਬ ਮਿਲਦੇ ਹਨ ਉਯਾਰ ਹੁਣ ਤਾਂ ਵਿਆਹ ਹੋ ਚੁੱਕਾ ਹੈ, ਹੁਣ ਤਾਂ ਕੁੱਝ ਕਰਨ ਦਾ ਸਮਾਂ ਹੀ ਨਹੀਂ ਮਿਲਦਾ। ਤੁਹਾਨੂੰ ਪਤਾ ਤਾਂ ਹੈ ਕਿ ਵਿਆਹ ਤੋਂ ਬਾਅਦ ਕਿੰਨ੍ਹੀਆਂ ਮੁਸੀਬਤਾਂ ਵੱਧ ਜਾਂਦੀਆਂ ਹਨ।" ਉਬੇਟਾ, ਇਹ ਕੰਮ ਤਾਂ ਜਵਾਨੀ ਵੇਲੇ ਹੋ ਸਕਦਾ ਸੀ, ਹੁਣ ਕੀ ਕਰੀਏੜਹੁਣ ਤਾਂ ਅਸੀਂ ਬੁੱਢੇ ਹੋ ਚੁੱਕੇ ਹਾਂ, ਹੁਣ ਤਾਂ ਦਿਮਾਗ ਹੀ ਨਹੀਂ ਚਲਦਾ" ਉਨਾਂ ਭਰਾ ਨਾ, ਹੁਣ ਕੁੱਝ ਨਹੀਂ ਹੋ ਸਕਦਾ, ਜੇ ਮੈਂ ਕਿਧਰੇ ਹੋਰ ਵਿਅਸਤ ਹੋ ਗਿਆ ਤਾਂ ਆਪਣੀ ਪਤਨੀ ਅਤੇ ਬੱਚਿਆਂ ਲਈ ਸਮਾਂ ਕਿਵੇਂ ਦੇਵਾਂਗਾ?" ਮੈਨੂੰ ਇੱਕ ਗਲ ਸਮਝ ਨਹੀਂ ਆਉਂਦੀ ਕਿ ਇਨਸਾਨ ਇੰਨ੍ਹਾ ਕੁ ਜ਼ਿਆਦਾ ਵਿਅਸਤ ਹੋ ਗਿਆ ਹੈ ਕਿ ਉਹ ਆਪਣੇ ਲਈ ਵੀ ਸਮਾਂ ਨਹੀਂ ਕੱਢ ਸਕਦਾ। ਜਿੰਨ੍ਹੀ ਦੇਰ ਆਪਾਂ ਨਵੇਂ ਕੰਮ ਨਹੀਂ ਕਰਾਂਗੇ, ਨਵੀਆਂ ਸੋਚਾਂ ਨਹੀਂ ਸੋਚਾਂਗੇ, ਤਾਂ ਫਿਰ ਕਿਵੇਂ ਕਰਾਂਗੇ ਆਪਣੀ ਖੋਜ? ਜੇ ਆਪਾਂ ਆਪਣੀ ਖੁਦ ਦੀ ਹੀ ਖੋਜ ਨਾ ਕੀਤੀ ਤਾਂ ਫਿਰ ਕਿੰਝ ਹੋਵੇਗੀ ਆਪਣੀ ਜ਼ਿੰਦਗੀ ਸੁਖਾਲੀ? ਆਮ ਸੁਨਣ ਵਿੱਚ ਆਉਂਦਾ ਹੈ ਕਿ ਵਿਆਹ ਹੋਣ ਤੋਂ ਬਾਅਦ ਆਦਮੀ ਬਹੁਤ ਵਿਅਸਤ ਹੋ ਜਾਂਦਾ ਹੈ। ਕੀ ਸੰਦੀਪ ਮਹੇਸ਼ਵਰੀ ਦਾ ਵਿਆਹ ਨਹੀਂ ਹੋਇਆ? ਉਹ ਆਪਣੇ ਇੰਨ੍ਹੇ ਵੱਡੇ ਬਿਜ਼ਨਸ ਦੇ ਨਾਲੋ ਨਾਲ ਮੁਫਤ ਸੈਮੀਨਾਰ ਵੀ ਲਗਾ ਰਹੇ ਹਨ। ਕੀ ਉਹਨਾਂ ਦਾ ਕੋਈ ਪਰੀਵਾਰ ਨਹੀਂ ਹੈ? ਅਸੀਂ ਬੁਢੇ ਹੋ ਚੁੱਕੇ ਹਾਂ, ਇਸ ਲਈ ਅਸੀਂ ਹੁਣ ਕੁੱਝ ਨਹੀਂ ਕਰ ਸਕਦੇ। ਇਹ ਦਲੀਲ ਵੀ ਬਹੁਤ ਹੀ ਫਜ਼ੂਲ ਹੈ। ਕੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਬੁੱਢੇ ਨਹੀਂ ਹਨ? ਕੀ ਪੁਰਾਣੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਬੁੱਢੇ ਨਹੀਂ ਸਨ? ਕੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਬੁੱਢੇ ਨਹੀਂ ਸਨ? ਇਹ ਬਜ਼ੁਰਗ ਇਨਸਾਨ ਤਾਂ ਸਾਰਾ ਦੇਸ਼ ਸੰਭਾਲੀ ਬੈਠੇ ਹਨ ਤਾਂ ਫਿਰ ਸਾਨੂੰ ਕੀ ਹੋਇਆ ਹੈ। ਕੀ ਆਪਾਂ ਆਪਣੇ ਜੀਵਨ ਨੂੰ ਇੱਕ ਨਵੀਂ ਸ਼ੁਰੂਆਤ ਦੇਣ ਦੀ ਕੋਸ਼ਿਸ਼ ਵੀ ਨਹੀਂ ਕਰ ਸਕਦੇ? ਆਪਾਂ ਕਿਉਂ ਆਪਣੀ ਜ਼ਿੰਦਗੀ ਤੋਂ ਇੰਨ੍ਹੇ ਥੱਕ ਅਤੇ ਅੱਕ ਚੁੱਕੇ ਹਾਂ? ਜਦੋਂ ਕੋਈ ਹੋਰ ਨਵਾਂ ਆਪਣਾ ਸਿਰ ਉਠਾਉਣ ਦੀ ਕੋਸ਼ਿਸ਼ ਕਰਦਾ ਹੈ, ਆਪਾਂ ਸਾਰੇ ਉਸਦਾ ਹੌਂਸਲਾ ਵੀ ਢੇਰ ਕਰ ਦਿੰਦੇ ਹਾਂ। ਮੇਰੇ ਬਹੁਤ ਹੀ ਸਾਰੇ ਮਿੱਤਰਾਂ ਨੇ ਮੈਨੂੰ ਕਿਹਾ ਸੀ ਉਤੁਸੀਂ ਬਹਤ ਜ਼ਿਆਦਾ ਕਿਤਾਬਾਂ ਪੱੜ੍ਹ ਲੈਂਦੇ ਹੋ, ਤੁਸੀਂ ਬਹੁਤ ਸਾਰੇ ਨਵੇਂ ਵਿਚਾਰ ਵੀ ਪੇਸ਼ ਕਰਦੇ ਹੋ, ਪਰ ਇਹ ਸੱਭ ਸਿਰਫ ਉਦੋਂ ਤੱਕ ਹੀ ਹੈ, ਜਦ ਤੱਕ ਤੁਹਾਡਾ ਵਿਆਹ ਨਹੀਂ ਹੋ ਜਾਂਦਾ। ਵਿਆਹ ਤੋਂ ਬਾਅਦ ਤਾਂ ਤੁਸੀਂ ਸੈਮੀਨਾਰਾਂ ਦੇ ਕਮਰੇ ਦੀ ਕਿਸੀ ਨੁਕਰ ਵਿੱਚ ਜਾਕੇ ਬੈਠੇ ਰਿਹਾ ਕਰੋਂਗੇ।" ਪਰ ਮੇਰੇ ਵਿਆਹ ਤੋਂ ਬਾਅਦ ਹੋਇਆ ਇਸਦੇ ਬਿਲਕੁਲ ਉਲਟਾ। ਹੁਣ ਮੇਰੀ ਆਵਾਜ਼ ਸਿਰਫ ਸੈਮੀਨਾਰਾਂ ਦੇ ਕਮਰੇ ਵਿੱਚ ਹੀ ਨਹੀਂ, ਸਗੋਂ ਪੂਰੇ ਪੰਜਾਬ ਵਿੱਚ ਅਖਬਾਰਾਂ ਅਤੇ ਰੇਡਿਓ ਰਾਂਹੀ ਗੂੰਜ ਰਹੀ ਹੈ। ਯਕੀਨ ਮੰਨੋ ਵਿਆਹ ਹੋ ਜਾਣ ਨਾਲ ਯਾ ਉਮਰ ਵੱਧ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ। ਫਰਕ ਤਾਂ ਤੁਹਾਡੇ ਦਿਲ ਵਿੱਚ ਜਵਾਲਾਮੁਖੀ ਦੀ ਅੱਗ ਵਾਂਗ ਭੱਖ ਰਿਹਾ ਜਜ਼ਬਾ ਪਾਉਂਦਾ ਹੈ।

ਜਜ਼ਬਾ ਹੋਣਾ ਚਾਹੀਦਾ ਹੈ ਕੁੱਝ ਕਰਨ ਦਾ, ਇੱਕ ਤੜਪ ਹੋਣੀ ਚਾਹੀਦੀ ਹੈ ਆਪਣੇ ਆਪ ਨੂੰ ਲੱਭਣ ਦੀ। ਬੁੱਢਾ ਉਹ ਇਨਸਾਨ ਨਹੀਂ ਹੈ, ਜਿਸਦੀ ਉਮਰ ਜ਼ਿਆਦਾ ਹੈ। ਬੁੱਢਾ ਅਸਲ ਵਿੱਚ ਉਹ ਹੈ, ਜੋ ਆਪਣੀ ਜ਼ਿੰਦਗੀ ਤੋਂ ਹਾਰ ਮੰਨ ਗਿਆ ਹੈ, ਭਾਂਵੇ ਉਸਦੀ ਉਮਰ 20 ਸਾਲ ਹੋਵੇ। ਜੋ ਇਨਸਾਨ ਕਹਿੰਦਾ ਹੈ ਉਕੁੱਝ ਨਹੀਂ ਹੋ ਸਕਦਾ।" ਉਸੇ ਵਕਤ ਸਮਝ ਲੈਣਾ ਕਿ ਉਹ ਬੁੱਢਾ ਹੋ ਚੁੱਕਾ ਹੈ। ਕਿਉਂ ਕੁੱਝ ਨਹੀਂ ਹੋ ਸਕਦਾ। ਦੁਨੀਆ ਵਿੱਚ ਹਰ ਚੀਜ਼ ਸੰਭਵ ਹੈ। ਵਿਗਿਆਨਕ ਸਟੀਫਨ ਹਾਕਿਨਜ਼ ਨੂੰ ਹੀ ਦੇਖ ਲਵੋ। ਉਸ ਦਾ ਸਰੀਰ ਬਿਲਕੁਲ ਨਕਾਰਾ ਹੋ ਚੁੱਕਾ ਹੈ। ਉਸਨੂੰ ਤਾਂ ਬੋਲਣ ਲਈ ਵੀ ਕੰਪਿਊਟਰ ਦੀ ਮੱਦਦ ਲੈਣੀ ਪੈਂਦੀ ਹੈ, ਹਿਲਣਾ ਜੁਲਣਾ ਤਾਂ ਬਹੁਤ ਦੂਰ ਦੀ ਗਲ ਹੈ। ਅਜਿਹੀਆਂ ਅਵਸਥਾ ਵਿੱਚ ਵੀ ਉਹ ਨਵੀਆਂ ਖੋਜਾਂ ਕਰ ਰਿਹਾ ਹੈ। ਫਿਰ ਆਪਾਂ ਨੂੰ ਕੀ ਹੋਇਆ ਹੈ, ਆਪਣਾ ਤਾਂ ਸਾਰਾ ਸਰੀਰ ਸਵੱਸਥ ਹੈ। ਜੋਹਨ ਮਿਲਟਨ ਨੂੰ ਹੀ ਦੇਖ ਲੋ। ਉਸ ਲੇਖਕ ਦੀ ਲਿਖਦੇ ਲਿਖਦੇ ਹੀ ਅੱਖਾਂ ਦੀ ਰੌਸ਼ਨੀ ਚਲੀ ਗਈ।

ਪਰ ਫਿਰ ਵੀ ਉਹ ਆਪਣੀਆਂ ਸੇਵਾਵਾਂ ਦਿੰਦਾ ਰਿਹਾ। ਅੱਖਾਂ ਦੀ ਰੌਸ਼ਨੀ ਜਾਣ ਤੋਂ ਬਾਅਦ ਵੀ ਉਹ ਰਚਨਾਵਾਂ ਕਰਦਾ ਗਿਆ ਆਪਣੀ ਘਰ ਵਾਲੀ ਦੀ ਮੱਦਦ ਨਾਲ। ਉਹ ਬੋਲਦਾ ਰਹਿੰਦਾ ਅਤੇ ਉਸਦੀ ਘਰ ਵਾਲੀ ਲਿਖਦੀ ਰਹਿੰਦੀ। ਇਹ ਹੁੰਦਾ ਹੈ ਜਜ਼ਬਾ ਕੁੱਝ ਕਰਨ ਦਾ। ਹੁਣ ਅਸੀਂ ਸਾਰੇ ਦੁੱਖੀ ਹਾਂ, ਅਸੀਂ ਇਹ ਮੰਨਦੇ ਵੀ ਹਾਂ, ਪਰ ਫਿਰ ਵੀ ਅਸੀਂ ਕੁੱਝ ਸਹੀ ਕਰਨ ਲਈ, ਇੱਕ ਕਦਮ ਵੀ ਨਹੀਂ ਪੁਟਦੇ। ਸਾਨੂੰ ਫਿਰ ਤੋਂ ਆਪਣੀਆਂ ਸੁੱਤੀਆਂ ਪਈਆਂ ਆਤਮਾਵਾਂ ਨੂੰ ਜਗਾਉਣਾ ਹੀ ਪਵੇਗਾ।

ਸਾਨੂੰ ਵੱਧ ਤੋਂ ਵੱਧ ਚੰਗੇ ਸਾਹਿਤ ਨਾਲ ਜੁੜਨਾ ਹੀ ਪਵੇਗਾ। ਸਾਨੂੰ ਆਪਣੇ ਅੰਦਰ ਉਬਲਦੇ ਜਜ਼ਬੇ ਦੀ ਲੋਹ ਜਗਾਉਣੀ ਹੀ ਪਵੇਗੀ। ਸਾਨੂੰ ਆਪਣੇ ਆਪ ਨਾਲ ਇਹ ਪ੍ਰਣ ਕਰਨਾ ਹੀ ਪਵੇਗਾ ਉਅਸੀਂ ਮਰ ਜਾਵਾਂਗੇ, ਪਰ ਅਸੀਂ ਅਜਿਹੇ ਲੋਕਾਂ ਵਾਂਗ ਨਹੀਂ ਬਨਣਾ ਜੋ ਕਹਿੰਦੇ ਹਨ-ਕੁੱਝ ਨਹੀਂ ਹੋ ਸਕਦਾ!"

## ਆਰਥਿਕ ਸਰਵੇਖਣ ਅਨੁਸਾਰ ਪੰਜਾਬ ਦਾ ਭਵਿੱਖ ਧੁੰਦਲਾ

**ਚੰਡੀਗੜ੍ਹ-** ਪੰਜਾਬ ਸਰਕਾਰ ਬੇਸ਼ੱਕ ਵਿੱਤੀ ਸੰਕਟ ਦੇ ਜਾਲ ਵਿੱਚ ਫਸਣ ਦੀ ਹਕੀਕਤ ਨੂੰ ਮੰਨਣ ਲਈ ਤਿਆਰ ਨਹੀਂ ਹੈ ਪਰ ਇਸ ਦੇ ਆਪਣੇ ਹੀ ਦਸਤਾਵੇਜ਼ ਸਥਿਤੀ ਦੀ ਗੰਭੀਰਤਾ ਨੂੰ ਦਰਸਾ ਰਹੇ ਹਨ। ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਬਜਟ ਸੂਬੇ ਦੇ ਭਵਿੱਖ ਦੀ ਧੁੰਦਲੀ ਤਸਵੀਰ ਪੇਸ਼ ਕਰ ਰਿਹਾ ਹੈ। ਰਾਜ ਪੱਧਰੀ ਕੁੱਲ ਮਾਲੀ ਵਾਧੇ ਵਿੱਚ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਦਾ ਹਿੱਸਾ ਘਟਦਾ ਜਾ ਰਿਹਾ ਹੈ। ਸੂਬਾ ਸਰਕਾਰ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ ਅਤੇ ਪ੍ਰਤੀਬੱਧ ਖਰਚਿਆਂ ਮੁਕਾਬਲੇ ਵਿਕਾਸ ਲਈ ਫੰਡਾਂ ਦੀ ਮਾਤਰਾ ਨਿ-ਗੂਣੀ ਰਹਿ ਰਹੀ ਹੈ।

ਆਰਥਿਕ ਸਰਵੇਖਣ ਅਨੁਸਾਰ ਕੁੱਲ ਰਾਜ ਮਾਲੀ ਵਾਧੇ 'ਚ ਖੇਤੀ ਦਾ ਹਿੱਸਾ 2011-12 ਦੇ 19.73 ਫੀਸਦ ਮੁਕਾਬਲੇ ਘਟ ਕੇ ਸਾਲ 2015-16 'ਚ 17.03 ਫੀਸਦ ਰਹਿ ਗਿਆ ਹੈ। ਖੇਤੀਬਾੜੀ 'ਚ ਸਹਾਇਕ ਧੰਦੇ ਜੋੜ ਦੇਣ ਨਾਲ ਇਸੇ ਸਮੇਂ ਦੌਰਾਨ ਹਿੱਸਾ 30.81 ਫੀਸਦ ਤੋਂ ਘਟ ਕੇ 27.22 ਫੀਸਦ ਰਹਿ ਗਿਆ ਹੈ। ਉਦਯੋਗ ਦਾ ਕੁੱਲ ਮਾਲੀ ਹਿੱਸਾ 2011-12 ਵਿਚਲੇ 25.40 ਫੀਸਦ ਤੋਂ ਘਟ ਕੇ 23.88 ਫੀਸਦ ਰਹਿ ਗਿਆ ਹੈ, ਜਦਕਿ ਸੇਵਾਵਾਂ ਦਾ ਹਿੱਸਾ 43.79 ਫੀਸਦ ਤੋਂ ਵਧ ਕੇ 48.49 ਫੀਸਦ ਹੋ ਗਿਆ ਹੈ। ਖੇਤੀ ਅਤੇ ਉਦਯੋਗ ਖੇਤਰ ਦੀ ਸੁਸਤ ਵਿਕਾਸ ਦਰ ਕਾਰਨ ਬੇਰੁਜ਼ਗਾਰੀ ਸੰਕਟ ਪੈਦਾ ਹੋ ਰਿਹਾ ਹੈ। ਆਰਥਿਕ ਸਰਵੇਖਣ ਅਨੁਸਾਰ ਖੇਤੀ ਖੇਤਰ ਗੰਭੀਰ ਮੰਦੀ ਦਾ ਸ਼ਿਕਾਰ ਹੈ। 2009-10 ਤੋਂ ਖੇਤੀ ਵਿਕਾਸ ਦਰ ਦੋ ਫੀਸਦ ਤੋਂ ਵੀ ਘੱਟ ਰਹੀ ਹੈ ਬਲਕਿ 2009-10 ਵਿੱਚ ਤਾਂ ਇਹ ਨਾਕਾਰਾਤਮਕ ਵੀ ਰਹੀ। ਗੌਰਤਲਬ ਹੈ ਕਿ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਬਜਟ ਵਿੱਚ ਪੰਜ ਏਕੜ ਵਾਲੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਤੱਕ ਵਿਆਜ ਮੁਕਤ ਕਰਜ਼ ਦੇਣ ਦਾ ਐਲਾਨ ਕੀਤਾ ਹੈ, ਪਰ ਕਰਜ਼ੇ ਦੇ ਬੋਝ ਹੇਠ ਦਬੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਕੋਈ ਉਪਰਾਲਾ ਨਜ਼ਰ ਨਹੀਂ ਆ ਰਿਹਾ।

# ਬਹੁਜਨ ਸਮਾਜ ਦੇ ਨਿਧੜਕ ਵਿਦਵਾਨ ਸਵ: ਸੀ. ਐੱਲ. ਚੁੰਬਰ ਨੂੰ ਭਾਵ ਭਿੰਨੀਆਂ ਸ਼ਰਧਾਂਜ਼ਲੀਆਂ

### ਡਾ. ਕੁਲਵੰਤ ਸਿੰਘ (ਚੁੰਬਰ ਸਾਹਿਬ ਦੇ ਦੋਸਤ ਤੇ ਜਮਾਤੀ)

ਮਨੁੱਖਾਂ ''ਚੋਂ ਮਨੁੱਖ, ਬੰਦਿਆਂ 'ਚੋਂ ਬੰਦਾ, ਆਦਮੀਆਂ ''ਚੋਂ ਆਦਮੀ ਤੇ ਹੀਰਿਆਂ 'ਚੋਂ ਹੀਰਾ ਇਹ ਸ਼ਬਦ ਹਨ ਚੁੰਬਰ ਸਾਹਿਬ ਲਈ। ਚੁੰਬਰ ਇੱਕ ਸਾਲ ਸੀਨੀਅਰ ਸੀ ਮੇਰੇ ਤੋਂ। ਮੈਨੂੰ 1972 ਦੀ ਸਕੂਲ ਦੀ ਦੁਪਹਿਰ ਹੁਣ ਤੱਕ ਯਾਦ ਹੈ ਜਦੋਂ ਮੈਨੂੰ ਸਕੂਲ ਦੇ ਡਰਾਇੰਗ ਟੀਚਰ ਨੇ ਆ ਕੇ ਕਿਹਾ ਕਿ



ਕੁਲਵੰਤ, ਚਰੰਜੀ ਲਾਲ ਦਾ ਬਲੈਕ ਬੋਰਡ ਤੇ ਨਾਂ ਤੈਂ ਲਿਖਣਾ ਹੈ ਅਤੇ ਅਗਲੇ ਸਾਲ ਇਸੇ ਬੋਰਡ ਤੇ ਤੇਰਾ ਨਾਂ ਲਿਖਿਆ ਜਾਣਾ ਹੈ। ਚਰੰਜੀ ਲਾਲ 1972 'ਚ ਅੱਠਵੀਂ 'ਚੋਂ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ ਤੇ ਆਇਆ ਸੀ। ਅਗਲੀ ਯਾਦ ਇਹਨਾਂ ਦੀ ਮਾਤਾ ਜੀ ਨਾਲ ਜੁੜੀ ਹੋਈ ਹੈ। ਇਹਨਾਂ ਦੀ ਵੀ ਬਹੁਤ ਮਿਹਨਤ ਹੈ ਇਸੇ ਕਰਕੇ ਸਾਰੇ ਪਰਿਵਾਰ ਦੀ ਜ਼ਿੰਦਗੀ ਇਸ ਤਰ੍ਹਾਂ ਦੀ ਬਣੀ ਹੈ। ਦਸਵੀਂ ਦੇ ਪੇਪਰ ਦਿੱਤੇ।ਟੀਚਰਾਂ ਨੂੰ ਪੁੱਛਿਆ ਸਰ ਦੱਸੋ ਅੱਗੇ ਕੀ ਕਰੀਏ? ਉਹ ਕਹਿੰਦੇ ਚਰੰਜੀ ਲਾਲ ਕੋਲੋਂ ਕਿਤਾਬਾਂ ਲੈ ਕੇ ਪੜ੍ਹੋ।ਅਸੀਂ ਗਏ ਇਹਨਾਂ ਦੇ ਘਰ ਪੁੱਛ ਪੁੱਛਾ ਕੇ। ਅੱਗੋਂ ਚਰੰਜੀ ਲਾਲ ਘਰ ਨਹੀਂ ਸੀ।ਅਸੀਂ ਕਿਹਾ ਮਾਤਾ ਜੀ ਸਾਨੂੰ ਆਹ ਕਿਤਾਬਾਂ ਚਾਹੀਦੀਆਂ। ਇੱਕ ਵਾਰ ਵੀ ਨਾਂਹ ਨਹੀਂ ਕੀਤੀ। ਕਹਿੰਦੇ ਪੁੱਤ ਲੈ ਆਹ ਫੜ।ਇਹ ਵੀ ਨਹੀਂ ਪੁਛਿਆ ਕਿ ਕਦੋਂ ਦੇ ਕੇ ਜਾਵੇਗਾ। ਬਹੁਤ ਹੁਸ਼ਿਆਰ ਸੀ ਚਰੰਜੀ ਲਾਲ ਬਚਪਨ ਤੋਂ ਹੀ। ਇਸ ਮੌਕੇ ਤੇ ਮੈਂ ਤਾ ਇਹੀ ਕਹਿੰਦਾ ਹਾਂ ਕਿ ਸਾਨੂੰ ਉਹਨਾਂ ਦੇ ਦੱਸੇ ਮਾਰਗ ਤੇ ਚੱਲਣਾ ਚਾਹੀਦਾ ਹੈ।ਧੰਨਵਾਦ।

### ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਯੂਨੀਵਰਸਿਟੀ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਲ਼ ਬੈਠੀ ਸਾਧ ਸੰਗਤ ਜੀਓ ਸੀ.ਐੱਲ. ਚੁੰਬਰ ਸਾਹਿਬ ਨੂੰ ਸ਼ਰਧਾਂਜਲੀ ਦੇਣ ਵਾਸਤੇ ਅਸੀਂ ਸਾਰੇ ਇਕੱਠੇ ਹੋਏ ਆਂ। ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਵਿਸ਼ੇਸ਼ ਤੌਰ ਤੇ ਚੁੰਬਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਜਦੋਂ ਵੀ ਅਸੀਂ ਉਹਨਾਂ ਨੂੰ ਮਿਲੇ ਆਂ ਕਿਸੇ



ਵੀ ਰੂਪ ਵਿਚ ਮਿਲੇ ਆਂ ਚਾਹੇ ਵਿਆਹ ਤੇ ਹੀ ਕਿਉਂ ਨਾ ਮਿਲੇ ਹੋਈਏ ਉਹਨਾਂ ਦਾ ਇੱਕੋ ਇੱਕ ਜਿਹੜਾ ਜ਼ੋਰ ਸੀ, ਬਲ ਸੀ ਕਿ ਆਪਣੇ ਸਮਾਜ ਨੂੰ ਅੱਗੇ ਕਿਵੇਂ ਲੈ ਕੇ ਜਾਣਾ।ਜਦੋਂ ਮੈਂ ਗੱਲ ਕੀਤੀ ਕਿ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ ਹਾਂ ਤਾਂ ਉਹਨਾਂ ਕਿਹਾ ਕਿ ਤੁਹਾਨੂੰ ਆਹ ਕੁਝ ਕਰਨਾ ਚਾਹੀਦਾ। ਵਿਆਹ ਤੇ ਵੀ ਅੱਧਾ ਘੰਟਾ ਉਹਨਾਂ ਨੇ ਮੇਰੇ ਨਾਲ ਇਹੀ ਗੱਲਾਂ ਕੀਤੀਆਂ।ਜਿਹੜੀਆਂ ਗੱਲਾਂ ਤੁਸੀਂ ਕਰ ਰਹੇ ਹੋ ਜਾਂ ਅਸੀਂ ਸਾਂਝੀਆਂ ਕਰ ਰਹੇ ਹਾਂ। ਉਹਦੇ ਵਿਚ ਸਭ ਤੋਂ ਵੱਡੀ ਗੱਲ ਡਾ. ਅੰਬੇਡਕਰ ਨੇ ਜਿਹੜੀਆਂ ਤਿੰਨ ਗੱਲਾਂ ਕੀਤੀਆਂ ਕਿ ਪੜ੍ਹੋ, ਜੁੜੋ, ਸੰਘਰਸ਼ ਕਰੋ ਉਹ ਅਮਲ 'ਚ ਲਿਆਉਣੀਆਂ ਜਰੂਰੀ ਹਨ। ਆਪਣੇ ਆਪ ਨੂੰ ਇਕੱਠੇ ਕਰਨ ਤੋਂ ਬਾਅਦ ਫਿਰ ਲੜਨਾ ਵੀ ਆ।ਇਹ ਤਿੰਨ ਪੜਾਅ ਹਨ। ਸਾਡਾ ਪਹਿਲਾ ਪੜਾਅ ਆਪਣੇ ਦਿਮਾਗ ਨੂੰ ਸਹੀ ਕਰਨ ਦਾ ਹੈ। ਇਹ ਤਾਂ ਇੱਕ ਹਿੱਸਾ ਸੀ ਚੁੰਬਰ ਹੋਰਾਂ ਦਾ ਜਦੋਂ ਹਿੰਦੋਸਤਾਨ ਦੇ ਪੂਰੇ ਸਮਾਜ ਬਾਰੇ ਗੱਲ ਕਰਨ ਲੱਗ ਜਾਈਦਾ ਸੀ ਤੇ ਜੋ ਕੁਝ ਜਿਆਦਤੀਆ ਹੋਈਆਂ ਪੂਰੇ ਹਿੰਦੋਸਤਾਨ ਵਿਚ ਸ਼ੁਰੂ ਤੋਂ ਲੈ ਕੇ ਅੱਜ ਤੱਕ ਪੂਰੇ ਹਿੰਦੋਸਤਾਨ ਵਿਚ ਉਹ ਸਾਰੀਆਂ ਗਿਣਾਂ ਦਿੰਦੇ ਸੀ। ਉਹਨਾਂ ਦਾ ਪੜ੍ਹਨ ਦਾ ਦਾਇਰਾ ਬਹੁਤ ਵੱਡਾ ਸੀ।ਇਹ ਗੱਲ ਸਿੱਖਣ ਵਾਲੀ ਆ ਸਾਡੇ ਲਈ ਜੇ ਅਸੀਂ ਹਿੰਦੋਸਤਾਨ ਦੇ ਦੂਸਰੇ ਲੋਕਾਂ ਦੇ ਬਰਾਬਰ ਖੜਨਾ ਹੈ।ਉਹ ਤਾਂ ਰਿਜ਼ਰਵੇਸ਼ਨ ਦੇ ਨਾਂ ਤੇ ਕਹਿੰਦੇ ਆ ਕਿ ਇਹਨਾਂ ਨੂੰ ਆਉਂਦਾ ਕੱਖ ਨੀ। ਪਰ ਜਿਹੜੇ ਪੜ੍ਹ ਲਿਖ ਕੇ ਉਹਨਾਂ ਦੇ ਬਰਾਬਰ ਜਾਂਦੇ ਆ ਉਹਦੇ ਸਾਹਮਣੇ ਬੋਲਦੇ ਤਾਂ ਨਹੀਂ ਆ ਭਾਂਵੇ ਪਰ ਪੁਰਾਣੀਆ ਗੱਲਾਂ ਛੱਡਦੇ ਨਹੀਂ ਆਂ।ਇਹੋ ਜਿਹੇ ਸਮਾਜ ਦੇ ਵਿਚ ਜਿਹਦੇ ਵਿਚ ਅਸੀਂ ਰਹੇ ਆਂ, ਚੁੰਬਰ ਸਾਹਿਬ ਰਹੇ ਆ। ਆਉਣ ਵਾਲਾ ਅਗਲਾ ਸਮਾਜ ਬੜਾ ਖਤਰਨਾਕ ਆ।ਇਹਦੇ ਵਿਚ ਉਹ ਚੀਜ਼ਾਂ ਮੁੜ ਕੇ ਆ ਰਹੀਆਂ ਹਨ ਜਿਹੜੀਆਂ ਸਾਨੂੰ ਇਹ ਅਹਿਸਾਸ ਦੁਆਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਅਸੀਂ ਦਲਿਤ ਹਾਂ ਤੇ ਇਹਦੇ ਲਈ ਲੜਾਈ ਭਾਈ ਹੋਰ ਵੀ ਤਿਖੀ ਹੋਣੀ ਆਂ।ਸੀ.ਐੱਲ. ਚੁੰਬਰ ਸਾਹਿਬ ਜੋ ਕਹਿ ਗਏ ਆ ਉਹਨੂੰ ਚੰਗੀ ਤਰ੍ਹਾਂ ਪਚਾ ਕੇ ਤਕੜੇ ਹੋ ਕੇ ਰਹੀਏ।ਮੇਰਾ ਖਿਆਲ ਆ ਇਹੋ ਉਹਨਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ।ਤੁਹਾਡਾ ਬਹੁਤ ਬਹੁਤ ਧੰਨਵਾਦ ਸ਼ੁਕਰੀਆ।

### ਸ਼੍ਰੀ ਦਰਸ਼ਨ ਲਾਲ ਜੇਠੂਮਾਜਰਾ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਹਾਨ ਇਨਸਾਨ ਦੀ ਸ਼ਰਧਾਂਜਲੀ ਵਿਚ ਇਕੱਠੀ ਹੋਈ ਸਾਰੀ ਸਾਧ ਸੰਗਤ ਜੀ ਅੱਜ ਅਸੀਂ ਇੱਕ ਬਹੁਤ ਉੱਚੇ ਸੁੱਚੇ ਮਨੁਖ ਸੀ. ਐੱਲ. ਚੁੰਬਰ ਨੂੰ ਰਿਸਤੇਦਾਰ, ਸੱਜਣ-ਮਿੱਤਰ, ਸਕੇ ਸਬੰਧੀ, ਮਿਸ਼ਨਰੀ ਵਰਕਰ, ਸਮਾਜ ਸੁਧਾਰਕ, ਸਮਾਜਿਕ ਰਾਜਨੀਤਕ ਆਗੂ ਨੂੰ ਸ਼ਰਧਾਂਜਲੀ ਦੇ ਰਹੇ ਆਂ। ਕਾਫੀ ਗੱਲ ਉਹਨਾਂ ਬਾਰੇ ਹੋ ਚੁੱਕੀ ਹੈ ਔਰ ਕਾਫੀ ਕੁਝ ਹੋਰ ਕਹੀ ਜਾ ਸਕਦੀ ਹੈ। ਇਸ ਕਰਕੇ ਅੱਜ ਅਸੀਂ ਉਹਨਾਂ ਦੇ ਜਾਣ ਤੋਂ ਬਾਅਦ ਜੇ ਅਸੀ ਲੰਬੇ ਚੌੜੇ ਭਾਸ਼ਣ ਕਰੀ ਜਾਈਏ ਤਾਂ ਉਹ ਬੇਮਾਇਨਾ ਹੋ ਕੇ ਰਹਿ ਜਾਣਾ ਹੈ। ਕਿਉਂਕਿ ਜੋ ਕੁਝ ਅਸੀਂ ਉਸ ਇਨਸਾਨ ਵਰਤਿਆ, ਸਾਂਝਿਆਂ ਕੀਤਾ ਉਹ ਇੱਕ ਬਹੁਤ ਵੱਡਾ ਇਤਿਹਾਸ ਹੈ। ਸਾਹਿਬ



ਕਾਂਸ਼ੀ ਰਾਮ ਜੀ ਅਤੇ ਮੈਂ ਉਹਨਾਂ ਨਾਲ ਉਹਨਾਂ ਦੇ ਘਰ ਜਾਇਆ ਕਰਦੇ ਸੀ। ਰਾਸ਼ਟਰੀ ਨੇਤਾ ਕਾਂਸ਼ੀ ਰਾਮ ਜੀ ਇਹ ਦੇਖ ਕੇ ਹੈਰਾਨ ਹੋ ਗਏ ਕਿ ਇੱਕ ਇਨਸਾਨ ਕੋਲ ਇੰਨੀਆਂ ਕਿਤਾਬਾਂ ਦਾ ਕਮਰਾ ਭਰਿਆ ਪਿਆ। ਇਹ ਉਹਦੇ ਕੋਲ ਐਡਾ ਵੱਡਾ ਇਤਿਹਾਸ ਹੈ ਜੋ ਹੋਰ ਕਿਸੇ ਇਨਸਾਨ ਕੋਲ ਨਹੀਂ। ਜਦੋਂ ਬਾਬਾ ਸਾਹਿਬ 6 ਦਸੰਬਰ 1956 ਨੂੰ ਇਸ ਦੁਨੀਆਂ ਤੋਂ ਗਏ ਦੂਸਰੇ ਦਿਨ ਅਖ਼ਬਾਰ ਨੇ ਛੋਟੀਆ ਛੋਟੀਆਂ ਖ਼ਬਰਾਂ ਲਾਈਆਂ। ਚੁੰਬਰ ਸਾਹਿਬ ਨੇ ਦੋ ਤਿੰਨ ਅੰਗਰੇਜ਼ੀ ਦੀਆਂ ਅਖ਼ਬਾਰਾਂ ਕੱਢ ਕੇ ਕਾਂਸ਼ੀ ਰਾਮ ਜੀ ਦੇ ਅੱਗੇ ਰੱਖ ਦਿੱਤੀਆਂ। ਸਾਹਿਬ ਕਾਂਸ਼ੀ ਰਾਮ ਜੀ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਏ।ਕੁਝ ਦਿਨ ਬਾਅਦ ਜਦੋਂ ਮੈਂ ਸੀ. ਐੱਲ. ਚੁੰਬਰ ਨੂੰ ਮਿਲਿਆ ਤਾਂ ਉਹਨਾਂ ਦੱਸਿਆ ਕਿ ਮੈਨੂੰ ਪੜ੍ਹਨ ਦਾ ਅਤੇ ਦਲਿਤ ਇਤਿਹਾਸ ਇਕੱਠਾ ਕਰਨ ਦਾ ਸ਼ੌਂਕ ਆ ਤਾਂ ਕਿ ਆਉਣ ਵਾਲੀ ਪੀੜੀ ਇਹਨਾਂ ਰਚਨਾਵਾਂ ਨੂੰ ਪੜ੍ਹ ਕੇ ਗੱਲ ਅਗਾਂਹ ਤੋਰ ਸਕੇ। ਬਾਬੂ ਮੰਗੂ ਰਾਮ ਜੀ ਨੂੰ ਪੰਜਾਬ ਵਿਚ ਮੁੜ ਜਿਉਂਦਾ ਕਰਨ ਵਾਲੇ ਸੀ. ਐੱਲ. ਚੁੰਬਰ ਆ।ਮੈਂ ਲੰਬੀ ਚੌੜੀ ਗੱਲ ਨਹੀਂ ਕਰਾਂਗਾ ਪਨੂੰ ਜੀ ਬਹੁਤ ਕੁਝ ਕਹਿ ਕੇ ਗਏ ਆ। ਸੁਲਹਾਨੀ ਜੀ ਬੈਠੇ ਆ। ਇਸ ਮੌਕੇ ਮੈਂ ਇਹੀ ਕਹਾਂਗਾ ਕਿ ਉਹ ਚਲੇ ਗਏ ਆ ਇਹ ਘਾਟਾ ਪਰਿਵਾਰ ਨੂੰ ਪੈ ਗਿਆ ਅਤੇ ਕਈ ਗੁਣਾਂ ਜਿਆਦਾ ਸਮਾਜ ਨੂੰ ਪੈ ਗਿਆ, ਮਿਸ਼ਨ ਨੂੰ ਪੈ ਗਿਆ।ਪਰਿਵਾਰ ਨੂੰ ਬੇਨਤੀ ਹੈ ਕਿ ਸੀ.ਐੱਲ.ਚੁੰਬਰ ਦੇ ਕਾਰਵਾਂ ਨੂੰ ਚੱਲਦਾ ਰੱਖਣ।ਦੀਵੇ 'ਚ ਤੇਲ ਪਾਈ ਰੱਖਣ ਜਿੱਥੇ ਕਿਤੇ ਮੇਰੀ ਜਰੂਰਤ ਪਵੇ ਮੈਂ ਹਾਜ਼ਰ ਹਾਂ।ਜੈ ਭੀਮ ਜੈ ਭਾਰਤ ਜੈ ਗੁਰੂ ਦੇਵ।

### ਫਰੈਡੀ ਜੋਸਫ਼ ਜੀ (ਮੁੱਖ ਸੰਪਾਦਕ ਮਸੀਹੀ ਸੰਸਾਰ, ਜਲੰਧਰ)



ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੀ ਸਾਧ ਸੰਗਤ ਜੀ ਮੈਂ ਚੁੰਬਰ ਸਾਹਿਬ ਨੂੰ ਤਿੰਨ ਚਾਰ ਵਾਰ ਮਿਲਿਆ। ਮੇਰੇ ਤੇ ਉਹਨਾਂ ਦਾ ਬਹੁਤ ਪ੍ਰਭਾਵ ਆ ।ਸ਼੍ਰੀ ਪੀ.ਕੇ. ਚੁੰਬਰ ਜੋ ਅਮਰੀਕਾ 'ਚ ਪੇਪਰ ਚਲਾਉਂਦੇ ਆ ਉਹਨਾਂ ਦਾ ਮਿਸ਼ਨ ਵੀ ਚੁੰਬਰ ਸਾਹਿਬ ਵਾਲਾ ਹੀ ਆ। ਦਲਿਤ ਸਮਾਜ ਲਈ ਇਸ ਪਰਿਵਾਰ ਦੀ ਬੜੀ ਵੱਡੀ ਦੇਣ ਆ। ਸਾਨੂੰ ਇਸ ਕ੍ਰਾਂਤੀਕਾਰੀ ਪਰਿਵਾਰ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਇਹਨਾਂ ਦੀ ਸੋਚ ਨੂੰ ਅੱਗੇ ਲੈ ਕੇ ਜਾਣਾ ਚਾਹੀਦਾ ਹੈ। ਇਹੀ ਚੁੰਬਰ ਸਾਹਿਬ ਨੂੰ ਸ਼ਰਧਾਂਜਲੀ ਹੋਵੇਗੀ।

### ਡਾ. ਰਾਮ ਲਾਲ ਜੱਸੀ

ਸਾਥੀਓ ਸਸਕਾਰ ਵਾਲੇ ਦਿਨ ਮੈਂ ਮਾਡਲ ਟਾਊਨ ਪਹੁੰਚ ਗਿਆ। ਚੁੰਬਰ ਜੀ ਦੀ ਕਿਹੜੀ ਕਿਹੜੀ ਗੱਲ ਕਰੀਏ। 1980 ਵਿਚ ਮੈਂ ਤੇ ਸੀ.ਐੱਲ. ਚੁੰਬਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨਾਲ ਗਏ। ਮੈਂ ਹੈਰਾਨ ਹਾਂ ਜਿੰਨੀ ਰਫਤਾਰ ਨਾਲ ਉਸ ਆਦਮੀ ਦੀ ਸੋਚ ਅਗਾਂਹ ਜਾਣੀ ਚਾਹੀਦੀ ਸੀ ਉਹ ਜਾ ਨਹੀਂ ਰਹੀ। ਸਸਕਾਰ ਤੇ ਮੇਰੀ ਭੈਣ ਸੰਤੋਸ਼ ਨੇ ਮੈਨੂੰ ਗੱਲ ਕਹੀ ਤੇ ਮੇਰਾ ਹਿਰਦਾ ਵਲੂੰਦਰਿਆ ਗਿਆ।ਮੈਨੂੰ ਕਹਿਣ ਲੱਗੇ ਡਾ. ਜੱਸੀ ਸਾਹਿਬ ਮੇਰੇ ਚੁੰਬਰ ਦੀ ਕਿਸੇ ਨੇ ਕਦਰ ਨਹੀਂ ਪਾਈ।ਕਹਿ ਰੋਣ



ਲੱਗ ਪਏ..। ਅੱਜ ਮੈਂ ਭੈਣ ਸੰਤੋਸ਼ ਨੂੰ ਦੱਸਣਾ ਚਾਹੁੰਦਾ ਕਿ ਜਿਹੜੀ ਸਮ-ਾਜਿਕ ਚੇਤਨਾ, ਸੰਘਰਸ਼, ਲਹਿਰ 'ਚ ਅਸੀਂ ਕੁੱਦੇ ਸੀ ਉਹ ਖਤਮ ਨਹੀਂ ਹੋਈ। ਉਹ ਕਿਸੇ ਨਾ ਰੂਪ ਵਿਚ ਚੱਲੀ ਜਾ ਰਹੀ ਹੈ।ਇੱਥੇ ਮੇਰੇ ਇੱਕ ਸਾਥੀ ਵਕਤਾ ਨੇ ਗੱਲ ਕਹੀ ਸੀ ਕਿ ਲਹਿਰ ਚੱਲਦੀ ਰਹੇ।ਜੋ ਇਹ ਸਾਰਾ ਕੁਝ ਅੱਜ ਹੋ ਰਿਹਾ ਹੈ ਇਹ ਉਸ ਸੰਘਰਸ਼ ਦਾ ਨਤੀਜਾ ਹੈ। ਡਾ. ਰੌਣਕੀ ਰਾਮ, ਪਾਸਲਾ ਸਾਹਿਬ ਨੇ ਠੀਕ ਕਿਹਾ ਸੀ। ਉਹ ਰੰਗੀਲਾ ਯਾਰ ਸੀ ਸਾਡਾ।ਜੋ ਕੰਮ ਉਸ ਨੇ ਕੀਤਾ ਉਹ ਮਿਸਾਲ ਜਗਦੀ ਰੱਖਣੀ ਹੈ ਆਪਾਂ। ਧੰਨਵਾਦ.।

### ਮਿਸਿਜ਼ ਸੰਤੋਸ਼ ਚੁੰਬਰ (ਸੁਪਤਨੀ ਸਵਰਗੀ ਸੀ ਐਲ ਚੁੰਬਰ

ਗੁਰੂ ਰਵਿਦਾਸ ਗੁਰੁਦੁਆਰਾ ਹਾਲ 'ਚ ਬੈਠੇ ਮੇਰੇ ਸਾਥੀ, ਭੈਣਾਂ, ਭਰਾ ਮੈਨੂੰ ਬਹੁਤ ਹੌਂਸਲਾ ਹੋਇਆ।ਮੇਰੇ ਚੁੰਬਰ ਜੀ, ਮੇਰੇ ਹੀ ਨਹੀਂ ਸਾਡੇ ਸਭ ਦੇ ਸਾਥੀ ਸਨ। ਉਹਨਾਂ ਨੇ ਜੋ ਕੁਝ ਵੀ ਸਮਾਜ ਲਈ ਕੀਤਾ ਜੋ ਜੇ ਮੈਂ ਆਪਣੇ ਮੂੰਹੋ ਕਹਿੰਦੀ ਤਾਂ ਲੋਕ ਮੈਨੂੰ ਝੂਠੀ ਹੀ ਸਮਝਦੇ। ਅੱਜ ਜੋ ਮੇਰੇ ਭਰਾਵਾਂ ਨੇ ਉਹਨਾਂ ਦੇ ਸਿਫਤਾਂ ਦੇ ਪੁਲ ਬੰਨ੍ਹੇ ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧਾ, ਅੱਜ ਮੈਨੂੰ ਪਤਾ ਲੱਗਾ ਕਿ ਮੇਰੇ ਸਾਥੀ ਚੁੰਬਰ ਜੀ ਨੂੰ ਕਿੰਨਾ ਗਿਆਨ ਸੀ, ਕਿੰਨਾ ਕੁਝ ਪਤਾ ਸੀ। ਅੱਜ ਮੇਰੇ



ਚੁੰਬਰ ਦਾ ਰੋਮ ਰੋਮ ਖੁਸ਼ ਹੋ ਗਿਆ ਹੋਣਾ। ਕਿੰਨੀ ਕਿੰਨੀ ਦੂਰੋਂ ਮੇਰੇ ਚੁੰਬਰ ਦੇ ਸਾਥੀ ਆਏ ਆ। ਆਓ ਅਸੀਂ ਸਾਰੇ ਓਹਨਾਂ ਦੀਆਂ ਆਸਾਂ ਉਮੀਦਾਂ ਤੇ ਖਰੇ ਉਤਰੀਏ। ਤੁਸੀਂ ਜਿੱਥੇ ਵੀ ਮੈਨੂੰ ਸੱਦੋਗੇ ਮੈਂ ਆਵਾਂਗੀ। ਤੁਹ-ਾਡੀਆਂ ਆਸਾਂ ਤੇ ਖਰਾ ਉਤਰਾਂਗੀ। ਮੇਰੇ ਚੁੰਬਰ ਜੀ ਜਿੱਥੇ ਵੀ ਜਾਂਦੇ ਸੀ ਮੈਨੂੰ ਭਾਸ਼ਣ ਦੇਣ ਲਈ ਕਹਿੰਦੇ ਸੀ। ਚਾਹੇ ਮੈਂ ਚਾਰ ਲਾਈਨਾਂ ਹੀ ਬੋਲਦੀ ਸੀ ਉਹਨਾਂ ਨੂੰ ਚੰਗਾ ਲਗਦਾ ਸੀ।ਕਹਿੰਦੇ ਸੀ ਆਪਣੇ ਬੱਚਿਆਂ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ ਸ਼ੇਰਾਂ ਕੁੱਤਿਆਂ ਤੋਂ ਨਹੀਂ ਡਰਾਉਣਾ ਚਾਹੀਦਾ। ਮਹਾਨ ਹਸਤੀਆਂ ਦੇ ਨਾਂ ਲੈ ਕੇ ਬਹਾਦਰ ਬਣਾਓ। ਚਰਾਗ ਹਮੇਸ਼ਾਂ ਬਲਦਾ ਰੱਖੋ। ਉਹਨਾਂ ਨੂੰ ਗ਼ਜ਼ਲਾਂ ਗੀਤ ਲਿਖਣ ਦਾ ਵੀ ਸ਼ੌਂਕ ਸੀ ।ਕਹਿੰਦੇ ਸੀ ਪੜ੍ਹ ਕੇ ਦੇਖ। ਅੱਜ ਮੇਰਾ ਦਿਮਾਗ ਖੁੱਲ੍ਹਾ।ਇੰਨਾ ਦਿਮਾਗ ਸੀ ਮੇਰੇ ਚੁੰਬਰ ਕੋਲ। ਸਾਡਾ ਘਰ ਕਿਤਾਬਾਂ ਨਾਲ ਭਰਿਆ ਸੀ। ਮੈਂ ਕਹਿ-ੰਦੀ ਸੀ ਚੁੰਬਰ ਜੀ ਤੁਸੀਂ ਬਹੁਤ ਗੰਦ ਪਾਇਆ ਹੋਇਆ ਘਰ ਵਿਚ। ਕਹਿੰਦੇ ਐੱਸ. ਕੇ. ਏਦਾਂ ਨੀ ਕਹੀਦਾ ਹੁੰਦਾ ਇਹ ਬਹੁਤ ਪਵਿੱਤਰ ਹੁੰਦੀਆਂ। ਮੈਂ ਕਿਹਾ ਜੇ ਆਪਾਂ ਸਾਫ ਰੱਖਾਂਗੇ ਤਾਂ ਪਵਿੱਤਰ ਆ ਜੇ ਇੱਦਾਂ ਹੀ ਸੁੱਟੀ ਗਏ ਤਾਂ ਚੰਗਾ ਨੀ ਲਗਦਾ। ਲੋਕ ਕਹਿਣਗੇ ਚੁੰਬਰ ਦੇ ਘਰ ਕਿੰਨਾ ਗੰਦ ਪਿਐ।ਮੈਂ ਇੱਕ ਉਹਨਾਂ ਦੀ ਕਵਿਤਾ ਪੜ੍ਹ ਕੇ ਸੁਣਾਉਂਦੀ ਆਂ ਜੋ ਮੇਰੇ ਦਿਓਰ ਪੀ.ਕੇ. ਚੁੰਬਰ ਨੇ ਆਪਣੀ ਅਖ਼ਬਾਰ ਦੇਸ਼ ਦੁਆਬਾ 'ਚ ਛਾ-ਪੀਆਂ:-

ਲੋਕਾਂ ਦੇ ਮੁਰਝਾਏ ਚਿਹਰੇ ਹੱਸਣਗੇ  
ਮੇਰੇ ਉਜੜੇ ਘਰ ਵਿਚ ਲੋਕੀ ਵੱਸਣਗੇ।  
ਅੱਜ ਜੇ ਪਤਝੜ ਕੱਲ੍ਹ ਬਸੰਤ ਵੀ ਆਵੇਗੀ  
ਮੂੰਹ ਵਿਚ ਉਂਗਲਾਂ ਪਾ ਪਾ ਲੋਕੀ ਤੱਕਣਗੇ  
ਵਰਕੇ ਨਹੀਂ ਇਤਿਹਾਸ ਬਦਲ ਕੇ ਰੱਖਣਾ ਹੈ।  
ਤਾਂ ਜੋ ਲੋਕ ਭਵਿੱਖ ਕਾਲ ਨੂੰ ਦੱਸਣਗੇ  
ਸ਼ਾਮੀ ਸੂਰਜ ਮਰਿਆ ਤੜਕੇ ਜਨਮ ਪਿਆ।  
ਲੋਕੀ ਏ ਪੈਗਾਮ ਜੋਗੋ ਜੁਗ ਦੱਸਣਗੇ  
ਸੋਚੋ ਸਮਝੋ ਲੋਕੋ ਵੇਲਾ ਸਮਝਣ ਦਾ।  
ਰੋਟੀ ਨਾਲ ਨਾ ਲੋਕ ਕਦੇ ਵੀ ਰੱਜਣਗੇ।  
ਪਾਟੇ ਹੈ ਤਾਂ ਪਾਟੇ ਢੋਲ ਵਜਾ ਦੇ ਅੱਜ।  
ਦੇਖੀਂ ਲੂਲ੍ਹੈ ਲੰਗੜੇ ਵੀ ਅੱਜ ਨੱਚਣਗੇ।  
ਦੂਰ ਦ੍ਰਿਸ਼ਟੀ ਸਖਤ ਮਿਹਨਤ ਅਨੁਸ਼ਾਸਨ ਹੀ।  
'ਚੁੰਬਰ' ਦੇ ਘਰ ਖੁਸ਼ੀਆਂ ਲੈ ਲੈ ਵਸਣਗੇ।



ਇਹ ਕਵਿਤਾ ਜਦੋਂ ਮੈਂ ਅੱਜ ਇੰਨੇ ਸਮੇਂ ਬਾਅਦ ਪੜ੍ਹੀ ਤਾਂ ਪਤਾ ਲੱਗਾ ਕਿ ਮੇਰੇ ਪਤੀ ਇੰਨੀਆਂ ਵਧੀਆ ਕਵਿਤਾਵਾਂ ਲਿਖਦੇ ਸੀ। ਮੈਂ ਉਹਨਾਂ ਸਾਹਮਣੇ ਕਿਉਂ ਨੀ ਇੰਨਾ ਗੌਰ ਕੀਤਾ? ਪਰ ਮੈਨੂੰ ਉਹਨਾਂ ਤੇ ਬਹੁਤ ਮਾਣ ਹੈ। ਅਸੀਂ ਉਹਨਾਂ ਦਾ ਸਿਰ ਉੱਚਾ ਰੱਖ-ਾਂਗੇ। ਉਹਨਾਂ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਵਾਂਗੇ। ਮੈਂ ਇੱਥੇ ਪਹੁੰਚੇ ਸਾਰਿਆਂ ਸਨੇਹੀਆਂ ਦਾ ਦਿਲੋਂ ਸਤਿਕਾਰ ਨਾਲ ਧੰਨਵਾਦ ਕਰਦੀ ਹਾਂ।

**ਰਿਪੋਰਟ: ਡਾ. ਜਸਵੰਤ ਰਾਏ ਸਾਹਰੀ**  
**91-98158-25999**

**ਬਹੁਤ ਸਾਰੇ ਬੁਲਾਰੇ ਜਿਹਨਾਂ ਦੀ ਆਡੀਓ-ਵੀਡੀਓ ਸਾਡੇ ਕੋਲ ਫਿਲਹਾਲ ਉਪਲਬਧ ਨਹੀਂ, ਜਿਉਂ ਹੀ ਸਾਡੇ ਕੋਲ ਜਾਣਕਾਰੀ ਪਹੁੰਚੇਗੀ, ਉਹਨਾਂ ਦਾ ਸ਼ੋਕ ਸੰਦੇਸ਼ ਅਤੇ ਸ਼ਰਧਾਂਜਲੀ ਅਸੀਂ ਪੇਸ਼ ਕਰਾਂਗੇ।**

### ਸ੍ਰੀ ਸੀ. ਐਲ. ਚੁੰਬਰ ਦੇ ਸਵਰਗ ਵਾਸ ਹੋ ਜਾਣ ਉਤੇ ਦੁਖ ਦਾ ਪ੍ਰਗਟਾਵਾ

ਪਿਆਰੇ ਪ੍ਰੇਮ, ਚਾਰ ਹਫਤੇ ਹੋਏ ਮੇਰਾ ਚਿੱਟੇ ਮੋਤੀਏ ਦਾ ਉਪ੍ਰੇਸ਼ਨ ਹੋਣ ਕਰਕੇ ਮੈਂ ਅਖਬਾਰਾਂ ਨਹੀਂ ਪੜ੍ਹ ਰਿਹਾ ਸੀ। ਕਲ੍ਹ ਰਾਤੀਂ ਮੈਂ 2 ਮਾਰਚ ਦੀ ਦੇਸ਼ ਦੁਆਬਾ ਨੂੰ ਵੇਖ ਰਿਹਾ ਸੀ ਕਿ ਪ੍ਰੋ: ਐਚ: ਐਲ: ਕਪੂਰ ਜੀ ਦਾ ਸ੍ਰੀ ਸੀ.ਐਲ. ਚੁੰਬਰ ਬਾਰੇ ਲੇਖ ਨੂੰ ਪੜ੍ਹ ਕੇ ਜੋ ਜਾਣਕਾਰੀ ਮਿਲੀ ਮੇਰੇ ਲਈ ਬਿਲਕੁਲ ਨਵੀਂ ਸੀ। ਮੈਨੂੰ ਆਪ ਦਾ ਵੀਰ ਜੋ ਤਿੰਨ ਭਰਾਵਾਂ ਅਤੇ ਤਿੰਨ ਭੈਣਾਂ ਦਾ ਵੱਡਾ ਭਰਾ ਸੀ, ਸਦਾ ਲਈ ਵਿਛੋੜਾ ਦੇ ਗਿਆ ਹੈ।ਮੈਂ ਸਤਿਗੁਰਾਂ ਪਾਸ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪ੍ਰਵਾਰ ਨੂੰ ਭਾਨਾ ਮੰਨਣ ਦਾ ਬਲ ਪ੍ਰਦਾਨ ਕਰੇ।

**ਹਰਬੰਸ ਸਿੰਘ ਜਗਿਆਸੂ (ਯੂਬਾ ਸਿਟੀ)**

### ਸਵਰਗੀ ਸੀ ਐਲ ਚੁੰਬਰ ਜੀ ਨੂੰ ਸ਼ਰਧਾਂਜਲੀ

ਅਖਬਾਰ ਪੜ੍ਹਨ ਤੋਂ ਪਤਾ ਲੱਗਾ ਕਿ ਦਲਿਤ ਕੌਮ ਦੇ ਅਣਮੁੱਲੇ ਹੀਰੇ ਸ੍ਰੀ ਸੀ ਐਲ ਚੁੰਬਰ ਅੱਜ ਸਾਡੇ ਵਿਚ ਨਹੀਂ ਰਹੇ। ਇਹ ਖਬਰ ਪੜ੍ਹ ਕੇ ਮਨ ਨੂੰ ਬੇਹੱਦ ਦੁੱਖ ਹੋਇਆ ਕਿ ਅੱਜ ਸਾਡੀ ਕੌਮ ਦੀ ਮਾਨਸਿਕਤਾ ਤੇ ਦੁੱਖ ਸੁੱਖ ਨੂੰ ਮਹਿਸੂਸ ਕਰਨ ਅਤੇ ਕੌਮ ਦੀ ਯੋਗ ਤੇ ਨਿੱਘਰ ਅਗਵਾਈ ਕਰਨ ਵਾਲਾ ਇਕ ਹੋਰ ਹੀਰਾ ਸਾਡੇ ਤੋਂ ਗੁਆਚ ਗਿਆ। ਜੋ ਕਿ ਬਹੁਤ ਹੀ ਨਿਧੜਕ ਲਿਖਾਰੀ ਸਨ। ਜਿਨ੍ਹਾਂ ਨੇ 'ਕੌਮੀ ਉਡਾਰੀਆਂ' ਮੈਗਜ਼ੀਨ ਦੇ ਮੁੱਖ ਸੰਪਾਦਕ ਦੀ ਭੂਮਿਕਾ ਵੀ ਬਾਖੂਬੀ ਨਿਭਾਈ। ਇਹਨਾਂ ਦੀਆਂ ਲਿਖਤਾਂ ਜੋ ਅਖਬਾਰਾਂ ਵਿਚ ਛਪਦੀਆਂ ਸਨ, ਮੈਂ ਅਕਸਰ ਹੀ ਪੜ੍ਹਿਆ ਕਰਦਾ ਸੀ। ਉਹਨਾਂ ਦੀ ਹਰ ਲਿਖਤ ਵਿਚ ਸਾਡੇ ਲਈ ਇਕ ਸੁਨੇਹਾ, ਰਾਹ ਦਰਸੇਵਾ ਹੁੰਦਾ ਸੀ। ਉਹਨਾਂ ਦੀਆਂ ਲਿਖਤਾਂ ਹਵਾ ਵਿਚ ਉਡਾਰੀਆਂ ਮਾਰਨ ਵਾਲੀਆਂ ਨਹੀਂ ਸਗੋਂ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਸਬੰਧਤ ਹੁੰਦੀਆਂ ਸਨ। ਮੈਂ ਕਦੇ ਵੀ ਉਹਨਾਂ ਨੂੰ ਮਿਲਿਆ ਨਹੀਂ, ਪਰ ਉਹਨਾਂ ਦੀਆ ਲਿਖਤਾਂ ਨੂੰ ਪੜ੍ਹਨ ਕਰਕੇ ਹੀ ਉਹ ਮੈਨੂੰ ਮੇਰੇ ਆਪਣੇ ਲੱਗਦੇ ਸਨ। ਉਹਨਾਂ ਦੀ ਮੌਤ ਤੋਂ ਬਾਅਦ ਪਤਾ ਲੱਗਾ ਕਿ ਉਹ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਵੱਡੇ ਭਰਾ ਸਨ। ਪ੍ਰੇਮ ਕੁਮਾਰ ਚੁੰਬਰ ਜੀ ਮੇਰੇ ਬਹੁਤ ਸਤਿਕਾਰਯੋਗ ਮਿੱਤਰ ਹਨ, ਉਹਨਾਂ ਨਾਲ ਤਾਂ ਅਕਸਰ ਹੀ ਮੁਲਾਕਾਤ ਹੁੰਦੀ ਰਹਿੰਦੀ ਸੀ। ਜਦੋਂ ਪ੍ਰੇਮ ਜੀ ਦੇ ਭਰਾ ਹੋਣ ਦਾ ਪਤਾ ਲੱਗਾ ਤਾਂ ਦੁੱਖ ਹੋਰ ਵੀ ਗਹਿਰਾ ਹੋ ਗਿਆ। ਪਰ ਇਕ ਮਾਣ ਹੋਰ ਵੱਧ ਗਿਆ ਕਿ ਇਕੱਲੇ ਪ੍ਰੇਮ ਕੁਮਾਰ ਚੁੰਬਰ ਹੀ ਨਹੀਂ, ਪੂਰਾ ਪਰਿਵਾਰ ਕੌਮ ਨੂੰ ਸਮ-ਰਪਿਤ ਹੈ। ਅੰਤ ਵਿਚ ਮੈਂ ਇਹੀ ਕਹਾਂਗ ਕਿ ਸ੍ਰੀ ਸੀ. ਐਲ. ਚੁੰਬਰ ਜੀ ਦੇ ਸਦੀਵੀ ਵਿਛੋੜੇ ਨਾਲ ਜੋ ਪਰਿਵਾਰ ਨੂੰ ਦੁੱਖ ਤੇ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ, ਉਸਦੇ ਨਾਲ ਸਮੁੱਚੇ ਦਲਿਤ ਭਾਈਚਾਰੇ ਨੂੰ ਵੀ ਕਦੇ ਵੀ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਭਰੀ ਘੜੀ ਨੂੰ ਸਾਡਾ ਸਮਾਜ ਕਦੇ ਵੀ ਭੁੱਲਿਆ ਨਹੀਂ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਸ੍ਰੀ ਸੀ. ਐਲ. ਚੁੰਬਰ ਨੂੰ ਆਪਣੇ ਚਰਨਾਂ ਵਿਚ ਸਥਾਨ ਬਖਸ਼ਣ ਅਤੇ ਪਿੰਡ ਸਾਰੇ ਪਰਿਵਾਰ, ਰਿਸ਼ਤੇਦਾਰਾਂ ਤੇ ਸੱਜਣਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**- ਸੰਤੋਖ ਸਿੰਘ ਗਿੱਲ, ਵਾਈਸ ਪ੍ਰਧਾਨ**  
**ਮਹਾਂਰਿਸ਼ੀ ਵਾਲਮੀਕ ਸਭਾ, ਯੂ. ਐਸ. ਏ.**  
**530-740-3056**

***(ਬਾਕੀ ਸੰਸਥਾਵਾਂ ਦੇ ਸ਼ੋਕ ਸੰਦੇਸ਼ ਅਗਲੇ ਅੰਕ ਵਿਚ)***

# ਯੁੱਗ ਪੁਰਸ਼ ਕਾਂਸ਼ੀ ਰਾਮ ਅਤੇ ਉਸਦਾ ਕ੍ਰਿਸ਼ਮਾ



- ਫਤਿਹਜੰਗ ਸਿੰਘ
91-98726-70278

ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।


ਲੋਕੀਂ ਆਉਂਦੇ ਹਨ ਤੁਰ ਜਾਂਦੇ ਹਨ। ਮਹਾਤਮਾ, ਸੰਤ ਗੁਰੂ ਵੀ ਆਉਂਦੇ ਤੇ ਚਲੇ ਜਾਂਦੇ ਹਨ। ਪਰ ਜਾਣ ਤੋਂ ਬਾਅਦ ਲੋਕਾਂ ਦੇ ਦਿਲਾਂ ਤੇ ਉਹੀ ਰਾਜ ਕਰਦੇ ਹਨ, ਜਿਨ੍ਹਾਂ ਨੇ ਆਪਣਾ ਜੀਵਨ ਆਪਣੇ ਲਈ ਨਹੀਂ ਦੂਜਿਆਂ ਲਈ ਜੀਵਿਆ ਹੋਵੇ। ਇਤਿਹਾਸ ਇਹਨਾਂ ਹੀ ਮਰਜੀਵੜਿਆਂ ਦਾ ਹੁੰਦਾ ਹੈ। ਇਹੀ ਯੁੱਗ ਪੁਰਸ਼ ਹੁੰਦੇ ਹਨ। ਇਹੀ ਲੋਕ ਹਨ ਜੋ ਕਦੇ ਕਦੇ ਪੈਦਾ ਹੁੰਦੇ ਹਨ। ਇਹੀ ਲੋਕ ਹਨ ਜਿਨ੍ਹਾਂ ਦੀ ਗੱਲ ਪ੍ਰਸਿੱਧ ਸ਼ਾਇਰ ਡਾ. ਸਰ ਮੁਹੰਮਦ ਇਕਬਾਲ ਨੇ ਉਪਰੋਕਤ ਸ਼ੇਅਰ ਵਿਚ ਕਹੀ ਹੈ।

ਬਾਬਾ ਸਾਹਿਬ ਦੇ ਜਾਣ ਤੋਂ ਬਾਅਦ ਦਲਿਤ ਸਮਾਜ ਵਿਚ ਪਿਆ ਖੱਪਾ ਇਕ ਦਹਾਕੇ ਬਾਅਦ ਹੀ ਕਾਂਸ਼ੀ ਰਾਮ ਨੇ ਭਰਨ ਦਾ ਬੀੜਾ ਚੁੱਕ ਲਿਆ। ਉਸ ਵੇਲੇ ਕਿਸੇ ਨੂੰ ਚਿਤ ਚੇਤੇ ਵੀ ਨਹੀਂ ਸੀ ਕਿ ਇੱਡਾ ਵੱਡਾ ਸੁਪਨਾ ਲੈਣ ਵਾਲਾ ਇਹ ਇਕ ਮਾਮੂਲੀ ਇਨਸਾਨ ਇੰਨਾ ਕੁਝ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਪਰ ਸਮੇਂ ਨੇ ਵੇਖਿਆ ਕਿ ਇਹੀ ਇਨਸਾਨ ਆਪਣੀ ਵਧੀਆ ਨੌਕਰੀ ਦਾ ਤਿਆਗ ਕਰਕੇ, ਦਰਵੇਸ਼ਾਂ ਵਾਲੇ ਭੇਸ ਸੜਕਾਂ, ਗਲੀਆਂ ਤੇ ਮੁਹੱਲਿਆਂ ਵਿਚ ਘੁੰਮ ਕੇ ਲੋਕਾਂ ਨੂੰ ਸਮਝਾਉਂਦਿਆਂ ਬੁਝਾਉਂਦਿਆਂ, ਤਿਆਰ ਕਰਦਿਆਂ ਸੱਚੀਂ ਇਕ ਦਿਨ ਇਕ ਯੁੱਗ ਪਲਟਾਊ ਸ਼ਖਸੀਅਤ ਹੋ ਨਿੱਬੜਿਆ। ਜਿਸ ਤੋਂ ਸਦੀਆਂ ਤੋਂ ਸਥਾਪਤ ਕਹਿੰਦੇ ਕਹਾਉਂਦੇ ਖਾਨਦਾਨੀ ਸਿਆਸਤਦਾਨ, ਪੂੰਜੀਪਤੀ ਤੇ ਆਗੂ ਭੈਅ ਖਾਣ ਲੱਗੇ। ਸਾਰਿਆਂ ਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਇਹ ਕੌਣ ਹੈ ਜੋ ਸਦੀਆਂ ਤੋਂ ਲਤਾੜੇ, ਨਪੀੜੇ, ਲੁੱਟੇ-ਖਸੁੱਟੇ, ਬਚੇ-ਖੁਚੇ, ਰੇਂਗਦੇ ਕੀੜੇ, ਅੱਧੇ-ਅਧੂਰੇ, ਜਾਨਵਰ ਸਮਾਨ 'ਮਨੁੱਖਾਂ' ਨੂੰ ਰਾਜਗੱਦੀ ਤੇ ਬਿਠਾਉਣਾ ਚਾਹੁੰਦਾ ਹੈ। ਸਾਰੀ ਮਾਇਆ ਇਕੱਠੀ ਹੋ ਗਈ, ਜਾਤ ਹੰਕਾਰੀ ਇਕੱਠੇ ਹੋ ਗਏ, ਸਿਆਸਤ ਇਕੱਲੀ ਹੋ ਗਈ ਪਰ ਇਸ ਖਾਲੀ ਹੱਥ, ਖਾਲੀ ਜੇਬ, ਦਿਨ ਰਾਤ ਸਾਇਕਲ ਜਾਂ ਪੈਦਲ ਤੁਰਦੇ ਇਨਸਾਨ ਦੇ ਪੈਦਾ ਕੀਤੇ ਤੂਫਾਨ ਅੱਗੇ ਇਹ ਕੱਖ ਕੰਡੇ ਵਾਂਗ ਉਡਦੇ ਨਜ਼ਰ ਆਉਣ ਲੱਗੇ।

ਸਾਲ 1935 ਦਾ ਵਰ੍ਹਾ ਸੀ ਜਦੋਂ, ਬਾਬਾ ਸਾਹਿਬ ਦਾ ਸੰਘਰਸ਼ ਜ਼ੋਰਾਂ ਨਾਲ ਚੱਲ ਰਿਹਾ ਸੀ। 1932 ਵਿਚ ਹੋਏ ਪੂਨਾ ਪੈਕਟ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆ ਐਕਟ 1936 ਹੋਂਦ ਵਿਚ ਆਉਣ ਜਾ ਰਿਹਾ ਸੀ, ਜਿਸ ਅਧੀਨ ਸਦੀਆਂ ਤੋਂ ਮਾਰਿਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਈਆਂ ਸਨ। ਇਸੇ ਵਰ੍ਹੇ ਦੇ ਮਾਰਚ ਮਹੀਨੇ ਦੀ 15 ਤਰੀਕ ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਖੁਆਸਪੁਰ ਵਿਚ ਮਾਤਾ ਬਿਸ਼ਨ ਦੇਈ ਅਤੇ ਪਿਤਾ ਸ. ਹਰੀ ਸਿੰਘ ਦੇ ਘਰ ਜਿਸ ਬਾਲਕ ਨੇ ਜਨਮ ਲਿਆ ਉਹ ਹੀ ਸਮਾਂ ਪਾ ਕੇ ਕਾਂਸ਼ੀ ਰਾਮ ਨਾਮੀ ਦਲਿਤ ਜੀਵਨ ਵਿਚ ਇਕ ਮਹਾਨ ਰਾਜਨੀਤੀਵਾਨ ਬਣਿਆ ਤੇ ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਦਾ ਦੂਜਾ ਮਸੀਹਾ ਬਣਿਆ।

ਰੋਪੜ ਸਰਕਾਰੀ ਕਾਲਜ ਤੋਂ ਬੀ. ਐਸ. ਸੀ. ਪਾਸ ਕਰਕੇ, ਬਾਬਾ ਸਾਹਿਬ ਦੀ ਮੁਢਲੀ ਕਰਮਭੂਮੀ ਮਹਾਂਰਾਸ਼ਟਰ ਪੂਨੇ ਵਿਚ ਆਡੀਨੈਂਸ ਫੈਕਟਰੀ ਵਿਚ ਸਾਇੰਸਦਾਨ ਦੇ ਅਹੁਦੇ ਤੇ ਜਾ ਲੱਗੇ। ਉਥੇ ਕੰਮ ਕਰਦਿਆਂ ਪਹਿਲੀ ਵਾਰੀ ਡਾ. ਅੰਬੇਡਕਰ ਦਾ ਨਾਂ ਸੁਣਿਆ। ਇਹ ਵਕਤ ਦੀਆਂ ਸਰਕਾਰਾਂ ਅਤੇ ਉਹਨਾਂ ਪਿੱਛੇ ਕੰਮ ਕਰ ਰਹੀ ਬਿਮਾਰ ਮਾਨਸਿਕਤਾ ਸੀ ਕਿ ਦਲਿਤਾਂ ਲਈ ਮਰ ਮਿਟ ਕੇ ਪ੍ਰਾਪਤੀਆਂ ਕਰਨ ਵਾਲੇ ਦਾ ਨਾਂ, ਸਕੂਲਾਂ ਕਾਲਜਾਂ ਵਿਚੋਂ ਗੁਜ਼ਰਦਿਆਂ ਨੌਕਰੀ ਪ੍ਰਾਪਤ ਕਰਨ ਤੱਕ ਪਹੁੰਚੇ ਇਕ ਦਲਿਤ ਤੱਕ ਨਹੀਂ ਪਹੁੰਚਣ ਦਿੱਤਾ। ਪਰ ਇਹ ਹੋ ਕੇ ਰਿਹਾ। ਕਾਂਸ਼ੀਰਾਮ ਨੇ ਬਾਬਾ ਸਾਹਿਬ ਦਾ ਨਾਂ ਸੁਣਿਆ, ਇਕ ਜਗਿਆਸਾ ਉੱਠੀ ਤੇ ਵਧਦੀ ਹੀ ਚਲੀ ਗਈ। ਬਾਬਾ ਸਾਹਿਬ ਦੀਆਂ ਲਿਖਤਾਂ ਦੇ ਸਮੁੰਦਰ ਵਿਚ ਗੋਤੇ ਲਾਏ। ਫਿਰ ਇਕ ਦਿਨ ਅਜਿਹੀ ਰਚਨਾ ਹੱਥ ਆ ਗਈ ਜਿਸਨੇ ਕਾਂਸ਼ੀ ਰਾਮ ਦੀ ਇਕ ਸਾਇੰਸਦਾਨ ਤੋਂ ਕਾਇਆ ਕਲਪ ਕਰਕੇ ਦਲਿਤਾਂ ਦੀ ਇਕ ਪੂਰੀ ਸੂਰੀ ਸੰਸਥਾ ਦਾ ਨੀਂਹ ਪੱਥਰ ਰੱਖ ਦਿੱਤਾ। ਇਹ ਇਨਕਲਾਬੀ ਕਿਤਾਬ 'ਜਾਤਪਾਤ ਦਾ ਬੀਜ ਨਾਸ਼' ਇਕ ਯੁੱਗ ਪਲਟਾਊ ਰਚਨਾ ਹੋ ਨਿੱਬੜੀ। ਕਾਂਸ਼ੀ ਰਾਮ ਨੇ ਇਹੀ ਕਿਤਾਬ ਲਗਾਤਾਰ ਛੇ ਵਾਰੀ ਪੜ੍ਹੀ ਤੇ ਬੱਸ ਇਕ ਵੱਖਰਾ ਹੀ ਮਨੁੱਖ ਬਣ ਉਭਰੇ। ਨੌਕਰੀ ਛੱਡ ਦਿੱਤੀ, ਵਿਆਹ ਦੀਆਂ ਤਿਆਰੀਆਂ ਸਨ, ਮੰਗਣੀ ਛੱਡ ਦਿੱਤੀ, ਘਰ-ਬਾਰ ਤਿਆਗ ਦਿੱਤਾ, ਸੁਖ ਆਰਾਮ ਤਿਆਗ ਦਿੱਤਾ ਤੇ ਸਦੀਆਂ ਤੋਂ ਲਿਤਾੜਿਆਂ ਲਈ ਕੰਮ ਕਰਨ ਖਾਤਰ ਬਾਬਾ ਸਾਹਿਬ ਦਾ, ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ ਦਾ, ਨਰਾਇਣਾ ਗੁਰੂ ਤੇ ਪੇਰੀਅਰ ਵਾਲਾ ਰਾਹ ਫੜ ਲਿਆ। ਆਪਣੇ ਆਪ ਨਾਲ ਵਾਅਦਾ ਕੀਤਾ ਕਿ ਵਿਆਹ ਨਹੀਂ ਕਰਵਾਵਾਂਗਾ, ਜਾਇਦਾਦ ਨਹੀਂ ਬਣਾਵਾਂਗਾ, ਘਰ-ਬਾਰ ਨਹੀਂ ਬਣਾਵਾਂਗਾ। ਅੱਜ ਤੋਂ ਬਾਅਦ ਸਾਰਾ ਦੇਸ਼ ਮੇਰਾ ਘਰ ਹੈ, ਇਹ ਵਕਤ ਦੇ ਮਾਰੇ ਤੇ ਲਤਾੜੇ ਹੋਏ ਹੀ ਮੇਰਾ ਪਰਿਵਾਰ ਹੈ, ਜਿਹਨਾਂ ਲਈ ਮੈਂ ਜੀਣਾ ਹੈ ਤੇ ਮਰਨਾ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲੀ 24 ਸਫਿਆਂ ਦੀ ਚਿੱਠੀ ਆਪਣੀ ਮਾਂ ਨੂੰ ਲਿਖ ਕੇ ਮਾਂ-ਬਾਪ, ਘਰ ਬਾਰ ਤੋਂ ਆਖਰੀ ਅਲਵਿਦਾ ਲੈ ਲਈ ਅਤੇ ਮੈਦਾਨ ਵਿਚ ਨਿੱਤਰ ਪਏ।

ਉਹਨਾਂ ਦੀ ਸੋਚ, ਉਹਨਾਂ ਦੀ ਘਾਲਣਾ ਨੇ ਰੰਗ ਪਕੜਨਾ ਸ਼ੁਰੂ ਕੀਤਾ। ਬਾਬਾ ਸਾਹਿਬ ਆਪਣੇ ਅਖੀਰਲੇ ਵਰ੍ਹਿਆਂ ਵਿਚ ਆਪਣੇ ਸਮਾਜ ਦੇ ਪੜ੍ਹੇ ਲਿਖੇ ਨੌਕਰੀਆਂ ਕਰ ਰਹੇ ਲੋਕਾਂ ਤੋਂ ਬਹੁਤ ਨਿਰਾਸ਼ ਹੋਏ ਸਨ। ਉਹਨਾਂ ਦਾ ਕਹਿਣਾ ਸੀ ਕਿ "ਇਹਨਾਂ ਲੋਕਾਂ ਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਸੋਚਦਾ ਸੀ ਕਿ ਇਹ ਪੜ੍ਹ ਲਿਖਕੇ ਸਮਾਜ ਲਈ, ਆਪਣੇ ਲੋਕਾਂ ਲਈ ਵੀ ਕੁਝ ਸੋਚਣਗੇ ਪਰ ਇਹ ਤਾਂ ਆਪਣੀ ਹੀ ਰੋਟੀ ਰੋਜ਼ੀ ਦੇ ਚੱਕਰਾਂ ਵਿਚ ਉਲਝ ਗਏ ਹਨ।" ਕਾਂਸ਼ੀ ਰਾਮ ਨੇ ਇਹਨਾਂ ਹੀ ਲੋਕਾਂ ਨੂੰ ਆਪਣੇ ਸੰਘਰਸ਼ ਦੀ ਪੌੜੀ ਦਾ ਪਹਿਲਾ ਡੰਡਾ ਬਣਾਇਆ। 6 ਦਸੰਬਰ, 1978 ਨੂੰ ਪੜ੍ਹੇ ਲਿਖੇ ਲੋਕਾਂ ਦੀ ਸਰਬ ਭਾਰਤੀ ਸੰਸਥਾ ਬਣਾਈ ਜਿਸ ਦਾ ਨਾਂ ਬਾਮਸੇਫ ਰੱਖਿਆ। ਇਸ ਵਿਚ ਐਸ. ਸੀ., ਐਸ. ਟੀ., ਬੈਕਵਰਡ ਤੇ ਧਾਰਮਿਕ ਘੱਟ ਗਿਣਤੀਆਂ ਦੇ ਨੌਕਰੀ ਪੇਸ਼ਾ ਲੋਕ ਸੰਗਠਿਤ ਕੀਤੇ। ਇਸ ਸੰਸਥਾ ਦੀ ਇਹ ਖੂਬੀ ਸੀ ਕਿ ਇਸਦਾ ਮੈਂਬਰ ਸੰਸਥਾ ਨੂੰ ਆਪਣੇ ਦਫ਼ਤਰ ਦੇ ਕੰਮਾਂ ਲਈ ਨਹੀਂ ਸਗੋਂ ਸਮਾਜਿਕ ਕੰਮਾਂ ਲਈ ਵਰਤਦਾ ਸੀ। ਸਾਰੇ ਦੇਸ਼ ਵਿਚ, ਬਹੁਤਾ ਕਰਕੇ ਮਹਾਂਰਾਸ਼ਟਰ ਅਤੇ ਉੱਤਰੀ ਭਾਰਤ ਵਿਚ ਇਸਦੇ ਲੱਗਭੱਗ ਦੋ ਲੱਖ ਮੈਂਬਰ ਤਿਆਰ ਕੀਤੇ ਗਏ। ਇਹ ਉਹੀ ਲੋਕੀ ਸਨ ਜਿਹਨਾਂ ਨੂੰ ਕਾਂਸ਼ੀ ਰਾਮ ਨੇ ਝੰਜੋੜਿਆ ਸੀ, ਤੇ ਇਹ ਅਹਿਸਾਸ ਕਰਵਾਇਆ ਸੀ ਕਿ 'ਤੁਸੀਂ ਆਪਣੇ ਸਮਾਜ ਦੇ ਨਾਂ ਤੇ ਰਾਖਵੇਂਕਰਨ ਦੇ ਨਾਂ ਤੇ ਪੜ੍ਹਾਈ ਜਾਂ ਨੌਕਰੀ ਵਿਚ ਕਿਤੇ ਨਾ ਕਿਤੇ ਕੋਈ ਲਾਭ ਲਿਆ ਹੈ, ਜਿਸਦੇ ਇਵਜ਼ ਵਿਚ ਹੁਣ ਤੁਹਾਨੂੰ ਆਪਣੇ ਸਮਾਜ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ।' ਉਹਨਾਂ ਦਾ ਕਹਿਣਾ ਸੀ ਕਿ ਮੈਨੂੰ ਤਿੰਨ ਚੀਜ਼ਾਂ ਚਾਹੀਦੀਆਂ ਹਨ। ਦਿਮਾਗ, ਸਮਾਂ ਅਤੇ ਪੈਸਾ। ਇਹਨਾਂ ਵਿਚੋਂ ਜਿੰਨੀਆਂ ਵੀ ਜਿੰਨੀ ਮਾਤਰਾ ਵਿਚ ਕੋਈ ਦੇ ਸਕਦਾ ਹੈ ਦਿਓ। ਮੈਂ ਇਨ੍ਹਾਂ ਨਾਲ ਇਕ ਜ਼ਬਰਦਸਤ ਲਹਿਰ ਤਿਆਰ ਕਰਕੇ ਦੇਵਾਂਗਾ ਜਿਸਨੇ ਸਾਡੇ ਪੱਛੜੇ ਸਮਾਜ ਦੀ ਕਾਇਆ ਕਲਪ ਕਰਨੀ ਹੈ। ਬਾਮਸੇਫ ਨੂੰ ਉਹਨਾਂ ਨੇ 'ਅਲਾਦੀਨ ਦਾ ਚਿਰਾਗ' ਦਾ ਨਾਂ ਦਿੱਤਾ ਜਿਸਨੂੰ ਰਗੜਨ ਨਾਲ ਕਿਸੇ ਵੀ ਸਮੱਸਿਆ ਦਾ ਹੱਲ ਨਿਕਲ ਸਕੇਗਾ। ਜਦੋਂ ਬਾਮਸੇਫ ਨੂੰ ਕਾਂਸ਼ੀ ਰਾਮ ਵਿਚ ਅਤੇ ਕਾਂਸ਼ੀ ਰਾਮ ਨੂੰ ਬਾਮਸੇਫ ਵਿਚ ਵਿਸ਼ਵਾਸ ਹੋ ਗਿਆ ਤਾਂ ਉਹਨਾਂ ਨੇ ਅਲਾਦੀਨ ਦੇ ਚਿਰਾਗ ਨੂੰ ਰਗੜਿਆ ਤਾਂ ਡੀ. ਐਸ. ਫੋਰ (ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ) ਦੀ ਸੰਸਥਾ ਰਾਸ਼ਟਰੀ ਪੱਧਰ ਦੀ ਦੂਜੀ ਦਲਿਤ ਜਥੇਬੰਦੀ ਹੋਂਦ ਵਿਚ ਆ ਗਈ। ਇਹ ਅਲਾਦੀਨ ਦੇ ਚਿਰਾਗ ਦਾ ਹੀ ਕਮਾਲ ਹੋ ਸਕਦਾ ਸੀ ਨਹੀਂ ਤਾਂ ਇੱਡੀ ਵੱਡੀ ਸੰਸਥਾ ਰਾਤੋ ਰਾਤ ਕਿਵੇਂ ਹੋਂਦ ਵਿਚ ਆ ਸਕਦੀ ਸੀ? ਕਾਂਸ਼ੀ ਰਾਮ ਨੇ ਬਾਮਸੇਫ ਮੈਂਬਰਾਂ ਨੂੰ ਸਮਝਾਇਆ ਅਤੇ ਕਿਹਾ ਕਿ ਤੁਸੀਂ ਸਾਰੇ ਨੌਕਰੀ ਪੇਸ਼ਾ ਲੋਕ ਹੋ ਤੁਹਾਡੇ ਸਿਰ ਤੇ ਸਿਵਲ ਸਰਵਿਸ ਰੂਲ ਦੀ ਤਲਵਾਰ ਲਟਕਦੀ ਹੈ ਜਿਸ ਕਰਕੇ ਤੁਸੀਂ ਆਪਣੇ ਸਮਾਜ ਦੇ ਹਿੱਤ ਵਿਚ ਕੀਤੀ ਗਈ ਐਜੀਟੇਸ਼ਨ ਵਿਚ ਹਿੱਸਾ ਨਹੀਂ ਲੈ ਸਕੋਗੇ। ਪਰ ਸਾਨੂੰ ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋਣੀ। ਸਾਨੂੰ ਹੜਤਾਲਾਂ ਵੀ ਕਰਨੀਆਂ ਪੈਣੀਆਂ ਹਨ, ਜੇਲ੍ਹਾਂ 'ਚ ਵੀ ਜਾਣਾ ਪੈ ਸਕਦਾ ਹੈ ਸੋ ਸਾਰੇ ਮੈਂਬਰ ਆਪਣੇ ਆਪਣੇ ਘਰਾਂ ਵਿਚ ਆਪਣੇ ਮਾਂ ਬਾਪ, ਭੈਣ-ਭਰਾ ਤੇ ਹੋਰ ਬਜ਼ੁਰਗਾਂ ਨੂੰ ਇਸ ਕੰਮ ਲਈ ਤਿਆਰ ਕਰੋ। ਤਿਆਰ ਕੀ ਕਰਨਾ ਸੀ ਬਾਮਸੇਫ ਤੋਂ ਸਾਰੇ ਵਾਕਫ਼ ਹੋ ਚੁੱਕੇ ਸਨ ਤੇ ਸਭ ਸਾਥ ਦੇਣ ਲਈ ਉਤਾਵਲੇ ਸਨ। ਬਜ਼ੁਰਗਾਂ ਨੂੰ ਅਤੇ ਔਰਤਾਂ ਨੂੰ ਦੱਸਿਆ ਗਿਆ ਕਿ ਜੇ ਤੁਹਾਨੂੰ ਜੇਲ੍ਹ ਵੀ ਜਾਣਾ ਪਿਆ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ। ਤੁਹਾਨੂੰ ਖਾਣ ਪੀਣ, ਨਹਾਉਣ-ਧੋਣ, ਦਵਾਈ-ਦਾਰੂ ਦੀ ਉਥੇ ਕੋਈ ਕਮੀ ਨਹੀਂ ਹੋਵੇਗੀ; ਕੋਈ ਮਾਰੇ ਕੁੱਟੇਗਾ ਨਹੀਂ, ਪੜ੍ਹਨ ਲਈ ਅਖਬਾਰਾਂ ਵੀ ਮਿਲਣਗੀਆਂ। ਫਿਰ ਕੀ ਸੀ ਹਰ ਕੋਈ ਜੇਲ੍ਹ ਜਾਣ ਲਈ ਤਿਆਰ ਹੋ ਗਿਆ। ਇਕ ਉਹ ਪੜਾਅ ਵੀ ਆਇਆ ਜਦੋਂ ਕਿ ਰੋਪੜ ਤੋਂ ਜੇਲ੍ਹ ਜਾਣ ਵਾਲੇ ਜਥਿਆਂ ਵਿਚ ਸੱਪਾਂ ਵਾਲਿਆਂ, ਰਿੱਛਾਂ ਵਾਲਿਆਂ, ਬਾਂਦਰਾਂ ਵਾਲਿਆਂ ਦੇ ਜਥੇ ਵੀ ਆ ਸ਼ਾਮਲ ਹੋਏ ਜਿਹਨਾਂ ਤੋਂ ਜੇਲ੍ਹ ਵਾਲੇ ਵੀ ਘਬਰਾ ਗਏ ਅਤੇ ਆਪਣੇ ਜਾਨਵਰ ਬਾਹਰ ਰੱਖਣ ਲਈ ਮਿੰਨਤਾਂ ਤਰਲੇ ਕਰਦੇ ਦੇਖੇ ਗਏ। ਇਹ ਕਾਂਸ਼ੀ ਰਾਮ ਦਾ ਹੀ ਕਮਾਲ ਸੀ ਕਿ ਉਹਨਾਂ ਨੇ ਬਾਮਸੇਫ ਤੋਂ ਠੀਕ ਤਿੰਨ ਸਾਲ ਬਾਅਦ 6 ਦਸੰਬਰ 1981 ਨੂੰ ਡੀ. ਐਸ. ਫੋਰ (ਦਲਿਤ, ਸ਼ੋਸ਼ਿਤ ਸੰਘਰਸ਼ ਸੰਮਤੀ) ਵਰਗੀ ਸੰਘਰਸ਼ਮਈ, ਜਥੇਬੰਦੀ ਬਣਾ ਕੇ ਹਾਕਮ ਸ਼੍ਰੇਣੀ ਨੂੰ ਗਹਿਰੀ ਸੋਚਾਂ ਵਿਚ ਪਾ ਦਿੱਤਾ ਤੇ ਉਸਦੀ ਨੀਂਦ ਹਰਾਮ ਕਰ ਦਿੱਤੀ।


ਸਾਹਿਬ ਸ੍ਰੀ ਕਾਂਸ਼ੀ ਰਾਮ ਬੱਚਿਆਂ ਦੇ ਨਾਲ

ਦਲਿਤ ਸਮਾਜ ਦਾ ਦਿਮਾਗ (ਬਾਮਸੇਫ) ਤਿਆਰ ਹੋਣ ਉਪਰੰਤ, ਸੰਘਰਸ਼ ਕਰਨ ਲਈ ਬਾਹਵਾਂ (ਡੀ. ਐਸ. ਫੋਰ) ਬਣਾਉਣ ਉਪਰੰਤ ਉਹਨਾਂ ਨੇ ਕਿਹਾ ਇਹ ਸਭ ਕੁਝ ਅਸੀਂ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਕਰ ਰਹੇ ਹਾਂ ਕਿਉਂਕਿ ਸਿਆਸੀ ਤਾਕਤ ਹਾਸਲ ਕੀਤੇ ਬਿਨਾਂ ਅਸੀਂ ਆਪਣੇ ਸਮਾਜ ਦੀਆਂ ਅਣਗਿਣਤ ਸਮੱਸਿਆਵਾਂ ਦਾ ਖਾਤਮਾ ਨਹੀਂ ਕਰ ਸਕਦੇ। ਫਿਰ ਸਿਆਸੀ ਤਾਕਤ ਹਾਸਲ ਕਰਨ ਲਈ ਸਿਆਸਤ ਵਿਚ ਕਿਉਂ ਨਾ ਕੁੱਦਿਆ ਜਾਵੇ? ਜਿਹਨਾਂ ਦੇ ਹਾਮੀ ਭਰਨ ਤੇ ਡੀ. ਐਸ. ਫੋਰ ਦੇ ਮਾਧਿਅਮ ਤੋਂ ਹੀ ਸਿਆਸਤ ਵਿਚ ਛਾਲ ਮਾਰ ਦਿੱਤੀ। ਇਹ ਸਿਆਸਤ ਦਾ ਮੁਢਲਾ ਪੜਾਅ ਸੀ ਤੇ ਕਾਂਸ਼ੀ ਰਾਮ ਨੇ ਆਪਣੇ ਸਮਾਜ ਨੂੰ ਇਕੋ ਨਾਅਰਾ ਦਿੱਤਾ ਕਿ ਹਾਲੇ ਅਸੀਂ ਟਿਕਟ ਬਣਾਉਣੀ ਸਿੱਖਾਂਗੇ। ਜਿਸ ਸਮਾਜ ਨੂੰ ਸਿਆਸਤ ਦਾ ਊੜਾ ਐੜਾ ਨਹੀਂ ਸੀ ਪਤਾ ਕਾਂਸ਼ੀ ਰਾਮ ਨੇ ਉਸਨੂੰ ਬੱਚਿਆਂ ਵਾਂਗੂ ਸਮਝਾਇਆ ਕਿ ਕਿਵੇਂ ਟਿਕਟ ਬਣਾਉਣੀ ਹੈ ਤੇ ਕਿਵੇਂ ਦੇਣੀ ਹੈ, ਕਿਵੇਂ ਚੋਣ ਲੜਨੀ ਹੈ, ਕਿਵੇਂ ਪਾਰਟੀ ਰਜਿਸਟਰਡ ਹੁੰਦੀ ਹੈ, ਸੂਬਾ ਜਾਂ ਦੇਸ਼ ਪੱਧਰ ਦੀ ਮਾਨਤਾ ਪ੍ਰਾਪਤ ਪਾਰਟੀ ਬਣਾਉਣ ਲਈ ਕਿੰਨੀਆਂ ਵੋਟਾਂ ਦੀ ਲੋੜ ਹੁੰਦੀ ਹੈ, ਜ਼ਮਾਨਤ ਜ਼ਬਤ ਕੀ ਹੁੰਦੀ ਹੈ, ਕਿਵੇਂ ਦੂਜੀਆਂ ਪਾਰਟੀਆਂ ਨਾਲ ਮੁੱਠਭੇੜ ਕਰਨੀ ਹੈ, ਕਿਵੇਂ ਸਮਝੌਤੇ ਕਰਨੇ ਹਨ; ਇਹ ਨੁਕਤੇ ਕਾਂਸ਼ੀ ਰਾਮ ਨੇ ਕਲਾਸਾਂ ਲਾ ਲਾ ਕੇ ਸਮਾਜ ਨੂੰ ਸਮਝਾਏ। ਪਹਿਲੀ ਚੋਣ 1982 ਵਿਚ ਹਰਿਆਣਾ ਤੋਂ ਸ਼ੁਰੂ ਕੀਤੀ ਗਈ। ਉਸਦੇ ਵਿਸ਼ਲੇਸ਼ਣ ਕੀਤੇ ਗਏ ਅਤੇ ਅੱਗੋਂ ਲਈ ਇਹਨਾਂ ਦੇ ਆਧਾਰ ਤੇ ਪੈਂਤੜੇ ਅਖਤਿਆਰ ਕੀਤੇ ਗਏ। ਇੱਡੇ ਅੰਤਾਂ ਦੇ ਪੱਛੜੇ ਸਮਾਜ ਲਈ ਇਹ ਕੰਮ ਵੀ ਉਡਾ ਹੀ ਅੰਤਾਂ ਦਾ ਔਖਾ ਸੀ ਪਰ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਇਹ ਸੁਨਹਿਰੀ ਅੱਖਰ ਲੋਕਾਂ ਦੇ ਦਿਲਾਂ ਵਿਚ ਵਸਾ ਦਿੱਤੇ ਕਿ "ਆਪਣੀਆਂ ਦੀਵਾਰਾਂ ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" ਪਹਿਲੇ ਪੜਾਅ ਤੇ ਭਾਵੇਂ ਕੋਈ ਸੀਟ ਨਹੀਂ ਜਿੱਤੀ ਪਰ ਮੀਡੀਏ ਨੇ ਇਕ ਗੱਲ ਮੰਨੀ ਕਿ ਕੋਈ ਵੀ ਉਮੀਦਵਾਰ ਲੱਖ ਲੋਭ ਦੇਣ ਦੇ ਬਾਵਜੂਦ ਵਿਕਿਆ ਨਹੀਂ ਸੀ।

ਕਾਂਸ਼ੀ ਰਾਮ ਨੇ ਕੱਚੇ ਇਮਤਿਹਾਨ, ਤਿਮਾਹੀ ਅਤੇ ਛਿਮਾਹੀ ਇਮਤਿਹਾਨ ਲੈ ਲੈ ਕੇ ਸਮਾਜ ਨੂੰ ਪੱਕੇ ਸਾਲਾਨਾ ਇਮਤਿਹਾਨਾਂ ਲਈ ਤਿਆਰ ਕਰ ਲਿਆ ਬਕਾਇਦਾ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ 1984 ਨੂੰ ਇਕ ਪੂਰੀ-ਸੂਰੀ ਰਾਜਨੀਤਿਕ ਪਾਰਟੀ ਦਾ ਐਲਾਨ ਕਰ ਦਿੱਤਾ ਗਿਆ ਜਿਸਦਾ ਨਾਂ 'ਬਹੁਜਨ ਸਮਾਜ ਪਾਰਟੀ' ਰੱਖਿਆ। ਇਹ ਕਾਂਸ਼ੀ ਰਾਮ ਦਾ ਹੀ ਕ੍ਰਿਸ਼ਮਾ ਸੀ ਕਿ ਜਿਹਨਾਂ ਪੜ੍ਹੇ ਲਿਖੇ ਲੋਕਾਂ ਨੇ ਬਾਬਾ ਸਾਹਿਬ ਨੂੰ ਰੋਣ ਲਾ ਦਿੱਤਾ ਸੀ ਕਾਂਸ਼ੀ ਰਾਮ ਨੇ ਉਹਨਾਂ ਲੋਕਾਂ ਨੂੰ ਸੰਗਠਿਤ ਕਰਕੇ ਉਹਨਾਂ ਤੋਂ ਹੀ ਸੰਘਰਸ਼ ਕਰਵਾ ਕੇ ਅਖੀਰ ਉਹਨਾਂ ਤੋਂ ਹੀ ਰਾਜਨੀਤਿਕ ਪਾਰਟੀ ਵੀ ਤਿਆਰ ਕਰਵਾ ਲਈ। ਸੰਘਰਸ਼ ਉਹਨਾਂ ਸਿਰਫ ਕਰਵਾਇਆ ਨਹੀਂ ਆਪ ਵੀ ਨਾਲ ਹੀ ਸੰਘਰਸ਼ ਵਿਚ ਸ਼ਾਮਲ ਹੁੰਦੇ। ਦਿੱਲੀ ਤੋਂ ਜੰਮੂ ਕਸ਼ਮੀਰ ਤੱਕ ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਆਪਣੇ ਟੋਲੇ ਨਾਲ ਆਪ ਵੀ ਨਾਲ ਸਾਇਕਲ ਚਲਾ ਕੇ ਪੂਰਾ ਕੀਤਾ। ਸਾਇਕਲ ਚਲਾ ਚਲਾ ਕੇ ਪਿੱਛੇ ਜ਼ਖਮ ਬਣ ਗਏ ਸਨ ਪਰ ਉਹ ਚਲਦੇ ਤੇ ਚਲਦੇ ਗਏ ਕੋਈ ਤੂਫਾਨ ਉਹਨਾਂ ਦਾ ਰਾਹ ਨਾ ਰੋਕ ਸਕਿਆ।

ਹੁਣ ਕਾਂਸ਼ੀ ਰਾਮ ਨੇ ਲੋਕਾਂ ਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਵੇਖੋ ਸਾਡੀ ਲੜਾਈ ਭਾਵੇਂ ਹਰ ਪਾਸਿਓਂ ਤਾਕਤਵਰ ਲੋਕਾਂ ਨਾਲ ਹੈ ਪਰ ਘਬਰਾਉਣ ਦੀ ਲੋੜ ਨਹੀਂ ਇਹ ਵੋਟਾਂ ਦਾ ਰਾਜ ਹੈ, ਜਿਸ ਦੀਆਂ ਵੋਟਾਂ ਵੱਧ ਉਸਦਾ ਰਾਜ ਹੋਣਾ ਚਾਹੀਦਾ ਹੈ ਅਸੀਂ ਇਹ ਰਾਜ ਲਿਆ ਕੇ ਰਹਾਂਗੇ। ਸਾਨੂੰ ਬੜੇ ਹਿਸਾਬ-ਕਿਤਾਬ ਨਾਲ ਸੋਚ ਸਮਝ ਕੇ ਚੱਲਣਾ ਪਵੇਗਾ।

ਅਸੀਂ ਪਹਿਲੇ ਪੜਾਅ ਤੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ ਹਰਾਉਣ ਦੀ ਸਥਿਤੀ ਵਿਚ ਹੋਵਾਂਗੇ ਫਿਰ ਅਗਲੇ ਪੜਾਅ ਤੇ ਕਿਸੇ ਸਿਆਸੀ ਪਾਰਟੀ ਦੇ ਸਹਿਯੋਗ ਨਾਲ ਕੁਝ ਹੱਦ ਤੱਕ ਜਿੱਤਣ ਵਾਲੀ ਪਾਰਟੀ ਬਣਾਂਗੇ ਤੇ ਅਖੀਰਲੇ ਪੜਾਅ ਤੇ ਅਸੀਂ ਇਕੱਲਿਆਂ ਹੀ ਜਿੱਤਣ ਦੀ ਸਥਿਤੀ ਵਿਚ ਪੁੱਜ ਜਾਵਾਂਗੇ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਕੰਮ ਕਰਦਾ ਰਿਹਾ, ਉਹਨਾਂ ਵਿਚ ਲੋਕਾਂ ਦਾ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ ਤੇ ਕਾਂਸ਼ੀ ਰਾਮ ਦੇ ਪੈਰ ਹੋਰ ਮਜ਼ਬੂਤ ਹੁੰਦੇ ਗਏ।

ਕਾਂਸ਼ੀ ਰਾਮ ਦੀਆਂ ਸਧਾਰਨ ਪਰ ਮਹੱਤਵਪੂਰਨ ਗੱਲਾਂ ਆਮ ਲੋਕਾਂ ਦੀ ਝੱਟ ਸਮਝ ਪੈ ਜਾਂਦੀਆਂ। ਉਹਨਾਂ ਨੇ ਸਮਝਾਇਆ ਕਿ ਦੇਸ਼ ਵਿਚ 10-15 ਫੀਸਦੀ ਕਥਿਤ ਉੱਚ ਜਾਤੀ ਲੋਕ ਆਪਣੀਆਂ ਕੁਚਾਲਾਂ ਨਾਲ ਬਾਕੀ ਦੇ 85-90 ਫੀਸਦੀ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਤੇ ਉਹਨਾਂ 'ਤੇ ਰਾਜ ਕਰ ਰਹੇ ਹਨ ਜਦੋਂ ਕਿ ਰਾਜ ਬਹੁਗਿਣਤੀ (85%) ਵਾਲਿਆਂ ਦਾ ਹੋਣਾ ਚਾਹੀਦਾ ਹੈ। ਇਹ ਗੱਲ ਲੋਕਾਂ ਦੀ ਸਮਝ ਪੈ ਗਈ। ਉਹਨਾਂ ਦੱਸਿਆ ਕਿ ਸਭ ਵੱਡੀਆਂ ਪਾਰਟੀਆਂ (ਸਾਂਪਨਾਥ' ਤੇ 'ਨਾਗਨਾਥ' ਹਨ ਜੋ ਆਮ ਲੋਕਾਂ ਨੂੰ ਡੱਸਦੀਆਂ ਹਨ, ਦਲਿਤ ਸਮਾਜ ਨੂੰ ਡੱਸਦੀਆਂ ਹਨ।

ਇਸੇ ਲਈ ਦੇਸ਼ ਦੀ ਸਮੁੱਚੀ ਉਨਤੀ ਨਹੀਂ ਹੋ ਰਹੀ ਸਿਰਫ ਉਹਨਾਂ 15 ਫੀਸਦੀ ਲੋਕਾਂ ਦੀ ਹੀ ਤਰੱਕੀ ਹੋ ਰਹੀ ਹੈ। ਲੋਕਾਂ ਨੇ ਗੱਲ ਸਮਝੀ ਤਾਂ ਰਾਜਨੀਤਿਕ ਪਿੜ ਵਿਚ ਖਲਬਲੀ ਮੱਚ ਗਈ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਮੁੱਖ ਮੰਤਰੀ ਦੀ ਕੁਰਸੀ ਇਕ ਦਲਿਤ ਔਰਤ ਮਾਇਆਵਤੀ ਨੇ ਮੱਲ ਲਈ। ਪਰ ਲੜਾਈ ਡਾਢਿਆਂ ਨਾਲ ਸੀ। ਕੁਰਸੀ ਜ਼ਿਆਦਾ ਦੇਰ ਨਾ ਰਹੀ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਫਿਰ ਕੰਮ ਕਰ ਗਿਆ ਤੇ ਮਾਇਆਵਤੀ ਨੇ ਫਿਰ ਕੁਰਸੀ ਜਾਂ ਮੱਲੀ ਕੁਝ ਦੇਰ ਬਾਅਦ ਫਿਰ ਖੁੱਸ ਗਈ। ਪਰ ਹੁਣ ਦਲਿਤ ਸਮਾਜ ਵਿਚ ਰਾਜ ਕਰਨ ਦੀ ਜਾਗ ਲੱਗ ਚੁੱਕੀ ਸੀ। ਜਾਬਰਾਂ ਨਾਲ ਬਰਾਬਰ ਦੀ ਲੜਾਈ ਲੜਨ ਜੋਗਾ ਸਮਾਜ ਕਾਂਸ਼ੀ ਰਾਮ ਨੇ ਤਿਆਰ ਕਰ ਦਿੱਤਾ ਸੀ। ਢਹਿੰਦਾ ਤੇ ਉਠਦਾ ਰਿਹਾ ਅਤੇ ਪੂਰਾ ਮੁਕਾਬਲਾ ਕਰਦਾ ਰਿਹਾ। ਫਿਰ ਉਸਨੇ ਇਕ ਦਿਨ ਪੱਕੇ ਪੈਰੀਂ ਮਜ਼ਬੂਤ ਹੋ ਕੇ ਦਲਿਤ ਔਰਤ ਨੂੰ ਕੁਰਸੀ ਤੇ ਬਿਠਾ ਦਿੱਤਾ।

ਵਿਰੋਧੀ ਸੋਚਦੇ ਰਹਿ ਗਏ, ਘਾੜਤਾਂ ਘੜਦੇ ਰਹਿ ਗਏ। ਪਰ ਸੱਤਾ ਪ੍ਰਾਪਤੀ ਦੀ ਅਜਿਹੀ ਜਾਗ ਕਾਂਸ਼ੀ ਰਾਮ ਨੇ ਲਗਾਈ ਕਿ ਅੱਖਾਂ ਦੇਸ਼ ਦੀ ਸਭ ਤੋਂ ਵੱਡੀ ਕੁਰਸੀ ਤੇ ਲਾਉਣ ਦੀ ਸਮਰੱਥਾ ਦਲਿਤ ਸਮਾਜ ਨੇ ਪੈਦਾ ਕਰ ਲਈ ਹੈ।

ਕਾਂਸ਼ੀ ਰਾਮ ਕਹਿੰਦੇ ਸਨ ਸਾਡਾ ਅਸਲ ਪੜਾਅ ਦਿੱਲੀ ਹੈ ਇਸੇ ਲਈ ਦਿੱਲੀ ਦੇ ਤਖਤ 'ਤੇ ਕਬਜ਼ੇ ਦੀ ਭਾਵਨਾ ਅੱਜ ਦਲਿਤ ਸਮਾਜ ਲਗਾਈ ਬੈਠਾ ਹੈ। ਉਹ ਕਹਿੰਦੇ ਸਨ ਕਿ ਸੱਤਾ ਪ੍ਰਾਪਤੀ ਤੱਕ ਸਾਡੀ ਇਹ ਰਣਨੀਤੀ ਹੈ ਕਿ ਕੋਈ ਵੀ ਇਕ ਪਾਰਟੀ ਤਾਕਤ ਵਿਚ ਨਾ ਆਵੇ ਅਤੇ ਸਾਡੇ ਸਹਾਰੇ ਬਿਨਾ ਵੀ ਕੋਈ ਪਾਰਟੀ ਤਾਕਤ ਵਿਚ ਨਾ ਆਵੇ। ਉਹਨਾਂ ਦੇ ਆਖੇ ਬੋਲ ਅੱਖਰ ਅੱਖਰ ਸੱਚ ਹੁੰਦੇ ਰਹੇ। ਉਹ ਕਹਿੰਦੇ ਸਨ ਕਿ ਅਸੀਂ ਮਜਬੂਰ, ਲਾਚਾਰ ਸਰਕਾਰਾਂ ਚਾਹੁੰਦੇ ਹਾਂ ਜਦੋਂ ਤੱਕ ਕਿ ਅਸੀਂ ਆਪ ਸੱਤਾ ਵਿਚ ਨਹੀਂ ਆਉਂਦੇ।

ਉਹ ਕਹਿੰਦੇ ਸਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪੂਜਾ ਨਹੀਂ ਉਸਦੀ ਸੋਚ ਨੂੰ ਅਪਣਾਓ। ਉਹ ਉਸਦੀ ਸੋਚ 'ਤੇ ਪਹਿਰਾ ਦਿੰਦੇ ਰਹੇ ਅਤੇ ਉਸਦੀ ਸੋਚ ਨੂੰ ਅਪਣਾਉਣ ਲਈ ਪ੍ਰੇਰਦਿਆਂ, ਦਲਿਤ ਸਮਾਜ ਲਈ ਵੱਡੇ ਪੂਰਨੇ ਪਾਉਂਦਿਆਂ, ਵੱਡੇ ਸੁਪਨੇ ਦਿਖਾਉਂਦਿਆਂ, ਸਫਲਤਾ ਦੀਆਂ ਪੌੜੀਆਂ ਚੜ੍ਹਦੇ-ਉਤਰਦੇ ਅੰਤ 9 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਇਕ ਸਦੀਵੀ ਮਿਸ਼ਾਲ ਜਗਦੀ ਛੱਡ ਗਏ ਜਿਸਨੂੰ ਕੋਈ ਜਾਬਰ ਤੋਂ ਜਾਬਰ ਤੂਫਾਨ ਵੀ ਨਹੀਂ ਬੁਝਾ ਸਕੇਗਾ।







ਸ੍ਰੀ ਸੀ. ਐਲ. ਚੁੰਬਰ ਅਤੇ ਹੋਰ ਸ਼ਖ਼ਸੀਅਤਾਂ ਦੀਆਂ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਨਾਲ ਕੁਝ ਯਾਦਗਾਰੀ ਤਸਵੀਰਾਂ

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ


ਸਰਪੰਚ ਦਿਆਲ ਰਾਮ ਨਰ (ਸਲਾਹਕਾਰ) ਆਪਣੇ ਪਰਿਵਾਰਕ ਮੈਂਬਰਾਂ ਨਾਲ

# ਸਰਪੰਚ ਦਿਆਲ ਰਾਮ ਨਰ (ਸਲਾਹਕਾਰ)

## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

## ਅਤੇ ਸਮੂਹ ਨਰ ਪਰਿਵਾਰ


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



# ਮਹਿੰਦਰ ਸਿੰਘ ਰੱਤੂ

## ਚੇਅਰਮੈਨ

## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



ਦਲਵਿੰਦਰ ਰੱਲ੍ਹ
ਜਨ ਸਕੱਤਰ
ਸ੍ਰੀ ਗੁਰੂ ਰਵਿਦਾਸ ਟੈਂਪਲ,
ਯੂਬਾ ਸਿਟੀ
ਤੇ ਸਮੂਹ ਰੱਲ੍ਹ ਪਰਿਵਾਰ




ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ


ਪ੍ਰਸ਼ੋਤਮ ਸੂਦ
ਵਾਈਸ ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਟੈਂਪਲ,
ਯੂਬਾ ਸਿਟੀ





ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥





# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਸ਼ਿੰਗਾਰਾ ਸਿੰਘ ਰੱਲ੍ਹ ਅਤੇ ਉਹਨਾਂ ਦੀ ਸੁਪਤਨੀ

## ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ) ਤੇ ਸਮੂਹ ਰੱਲ੍ਹ ਪਰਿਵਾਰ

# SHRI GURU RAVIDASS TEMPLE YUBA CITY



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 20 ਮਾਰਚ 2015 (ਦਿਨ ਐਤਵਾਰ) ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। 18 ਮਾਰਚ ਦਿਨ 19 ਮਾਰਚ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ। 19 ਮਾਰਚ ਦਿਨ ਸ਼ਨਿਚਰਵਾਰ ਸ਼ਾਮ 4-30 ਵਜੇ ਨਿਸ਼ਾਨ ਸਾਹਿਬ ਨੂੰ ਚੋਲੇ ਪਹਿਨਾਏ ਜਾਣਗੇ। ਨਿਸ਼ਾਨ ਸਾਹਿਬ ਦੀ ਸੇਵਾ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸ ਤੋਂ ਉਪਰੰਤ ਸ਼ਨਿਚਰਵਾਰ ਸ਼ਾਮ ਨੂੰ ਦੀਵਾਨ ਸਜਣਗੇ ਜੋ 5:30 ਸ਼ਾਮ ਤੋਂ ਰਾਤੀ 10:00 ਵਜੇ ਤੱਕ ਚੱਲਣਗੇ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਭਾਈ ਜਸਵੀਰ ਸਿੰਘ ਜੀ ਖਾਲਸਾ (ਅੰਮ੍ਰਿਤਸਰ ਵਾਲੇ), ਭਾਈ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ ਅਤੇ ਭਾਈ ਮਨਜੀਤ ਸਿੰਘ ਜੀ ਯੂਬਾ ਸਿਟੀ ਵਾਲੇ ਦਾ ਜਥਾ ਅਤੇ ਹੋਰ ਜਥੇ ਕਥਾ, ਕੀਰਤਨ, ਢਾਡੀ ਵਾਰਾਂ ਅਤੇ ਸ਼ਬਦ ਗਾਇਨ ਕਰਨਗੇ। 20 ਮਾਰਚ ਦਿਨ ਐਤਵਾਰ 10 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸੱਜਣਗੇ।

ਗੁਰੂ ਘਰ ਤੋਂ ਇਲਾਵਾ ਸ: ਲਹਿੰਬਰ ਸਿੰਘ ਬਾਸੀ ਅਤੇ ਉਹਨਾਂ ਦਾ ਪਰਿਵਾਰ, ਸ. ਮੋਹਣ ਸਿੰਘ ਬਾਸੀ ਅਤੇ ਉਹਨਾਂ ਦਾ ਪਰਿਵਾਰ, ਰਣਵੀਰ ਸਿੰਘ ਨਾਗਰਾ ਅਤੇ ਉਹਨਾਂ ਦਾ ਪਰਿਵਾਰ, ਸੰਤੋਖ ਸਿੰਘ ਸਹੋਤਾ, ਸੋਢੀ ਸਿੰਘ ਕੰਧੋਲਾ ਅਤੇ ਉਹਨਾਂ ਦੇ ਪਰਿਵਾਰਾਂ ਵੱਲੋਂ ਗੁਰੂ ਘਰ ਗੁਰਪੁਰਬ ਮੌਕੇ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 18 ਮਾਰਚ (ਸ਼ੁੱਕਰਵਾਰ)**
**ਨਿਸ਼ਾਨ ਸਾਹਿਬ ਦੀ ਸੇਵਾ 19 ਮਾਰਚ (ਦਿਨ ਸ਼ਨਿਚਰਵਾਰ)**
**ਪਾਠ ਦੇ ਭੋਗ ਅਤੇ ਕੀਰਤਨ ਦਰਬਾਰ 20 ਮਾਰਚ (ਐਤਵਾਰ)**

**ਕਿਸੇ ਵੀ ਕਿਸਮ ਦੀ ਸੇਵਾ ਲੈਣ ਦਾ ਚਾਹਵਾਨ ਦਾਨੀ ਪਰਿਵਾਰ ਗੁਰੂ ਘਰ ਨਾਲ ਸੰਪਰਕ ਕਰ ਸਕਦਾ ਹੈ**

**ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।**

ਮਹਿੰਦਰ ਸਿੰਘ ਰੱਤੂ (ਚੇਅਰਮੈਨ)
530-565-5560
ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ)
530-845-4508
ਦਲਵਿੰਦਰ ਰੱਲ੍ਹ (ਜਨ ਸਕੱਤਰ)
530-933-3938
ਸਤਨਾਮ ਸਿੰਘ (ਵਾਈਸ ਜਨ ਸਕੱਤਰ)
530-682-3962

**ਵੱਲੋਂ: ਸਮੂਹ ਪ੍ਰਬੰਧਕ ਕਮੇਟੀ**

**ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ**

**ਗੁਰੂ ਘਰ ਦਾ ਫੋਨ ਨੰਬਰ**

**530-674-2564**

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ)
530-218-4468
ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ)
530-701-4370
ਦਿਆਲ ਰਾਮ ਨਰ (ਸਲਾਹਕਾਰ)
530-216-0585

## SHRI GURU RAVIDASS TEMPLE 1480 HAYNE AVENUE, YUBA CITY, CA 95993

# IN THE MEMORY OF SHRI SOHAN SINGH DAMRIA

















Shri Sohan Singh Damria, born in Fiji Islands on April 16, 1939, left for his heavenly abode on March 4, 2016. His parents from Daulatpur, India came to Fiji Island in 1930's. He is survived by his son Ajay, two brothers, Kulip Damria and Gurnam Damria, and three sisters.

He was an honorable personality, a man of his words, kind at heart, soft spoken and a hardworking man. He was founding member and Chairman of Sri Guru Ravidass Temple Pittsburg (California). He was an untiring community leader, always a part of the Gurughar Advisory Committee. He was a very honest and helpful person. Credit goes to him for bringing so many families to United States from Fiji and India.




From the early childhood, he started working in Fiji to support the family. He traveled to New Zealand for work as well. He left Fiji Island on April 16, 1962 to come to America. After coming from Fiji, he worked in Yuba City for a few months then he came to the bay area. We worked his way up to become a Superintendent in the Diablo Country Club. Parking lot in the Gurughar was built under his leadership. He was at the Gurughar every day during the construction. We will think about him anytime we use the parking lot. He lived a good life and left behind great memories. His contributions to his family, Gurughar and the community are his legacy that will keep his memories alive.

People came from all over to pay him the respect on Friday March 11, 2016 and Saturday March 12, 2016 at Pittsburg Funeral Chapel. He was cremated at Oakview Memorial Park in Antioch (California) on Saturday afternoon. The funeral chapel was full of his family members and friends.

Charley Jagur, Azad Julundhary, Hardev Singh Sidhu, Deo Raj Singh, Gurnam Singh Damria, Sheetal Chaudhary, Shashi Paul, Amrik Chand Lakha CPA, Dashwinder Paul, Abhishek Pal, Giani Gurnam Singh Rasila, Giani Harblas Singh, Avtar Bains and Debo Bains Ex Chairperson shared their memories at the funeral chapel.

Our heartfelt condolences to the family. May Waheguru bless his soul and give courage to the family to bear this loss.

**- Ramesh Suman**

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ
ਵੱਲੋਂ ਸਮੂਹ ਸੰਗਤ ਨੂੰ ਸਾਹਿਬ
ਸ੍ਰੀ ਗੁਰੂ ਰਵਿਦਾਸ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ
ਦੀਆਂ ਲੱਖ ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 27 ਮਾਰਚ 2016 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ (Newark Pavillion 6430,Thronton Avenue, Newark (CA) ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਹੁੰਮ ਹੁੰਮਾ ਕੇ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਹਰਮੇਸ਼ ਮਦਾਰਾ (ਚੇਅਰਮੈਨ) 510-386-1702

ਧਰਮਪਾਲ ਝੱਮਟ (ਪ੍ਰਧਾਨ) 510-456-5732

ਰਣਧੀਰ ਸੁੰਮਨ (ਜਨਰਲ ਸਕੱਤਰ) 510-220-1445

ਸ਼ਿਵ ਸਿੱਧੂ (ਖਜਾਨਚੀ) 510-386-2715

Shri Guru Ravidass Sabha (Bay Area) California (USA)

# ਪ੍ਰੋ. ਰਣਧੀਰ ਸਿੰਘ ਯਾਦਗਾਰੀ ਸ਼ਰਧਾਂਜਲੀ ਸਮਾਗਮ - ਬੁਲਾਰਿਆਂ ਨੇ ਸਿਧਾਂਤ ਅਤੇ ਅਮਲ ਦੇ ਸੁਮੇਲ ਨੂੰ ਕੀਤਾ ਬੁਲੰਦ

**ਜਲੰਧਰ–** ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਮਾਰਕਸਵਾਦੀ ਚਿੰਤਕ, ਖੋਜੀ ਤੇ ਵਿਦਵਾਨ ਪ੍ਰੋ. ਰਣਧੀਰ ਸਿੰਘ ਜੋ ਕਿ ਬੀਤੀ 31 ਜਨਵਰੀ ਨੂੰ 95 ਸਾਲ ਦੀ ਉਮਰੇ 'ਚ ਸਦੀਵੀ ਵਿਛੋੜਾ ਦੇ ਗਏ ਸਨ, ਹੋਰਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਨ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਭਰ 'ਚੋਂ ਪੁੱਜੇ ਸੰਘਰਸ਼ਸ਼ੀਲ ਲੋਕਾਂ ਨੇ ਸ਼ਰਧਾਂਜ਼ਲੀ ਸਮਾਗਮ ਕਮੇਟੀ ਪੰਜਾਬ ਵੱਲੋਂ ਆਪਣੇ ਮਰਹੂਮ ਕਮਿਊਨਿਸਟ ਸਾਥੀ ਨੂੰ ਉਨ੍ਹਾਂ ਦੀ ਫਲਸਫੇ ਤੇ ਸਿਧਾਂਤ ਦੇ ਖੇਤਰ 'ਚ ਸ਼ਾਨਦਾਰ ਯੋਗਦਾਨ ਨੂੰ ਯਾਦ ਕਰਨ ਲਈ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਇਹ ਸਮਾਗਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਭਰਵੇਂ ਸਹਿਯੋਗ ਨਾਲ ਕੀਤਾ ਗਿਆ। ਸ਼ਰਧਾਂਜ਼ਲੀ ਸਮਾਗਮ ਦੀ ਸ਼ੁਰੂਆਤ ਬਾਬਾ ਜਵਾਲਾ ਸਿੰਘ ਹਾਲ ਦੇ ਜੁੜੇ ਲੋਕਾਂ ਨੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਈ। ਮੰਚ 'ਤੇ ਡਾ. ਅਤੁਲ ਸ਼ੂਦ, ਪ੍ਰੋ. ਰਣਧੀਰ ਸਿੰਘ ਦੀ ਬੇਟੀ ਪ੍ਰੀਯਾਲੀਨ, ਡਾ. ਨਵ ਸ਼ਰਨ, ਜਗਰੂਪ ਸਿੰਘ, ਵਿਜੇ ਮਿਸ਼ਰਾ, ਮੰਗਤ ਰਾਮ ਪਾਸਲਾ, ਸੁਖਦਰਸ਼ਨ ਨੱਤ, ਦਰਸ਼ਨ ਖਟਕੜ, ਮੁਖਤਿਆਰ ਪੂਹਲਾ, ਬਲਵੰਤ ਮਖੂ, ਅਮੋਲਕ



ਸਿੰਘ, ਪ੍ਰੋ. ਜਗਮੋਹਨ, ਸੁਖਵਿੰਦਰ, ਡਾ. ਰਘਬੀਰ ਕੌਰ, ਡਾ. ਪਰਮਿੰਦਰ ਹਾਜ਼ਰ ਸਨ। ਇਨ੍ਹਾਂ ਬੁਲਾਰਿਆਂ ਨੇ ਆਪਣੇ ਸੰਬੋਧਨ 'ਚ ਪ੍ਰੋਫੈਸਰ ਰਣਧੀਰ ਸਿੰਘ ਵਲੋਂ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਦਰਸ਼ ਮੰਨਣ, ਕਮਿਊਨਿਸਟ ਪਾਰਟੀ ਦੇ ਕੁਲਵਕਤੀ ਵਜੋਂ ਸੰਘਰਸ਼ਸ਼ੀਲ ਰਹਿਣ, ਕਮਿਊਨਿਸਟ ਕੈਂਪ 'ਚ ਵੱਖ ਵੱਖ ਸਮਿਆਂ 'ਚ ਚੱਲੇ ਵਿਚਾਰ ਧਾਰਕ ਸੰਘਰਸ਼ 'ਚ ਮੋਹਰੀ ਭੂਮਿਕਾ ਨਿਭਾਉਣ, ਕਮਿਊਨਿਸਟ ਮੈਨੀਫੈਸਟੋ ਨੂੰ ਪੰਜਾਬੀ 'ਚ ਅਨੁਵਾਦ ਕਰਕੇ ਲੋਕਾਂ ਤੱਕ ਪੁਚਾਉਣ ਦੀ ਚਰਚਾ ਕਰਦਿਆਂ ਉਨ੍ਹਾਂ ਨੂੰ ਇਕ ਪ੍ਰਤੀਬੱਧ ਕਮਿਊਨਿਸਟ ਕਰਾਰ ਦਿੱਤਾ। ਪੂੰਜੀਵਾਦੀ ਅਤੇ ਉਤਰਆਧੁਨਿਕਤਾ ਦੀ ਜਿਸ ਗਹਿਰਾਈ ਨਾਲ ਉਨ੍ਹਾਂ ਨੇ ਖੰਡਨ ਕੀਤਾ, ਉਹ ਕਮਿਊਨਿਸਟ ਚਿੰਤਨ 'ਚ ਇਕ ਮੀਲ ਪੱਥਰ ਸੀ। ਬੁਲਾਰਿਆਂ ਨੇ ਆਪਣੇ ਸ਼ੁਰੂਆਤੀ ਦੌਰ 'ਚ ਕਾਵਿ ਸਿਰਜਣਾ 'ਰਾਹਾਂ ਦੀ ਧੂੜ' ਮਾਸਟਰ ਤਰਲੋਚਨ ਸਿੰਘ ਵੱਲੋਂ ਸੰਪਾਦਤ ਪੁਸਤਕ ਰਿਲੀਜ਼ ਕਰਦਿਆਂ ਦੀ ਚਰਚਾ ਕਰਦਿਆਂ ਪ੍ਰੋ. ਰਣਧੀਰ ਦੇ ਸੁਹਜ, ਵਿਵੇਕ ਤੇ ਖੂਬਸੂਰਤ ਕਾਵਿ ਚਿੰਤਨ ਦੀ ਵੀ ਚਰਚਾ ਕੀਤੀ। ਸਮਾਗਮ ਦਾ ਮੰਚ ਸੰਚਾਲਨ ਕੰਵਲਜੀਤ ਖੰਨਾ ਨੇ ਕੀਤਾ।

# ਚਿਣਗ ਚਾਨਣ-ਮੁਨਾਰਾ ਕਿਵੇਂ ਬਣੀ?



**ਮੇਘ ਰਾਜ ਮਿੱਤਰ**
**ਬਾਨੀ ਤਰਕਸ਼ੀਲ ਸੁਸਾਇਟੀ,**
**91-98887-87440**

ਗੱਲ ਉਸ ਦੌਰ ਦੀ ਹੈ, ਜਦੋਂ ਦਿਨ ਵੇਲੇ ਹੀ ਹਨੇਰਾ ਛਾਅ ਜਾਂਦਾ ਸੀ। ਲੋਕ ਗੱਲਾਂ ਵੀ ਇਕ-ਦੂਜੇ ਨਾਲ ਘੁਸਰ-ਮੁਸਰ ਵਿਚ ਹੀ ਕਰਦੇ। ਕੁੱਤਿਆਂ ਨੇ ਵੀ ਭੌਂਕਣਾ ਛੱਡ ਦਿੱਤਾ ਸੀ। ਪਿੰਡਾਂ ਦੇ ਨਾਈ ਸ਼ਹਿਰਾਂ ਵੱਲ ਕੂਚ ਕਰ ਗਏ ਸਨ। ਹਰ ਰੋਜ਼ ਪੰਜ-ਚਾਰ ਲਾਸ਼ਾਂ ਸ਼ਹਿਰਾਂ ਵਿਚ ਪੋਸਟਮਾਰਟਮ ਲਈ ਆ ਰਹੀਆਂ ਸਨ। ਇਨ੍ਹਾਂ ਦਿਨਾਂ ਦੌਰਾਨ ਹੀ ਸਾਡੇ ਸਕੂਲ ਵਿਚ ਇਕ ਨਵਾਂ ਅਧਿਆਪਕ ਬਦਲ ਕੇ ਆ ਗਿਆ। ਇਕ ਗੁਆਂਢੀ ਸਕੂਲ ਦਾ ਅਧਿਆਪਕ ਉਨ੍ਹਾਂ ਬਾਰੇ ਦੱਸਣ ਲੱਗਿਆ ਕਿ ਬਰਾੜ ਸਾਹਬ ਵਾਲ ਦੀ ਖੱਲ ਲਾਹੁਣ ਵਾਲਾ ਬੰਦਾ ਹੈ। ਜਦੋਂ ਉਸ ਨੇ ਵਿਆਹ ਕਰਵਾਉਣਾ ਸੀ ਤਾਂ ਉਸ ਨੇ ਆਪਣੇ ਲਈ ਘਰਵਾਲੀ ਲੱਭਣ ਵਾਸਤੇ ਗੁਣਾਂ ਦੀ ਪੂਰੀ ਸੂਚੀ ਬਣਾਈ ਹੋਈ ਸੀ, ਜਿਸ ਵਿਚ ਹੋਣ ਵਾਲੀ ਘਰਵਾਲੀ ਦੀ ਯੋਗਤਾ, ਰੰਗ-ਰੂਪ, ਕੱਦ-ਕਾਠ, ਭਾਰ, ਉਮਰ ਆਦਿ ਸਭ ਕੁੱਝ ਦਰਜ ਕੀਤਾ ਹੋਇਆ ਸੀ। ਜੇ ਕੋਈ ਵੀ ਗੁਣ ਇੱਧਰ-ਉਧਰ ਹੁੰਦਾ ਤਾਂ ਉਹ ਝੱਟ ਕੋਰਾ ਜਵਾਬ ਦੇ ਦਿੰਦਾ ਸੀ। ਠੀਕ ਪੂਰੇ ਗੁਣਾਂ ਵਾਲੀ ਲੜਕੀ ਹੀ ਉਸ ਨੇ ਆਪਣੇ ਲਈ ਚੁਣੀ।

ਇਹ ਗੱਲ ਆਈ-ਗਈ ਹੋ ਗਈ। ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਿਸ ਦਿਨ ਉਨ੍ਹਾਂ ਨੇ ਵੱਖ-ਵੱਖ ਭੱਠਿਆਂ ਤੋਂ ਅਠਾਰਾਂ ਇੱਟਾਂ ਲਿਆ ਕੇ ਮੇਰੇ ਸਾਇੰਸ ਰੂਮ ਦੀ ਮੇਜ 'ਤੇ ਰੱਖ ਦਿੱਤੀਆਂ। ਕਹਿਣ ਲੱਗਿਆ, "ਮੇਘ ਰਾਜ ਜੀ! ਤੁਸੀਂ ਇਨ੍ਹਾਂ ਦਾ ਆਕਾਰ ਅਤੇ ਭਾਰ ਮਾਪ ਕੇ ਇਹ ਦੱਸੋ ਕਿ ਇਨ੍ਹਾਂ ਇੱਟਾਂ ਵਿਚੋਂ ਸਭ ਤੋਂ ਭਾਰੀ ਤੇ ਪੱਕੀ ਇੱਟ ਕਿਹੜੀ ਹੈ?" ਮੈਂ ਉਨ੍ਹਾਂ ਨੂੰ ਪੁੱਛ ਲਿਆ, "ਬਰਾੜ ਸਾਬ੍ਹ! ਇਹ ਦੱਸੋ ਕਿ ਤੁਸੀਂ ਇਸ ਤੋਂ ਕੀ ਕਰਵਾਉਣਾ ਚਾਹੁੰਦੇ ਹੋ?" ਉਹ ਕਹਿਣ ਲੱਗੇ, "ਤੁਹਾਨੂੰ ਪਤਾ ਹੀ ਹੈ ਕਿ ਮੈਂ ਆਪਣਾ ਘਰ ਬਣਾਉਣਾ ਹੈ ਅਤੇ ਸੱਠ ਸਾਲ ਉਸ ਵਿਚ ਰਹਿਣਾ ਵੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਭ ਤੋਂ ਵਧੀਆ ਇੱਟ ਹੀ ਘਰ 'ਤੇ ਲਾਵਾਂ। ਪਹਿਲਾਂ ਮੈਂ ਪਲਾਟ ਖ਼ਰੀਦਣ ਸਮੇਂ ਵੀ ਪੂਰੀ ਜਾਂਚ-ਪੜਤਾਲ ਕੀਤੀ ਹੈ। ਇਹ ਪਲਾਟ ਮੇਰੀ ਘਰਵਾਲੀ ਨੂੰ ਆਪਣੇ ਸਕੂਲ ਤੋਂ ਕਿੰਨੀ ਦੂਰ ਪਵੇਗਾ? ਮੇਰੀ ਬੇਟੀ ਦੇ ਕਾਲਜ ਦੀ ਦੂਰੀ ਕਿੰਨੀ ਹੋਵੇਗੀ? ਰਿਕਸ਼ੇ ਦਾ ਕਿਰਾਇਆ ਕੀ ਹੋਵੇਗਾ? ਇਨ੍ਹਾਂ ਸਾਰੇ ਖ਼ਰਚਿਆਂ ਦਾ ਹਿਸਾਬ ਲਾ ਕੇ ਹੀ ਮੈਂ ਥਾਂ ਦੀ ਚੋਣ ਕੀਤੀ ਹੈ।" ਸਾਥੀ ਅਧਿਆਪਕ ਉਸ ਦੀਆਂ ਗੱਲਾਂ ਦਾ ਮਜ਼ਾਕ ਉਡਾਉਂਦੇ। ਮੈਨੂੰ ਤੇ ਮੇਰੇ ਇਕ-ਦੋ ਸਾਥੀਆਂ ਨੂੰ ਉਹ ਅਧਿਆਪਕ ਬਹੁਤ ਪਸੰਦ ਆਇਆ। ਉਨ੍ਹਾਂ ਦਿਨਾਂ ਵਿਚ ਮੇਰੇ ਕੋਲ ਸਕੂਟਰ ਨਹੀਂ ਸੀ। ਇਕ ਦਿਨ ਕਿਸੇ ਭੋਗ 'ਤੇ ਜਾਣ ਲਈ ਮੈਂ ਸਕੂਟਰ ਮੰਗ ਲਿਆ। ਉਨ੍ਹਾਂ ਕਿਹਾ, "ਕਿੰਨੇ ਵਜੇ ਅਤੇ ਕਿੰਨੀ ਦੂਰ ਜਾਣਾ ਹੈ?" ਮੈਂ ਸਮਾਂ ਤੇ ਦੂਰੀ ਦੱਸ ਦਿੱਤੀ। ਠੀਕ ਉਸੇ ਸਮੇਂ ਉਨ੍ਹਾਂ ਨੇ ਸਕੂਟਰ ਦੀ ਕਿੱਕ 'ਤੇ ਪੈਰ ਰੱਖਿਆ ਹੋਇਆ ਸੀ। ਮੈਨੂੰ ਕਹਿਣ ਲੱਗੇ, "ਸਕੂਟਰ 'ਤੇ ਬੈਠ। ਮੈਨੂੰ ਦੱਸੀ ਜਾਈਂ ਕਿੱਧਰ ਨੂੰ ਜਾਣਾ ਹੈ? ਦਫ਼ਤਰ ਵਿਚ ਛੁੱਟੀ ਮੈਂ ਰੱਖ ਆਇਆ ਹਾਂ।" ਘੰਟੇ ਕੁ ਬਾਅਦ ਅਸੀਂ ਵਾਪਸ ਆ ਗਏ। ਸਕੂਟਰ ਨੂੰ ਸਟੈਂਡ ਲਾਉਂਦਿਆਂ ਉਹ ਕਹਿਣ ਲੱਗਿਆ, "ਮੇਘ ਰਾਜ ਜੀ! ਜਦੋਂ ਤੁਸੀਂ ਸਕੂਟਰ ਖ਼ਰੀਦ ਲਵੋਂਗੇ, ਮੈਂ ਤੁਹਾਡੇ ਤੋਂ ਮੰਗਾਂਗਾ ਨਹੀਂ।" ਮੈਂ ਉਨ੍ਹਾਂ ਦੀ ਗੱਲ ਦਾ ਮਤਲਬ ਸਮਝ ਗਿਆ। ਉਹ ਕਹਿਣਾ ਚਾਹੁੰਦਾ ਸੀ ਕਿ 'ਤੂੰ ਦੁਬਾਰਾ ਸਕੂਟਰ ਨਾ ਮੰਗੀ'। ਗੱਲਾਂ ਚੱਲਦੀਆਂ ਰਹੀਆਂ।

ਅਸੀਂ ਉਸ ਦੇ ਸੁਭਾਅ ਦੇ ਏਨੇ ਕਾਇਲ ਹੋ ਗਏ ਕਿ ਉਸ ਦੀ ਹਰ ਮਸਲੇ 'ਤੇ ਸਲਾਹ ਲੈਣ ਲੱਗ ਪਏ। ਜੇ ਉਹ ਕਿਤੋਂ ਟਾਈਮ ਪਾਈਸ ਵੀ ਖ਼ਰੀਦ ਕੇ ਲਿਆਉਂਦਾ ਤਾਂ ਉਸ ਨੂੰ ਪੁੱਛ ਲੈਂਦੇ, "ਬਰਾੜ ਸਾਬ੍ਹ! ਤੁਸੀਂ ਇਹ ਟਾਈਮਪੀਸ ਕਿਥੋਂ ਅਤੇ ਕਿੰਨੇ ਦਾ ਖ਼ਰੀਦਿਆ ਹੈ?" ਅਸੀਂ ਲੋੜ ਅਨੁਸਾਰ ਉਥੋਂ ਅਤੇ ਉਸੇ ਕੰਪਨੀ ਦਾ ਓਨੀ ਹੀ ਕੀਮਤ ਦੇ ਕੇ ਖ਼ਰੀਦ ਲਿਆਉਂਦੇ। ਸਾਨੂੰ ਪਤਾ ਸੀ ਕਿ ਇਨ੍ਹਾਂ ਨੇ ਪਹਿਲਾਂ ਹੀ ਦਸ ਦੁਕਾਨਾਂ ਤੋਂ ਉਸ ਦਾ ਮੁੱਲ ਪਤਾ ਕੀਤਾ ਹੋਵੇਗਾ। ਸਾਨੂੰ ਬਹੁਤੀ ਮਗਜ਼-ਖਪਾਈ ਨਾ ਕਰਨੀ ਪੈਂਦੀ।

ਇਨ੍ਹਾਂ ਹੀ ਦਿਨਾਂ ਦੌਰਾਨ ਮੈਨੂੰ ਸ੍ਰੀਲੰਕਾ ਦੇ ਡਾ. ਅਬਰਾਹਮ ਟੀ. ਕੋਵੂਰ ਦੀ ਅੰਗਰੇਜ਼ੀ ਵਿਚ ਲਿਖੀ ਹੋਈ ਕਿਤਾਬ 'ਬੀਗਾਨ ਗਾਡਮੈੱਨ' ਮਿਲ ਗਈ। ਮੈਨੂੰ ਚੰਗੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੀ। ਮੈਂ ਉਹ ਕਿਤਾਬ ਪੜ੍ਹੀ ਤੇ ਪਸੰਦ ਕੀਤੀ। ਜਿਵੇਂ ਹੁੰਦਾ ਹੈ; ਅਸੀਂ ਚੰਗੀਆਂ ਕਿਤਾਬਾਂ ਦੀ ਸਿਫ਼ਾਰਿਸ਼ ਆਪਣੇ ਦੋਸਤਾਂ-ਮਿੱਤਰਾਂ ਨੂੰ ਵੀ ਕਰਦੇ ਹਾਂ। ਬਰਾੜ ਸਾਹਬ ਨੇ ਵੀ ਉਹ ਕਿਤਾਬ ਪੜ੍ਹ ਲਈ। ਪੜ੍ਹਨ ਤੋਂ ਬਾਅਦ ਉਹ ਕਹਿਣ ਲੱਗੇ, "ਮੈਨੂੰ ਇਹ ਕਿਤਾਬ ਪੰਜਾਬੀ ਵਿਚ ਚਾਹੀਦੀ ਹੈ। ਮੈਂ 500 ਰੁਪਈਆ ਇਸ ਕਿਤਾਬ 'ਤੇ ਖ਼ਰਚ ਕਰ ਸਕਦਾ ਹਾਂ।" ਮੈਂ ਉਨ੍ਹਾਂ ਨੂੰ ਪੁੱਛਿਆ, "ਬਰਾੜ ਸਾਬ੍ਹ! ਤੁਸੀਂ ਅੰਗਰੇਜ਼ੀ ਵਿਚ ਇਸ ਕਿਤਾਬ ਨੂੰ ਪੜ੍ਹ ਹੀ ਲਿਆ ਹੈ। ਤੁਸੀਂ ਤਾਂ ਕਿਸੇ ਚੀਜ਼ 'ਤੇ ਦੁ-ਆਨੀ ਫ਼ਾਲਤੂ ਨਹੀਂ ਖ਼ਰਚਦੇ।

ਇਸ ਕਿਤਾਬ 'ਤੇ ਇਨ੍ਹੇ ਪੈਸੇ ਖ਼ਰਚਣ ਲਈ ਕਿਉਂ ਤਿਆਰ ਹੋ?" ਉਹ ਕਹਿਣ ਲੱਗੇ, "ਮੈਂ ਇਸ ਕਿਤਾਬ ਤੋਂ ਪੰਦਰਾ ਸੌ ਰੁਪਏ ਕਮਾਉਣੇ ਹਨ।" ਇਹ ਪੁੱਛਣ 'ਤੇ ਕਿ ਉਹ ਪੰਦਰਾਂ ਸੌ ਰੁ-ਪਈਆ ਕਿਵੇਂ ਕਮਾਉਣਗੇ। ਉਹ ਕਹਿਣ ਲੱਗੇ, "ਮੇਰੀ ਘਰਵਾਲੀ ਇਕ ਜੋਤਸ਼ੀ ਦੇ ਚੱਕਰ ਵਿਚ ਫਸੀ ਹੋਈ ਹੈ, ਜਿਹੜਾ ਪਿਛਲੇ ਤਿੰਨ ਸਾਲਾਂ ਵਿਚ ਮੇਰੇ ਘਰ ਤੋਂ ਦਾਨ ਵਜੋਂ ਅਨਾਜ ਤੇ ਖੇਸ ਆਦਿ ਦੇ ਰੂਪ ਵਿਚ ਤਿੰਨ ਹਜ਼ਾਰ ਰੁਪਈਆ ਲਿਜਾ ਚੁੱਕਿਆ ਹੈ। ਅਜੇ ਦੋ ਸਾਲ ਦੇ ਉਪਾਅ ਹੋਰ ਦੱਸੇ ਹੋਏ ਹਨ। ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਉਹ ਦੋ ਹਜ਼ਾਰ ਰੁਪਈਆ ਮੇਰੇ ਘਰ ਵਿਚੋਂ ਲੈ ਕੇ ਹੀ ਜਾਵੇਗਾ।

ਜੇ ਮੇਰੀ ਘਰਵਾਲੀ ਇਹ ਕਿਤਾਬ ਪੜ੍ਹ ਲੈਂਦੀ ਹੈ ਤਾਂ ਉਹ ਜੋਤਸ਼ੀ ਨੂੰ ਮੇਰੇ ਘਰ ਵਿਚੋਂ ਦਫ਼ਾ ਕਰ ਦੇਵੇਗੀ। ਇਸ ਤਰ੍ਹਾਂ ਪੰਦਰਾਂ ਸੌ ਰੁਪਏ ਮੇਰੀ ਕਮਾਈ ਹੋ ਜਾਵੇਗੀ।" ਉਨ੍ਹਾਂ ਦੇ ਇਸ ਨਿੱਕੇ ਜਿਹੇ ਸੁਝਾਅ ਨਾਲ ਅਸੀਂ ਇਹ ਕਿਤਾਬ ਪੰਜਾਬੀ ਵਿਚ ਉਲਥਾ ਲਈ ਅਤੇ ਸੱਤ ਰੁਪਏ ਦੀ ਮਾਮੂਲੀ ਕੀਮਤ 'ਤੇ ਲੋਕਾਂ ਵਿਚ ਵੇਚਣੀ ਸ਼ੁਰੂ ਕਰ ਦਿੱਤੀ। ਅੱਜ ਇਸ ਪੰਜਾਬੀ ਕਿਤਾਬ ਦੀਆਂ ਲੱਖਾਂ ਕਾਪੀਆਂ ਪੰਜਾਬੀ ਘਰਾਂ ਵਿਚ ਚਾਨਣ ਦੀਆਂ ਚਿਣਗਾਂ ਵੰਡ ਰਹੀਆਂ ਹਨ।





(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।**-ਡਾ. ਜਸਵੰਤ ਰਾਏ**

### (ਪੰਜਵੀ ਕਿਸਤ)
### ਗਦਰ ਲਹਿਰ ਤੋਂ ਪਹਿਲਾਂ

ਬਾਬੂ ਹਰਨਾਮ ਸਿੰਘ 1904 ਈ. ਵਿਚ ਬਰਮਾ ਪਹੁੰਚ ਗਏ। ਬਰਮਾ ਕੁਝ ਦਿਨ ਰਹੇ। ਇੱਥੇ ਆ ਕੇ ਵੀ ਮਨ ਨੂੰ ਲੱਗੀ ਹੋਈ ਅੱਚੋਆਈ ਦੂਰ ਨਹੀਂ ਸੀ ਹੋਈ। ਸੋ 1904 ਈ. ਦੇ ਅਖੀਰ ਤੇ ਹਾਂਗਕਾਂਗ ਨੂੰ ਨਿਕਲ ਤੁਰੇ। ਇੱਥੇ ਆ ਕੇ 'ਇਲੈਕਟ੍ਰਿਕ ਟ੍ਰਾਮ ਕੰਪਨੀ' ਵਿਚ ਨੌਕਰੀ ਮਿਲ ਗਈ। ਇਸ ਕੰਪਨੀ ਵਿਚ ਸਟੋਰ ਕੀਪਰ ਵਜੋਂ ਬਾਬੂ ਹਰਨਾਮ ਸਿੰਘ ਨੇ ਤਿੰਨ ਸਾਲ ਨੌਕਰੀ ਕੀਤੀ। ਕੰਮ ਕਰਨ ਨੂੰ ਪਹਿਲਾਂ ਤੋਂ ਹੀ ਉਸਦਾ ਹੱਥ ਬਹੁਤ ਛੋਹਲਾ ਸੀ। ਆਪਣੇ ਹਲੀਮੀ ਅਤੇ ਨਿਮਰਤਾ ਵਾਲੇ ਸੁਭਾਅ ਸਦਕਾ ਉਸਨੇ ਉਥੇ ਚੰਗੀ ਪੈਂਠ ਬਣਾ ਲਈ। ਤਨਖਾਹ ਵੀ ਠੀਕ ਸੀ। ਉਸਦਾ ਹੱਥ ਕਾਫੀ ਸੁਖਾਲਾ ਹੋ ਗਿਆ। ਪੈਸੇ ਦੀ ਉਹ ਜ਼ਿਆਦਾ ਪ੍ਰਵਾਹ ਨਹੀਂ ਸੀ ਕਰਦਾ। ਜਿਹੜਾ ਵੀ ਕੋਈ ਦੀਨ-ਦੁਖੀ ਮਿਲਦਾ ਉਸਦੀ ਮਦਦ ਕਰਕੇ ਖੁਸ਼ ਹੁੰਦਾ। ਪੈਸਾ ਜਿਹਾ ਕਿ ਉਹਨਾਂ ਦਾ ਕੁਦਰਤੀ ਸੁਭਾਅ ਸੀ, ਆਪਣੇ ਵਤਨੀਂ ਵੀਰਾਂ ਤੇ ਹੀ ਖਰਚ ਕਰਦੇ ਰਹੇ। ਕਈ ਵਾਰ ਇਮੀਗ੍ਰੇਸ਼ਨ ਮਹਿਕਮੇ ਵਾਲੇ ਹਿੰਦੁਸਤਾਨੀਆਂ ਨੂੰ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਵਾਪਸ ਮੁਲਕ ਨੂੰ ਮੋੜ ਦਿੰਦੇ ਸਨ। ਉਹ ਵਿਚਾਰੇ ਅਜਿਹੀ ਤੰਗਦਸਤੀ ਦੀ ਹਾਲਤ ਵਿਚ ਹੁੰਦੇ ਸਨ ਕਿ ਬਾਬੂ ਹੋਰੀਂ ਆਪਣੀ ਤਨਖਾਹ ਤੋਂ ਇਲਾਵਾ ਹੋਰ ਕਈ ਵੀਰਾਂ ਪਾਸੋਂ ਸਹਾਇਤਾ ਇਕੱਠੀ ਕਰਕੇ ਵੀ ਅਜਿਹੇ ਸ਼ੁਭ ਕੰਮਾਂ ਵਿਚ ਖਰਚ ਕਰਦੇ ਸਨ।

ਦੂਜੇ ਦਾ ਦੁੱਖ ਉਹਦੇ ਕੋਲੋਂ ਦੇਖਿਆ ਨਹੀਂ ਸੀ ਜਾਂਦਾ। ਉਸ ਦੀਆਂ ਅੱਖਾਂ ਸਾਹਮਣੇ ਜੇਕਰ ਕੋਈ ਕਿਸੇ ਨਾਲ ਧੱਕਾ ਕਰ ਰਿਹਾ ਹੋਵੇ ਤਾਂ ਉਹ ਵੀ ਉਸ ਕੋਲੋਂ ਜਰ ਨਹੀਂ ਸੀ ਹੁੰਦਾ। ਵਤਨ ਦੇ ਲੋਕ ਤਾਂ ਉਸਨੂੰ ਆਪਣੇ ਅੰਗ ਲੱਗਦੇ ਸਨ। ਪੜ੍ਹਿਆ-ਲਿਖਿਆ ਹੋਣ ਕਰਕੇ ਇੰਮੀਗ੍ਰੇਸ਼ਨ ਦੇ ਕੰਮਾਂ ਸਬੰਧੀ ਵੀ ਉਸਨੂੰ ਗਿਆਨ ਸੀ। ਅੜੇ-ਥੁੜੇ ਹਮਵਤਨੀ ਦੀ ਹਰ ਤਰ੍ਹਾਂ ਨਾਲ ਮਦਦ ਕਰਕੇ ਉਹ ਖੁਸ਼ੀ ਪ੍ਰਾਪਤ ਕਰਦਾ। ਇੱਥੇ ਇੰਮੀਗ੍ਰੇਸ਼ਨ ਵਿਭਾਗ ਦੇ ਕਈ ਕਰਮਚਾਰੀ ਉਸ ਨਾਲ ਖਾਰ ਖਾਣ ਲੱਗ ਪਏ ਸਨ। ਕਿਉਂਕਿ ਉਹਨਾਂ ਦੇ ਵਧੀਆ ਚੱਲ ਰਹੇ ਦਾਲ ਫੁਲਕੇ ਨੂੰ ਸੱਟ ਵੱਜ ਰਹੀ ਸੀ।

ਹਾਂਗਕਾਂਗ ਇਕ ਅੰਤਰ-ਰਾਸ਼ਟਰੀ ਅੱਡਾ ਸੀ। ਇੱਥੇ ਯੂਰਪ ਅਤੇ ਹੋਰ ਦੇਸ਼ਾਂ ਨੂੰ ਜਾਣ ਵਾਲੇ ਲੋਕਾਂ ਦੀ ਕਾਫੀ ਆਂਤਕ-ਜਾਂਤਕ ਬਣੀ ਰਹਿੰਦੀ ਸੀ। ਦਿਮਾਗੀ ਤੌਰ ਤੇ ਸਤਰਕ ਹੋਣ ਕਰਕੇ ਉਸਨੂੰ ਚੀਨ ਅਤੇ ਜਾਪਾਨ ਦੀਆਂ ਸਥਾਨਕ ਭਾਸ਼ਾਵਾਂ ਬਾਰੇ ਵੀ ਜਾਣਕਾਰੀ ਹੋਣ ਲੱਗ ਪਈ ਸੀ। ਉਹ ਅਮਰੀਕਾ ਕੈਨੇਡਾ ਤੋਂ ਪਰਤਦੇ ਲੋਕਾਂ ਨਾਲ ਉਥੋਂ ਦੇ ਵਾਤਾਵਰਣ ਸਬੰਧੀ ਗੱਲਬਾਤ ਕਰਦਾ ਰਹਿੰਦਾ। ਉਹਨਾਂ ਦਿਨਾਂ ਵਿਚ ਰੁਜ਼ਗਾਰ ਦੀ ਭਾਲ 'ਚ ਹਿੰਦੋਸਤਾਨ ਤੋਂ ਵੀ ਕਈ ਨੌਜਵਾਨਾਂ ਨੇ ਵਿਦੇਸ਼ਾਂ ਨੂੰ ਚਾਲੇ ਪਾ ਦਿੱਤੇ ਸਨ। ਲੋਕਾਂ ਨਾਲ ਗੱਲਬਾਤ ਕਰਦਿਆਂ ਬਾਬੂ ਹਰਨਾਮ ਸਿੰਘ ਨੂੰ ਪਤਾ ਲੱਗਾ ਕਿ ਅਮਰੀਕਾ ਅਜ਼ਾਦ ਤਬੀਅਤ ਵਾਲਾ ਮੁਲਕ ਹੈ। ਉਥੇ ਬਾਹਰੋਂ ਆਏ ਵਿਦੇਸ਼ੀਆਂ ਨਾਲ ਭਿੰਨ-ਭੇਦ ਨਹੀਂ ਸੀ ਕੀਤਾ ਜਾਂਦਾ। ਅੰਨ੍ਹਾ ਕੀ ਭਾਲੇ, ਦੋ ਅੱਖਾਂ। ਬਾਬੂ ਹਰਨਾਮ ਸਿੰਘ ਤਾਂ ਪਹਿਲਾਂ ਹੀ ਅਜਿਹੀ ਜਗ੍ਹਾ ਦਾ ਸੁਪਨਾ ਸਜਾਈ ਬੈਠਾ ਸੀ। ਅਸਲ ਵਿਚ ਉਸਦੇ ਮਨ 'ਚ ਬਹੁਤ ਕੁਝ ਚੱਲ ਰਿਹਾ ਸੀ। ਇਸ ਬਹੁਤ ਕੁਝ ਨੂੰ ਕਰਨ ਲਈ ਨਿਕਲਣ ਵਾਲਾ ਹਰ ਰਾਹ ਹਿੰਦੋਸਤਾਨ ਵੱਲ ਮੁੜਦਾ ਸੀ। ਇਸ ਲਈ ਉਸਨ ਆਪ ਵੀ ਆਪਣੀਆਂ ਵਾਗਾਂ ਅਮਰੀਕਾ-ਕਨੇਡਾ ਵੱਲ ਮੋੜ ਲਈਆਂ ਅਤੇ ਦੂਸਰੇ ਸਾਥੀਆਂ ਨੂੰ ਵੀ ਪ੍ਰੇਰਨਾ ਦੇਣ ਲੱਗਾ ਕਿ ਉਥ ਕੰਮ ਬਹੁਤ ਮਿਲਦਾ ਹੈ। ਸਭ ਤੋਂ ਵੱਡੀ ਗੱਲ ਕੀਤੀ ਹੋਈ ਮਿਹਨਤ ਮੁਸ਼ੱਕਤ ਬਦਲੇ ਮਿਹਨਤਾਨਾ ਵੀ ਪੂਰਾ ਦਿੱਤਾ ਜਾਂਦਾ ਹੈ। ਬਾਬੂ ਹਰਨਾਮ ਸਿੰਘ ਨੇ ਟਿਕਟ ਖਰੀਦਣ ਲਈ ਜੇਬ ਵਿਚ ਹੱਥ ਮਾਰਿਆ, ਜੇਬ ਫੱਕਰਾਂ ਦੀ ਜੇਬ ਵਾਂਗ ਖਾਲੀ ਸੀ। ਕੁਝ ਦਿਨ ਡੱਟ ਕੇ ਕੰਮ ਕੀਤਾ ਤਾਂ ਕਿਰਾਏ ਜੋਗੇ ਪੈਸੇ ਇਕੱਠੇ ਕਰ ਲਏ। ਟਿਕਟ ਖਰੀਦਿਆ ਤੇ ਇਕ ਜਪਾਨੀ ਜਹਾਜ਼ ਵਿਚ ਬੈਠ ਕੇ 31 ਅਗਸਤ 1907 ਨੂੰ ਵਿਕਟੋਰੀਆ ਪੁੱਜ ਗਏ।

ਵਿਕਟੋਰੀਆ ਪੁੱਜ ਕੇ ਬਾਬੂ ਹਰਨਾਮ ਸਿੰਘ ਨੇ ਪਹਿਲਾਂ ਰੋਜ਼ੀ ਰੋਟੀ ਚਲਾਉਣ ਲਈ ਕੰਮ ਲੱਭਿਆ। ਹੌਲੀ ਹੌਲੀ ਉਸਦੇ ਪੈਰ ਜੰਮਣ ਲੱਗ ਪਏ। ਇੱਥੇ ਰਹਿੰਦਿਆਂ ਹੀ ਉਸਦਾ ਮੇਲ ਭਾਈ ਬਲਵੰਤ ਸਿੰਘ, ਤਾਰਕਨਾਥ ਦਾਸ, ਜੀ. ਡੀ. ਕੁਮਾਰ ਅਤੇ ਭਾਈ ਭਾਗ ਸਿੰਘ ਵਰਗੇ ਇਨਕਲਾਬੀਆਂ ਨਾਲ ਹੋਇਆ। ਭਾਈ ਬਲਵੰਤ ਸਿੰਘ ਉਸਦੇ ਜੱਦੀ ਪਿੰਡ ਸਾਹਰੀ ਨਜ਼ਦੀਕ ਖੁਰਦਪੁਰ ਦਾ ਰਹਿਣ ਵਾਲਾ ਸੀ। ਇਹ ਪੂਰਨ ਗੁਰਸਿੱਖ ਸੀ। ਰਸਾਲੇ ਵਿਚ ਵੀ ਇਹ ਦੋਵੇਂ ਇਕੱਠੇ ਕੰਮ ਕਰ ਚੁੱਕੇ ਸਨ। ਤਾਰਕਨਾਥ ਦਾਸ ਕਲਕੱਤੇ ਲਾਗਲੇ ਪਿੰਡ ਦਾ ਸਿਰਕੱਢ ਇਨਕਲਾਬੀ ਸੀ। ਕਲਕੱਤ ਵਿਚ ਇਹਨਾਂ ਦੁਆਰਾ ਬਣਾਈ ਜਥੇਬੰਦੀ ਇਨਕਲਾਬੀ ਸਾਹਿਤ ਵੰਡਣ, ਨਵੇਂ ਸੈਲ ਕਾਇਮ ਕਰਨ, ਅਤੇ ਸਵਰਾਜ ਦੀ ਮੰਗ ਕਰਨ ਲਈ ਸੰਘਰਸ਼ ਕਰ ਰਹੀ ਸੀ। ਤਾਰਕਨਾਥ ਦਾਸ ਨੇ ਬਰਕਲੇ ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਲਈ ਦਾਖਲਾ ਲਿਆ ਸੀ। ਇਸਦਾ ਵੈਨਕੂਵਰ ਆਉਣ ਦਾ ਮਕਸਦ ਇੱਥੇ ਰਹਿੰਦੇ ਸਿੱਖ ਇਮੀਗ੍ਰੈਂਟਾਂ ਲਈ ਕੰਮ ਕਰਨਾ ਸੀ। ਭਾਈ ਭਾਗ ਸਿੰਘ ਮਾਝੇ ਦੇ ਭਿੱਖੀਵਿੰਡ ਦਾ ਜੰਮਪਲ ਸੀ। ਇਸਨੇ ਹਾਂਗਕਾਂਗ ਪੁਲਿਸ 'ਚ ਨੌਕਰੀ ਕੀਤੀ ਸੀ। 1906 ਈ. ਵਿਚ ਕੈਨੇਡਾ ਪਹੁੰਚ ਕੇ ਭਾਈ ਭਾਗ ਸਿੰਘ ਹਿੰਦੁਸਤਾਨ ਦੀ ਅਜ਼ਾਦੀ ਲਈ ਹੋ ਰਹੀਆਂ ਗਤੀਵਿਧੀਆਂ ਦਾ ਹਿੱਸਾ ਬਣ ਗਿਆ। ਬਾਬੂ ਹਰਨਾਮ ਸਿੰਘ ਇਹਨਾਂ ਸਾਥੀਆਂ ਨਾਲ ਮੇਲ-ਮਿਲਾਪ ਕਰਕੇ ਗਦਗਦ ਹੋ ਉੱਠਿਆ। ਜਦੋਂ ਕਦੇ ਇਹ ਚਾਰੇ ਭਾਈ ਇਕੱਠੇ ਹੁੰਦੇ ਤਾਂ ਆਪਣੇ ਦੇਸ਼ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਿੰਤਾ ਕਰਦੇ ਹੋਏ ਚਿੰਤਤ ਹੋ ਜਾਂਦੇ।


**ਡਾ.ਜਸਵੰਤ ਰਾਏ**
**91-98158 25999**

ਵੈਨਕੂਵਰ ਵਿਚ 9 ਮਹੀਨੇ ਕੰਮ ਕਰਨ ਤੋਂ ਬਾਅਦ 29 ਮਈ 1908 ਨੂੰ ਆਪ ਅਮਰੀਕਾ ਦੇ ਸ਼ਹਿਰ ਸਿਆਟਲ ਚਲੇ ਗਏ ਜੋ ਕਿ ਵੈਨਕੂਵਰ ਤੋਂ ਦੱਖਣ ਵੱਲ ਸਵਾ ਸੌ ਮੀਲ ਦੀ ਦੂਰੀ ਤੇ ਸਥਿਤ ਹੈ। ਉਥੇ 1908-09 ਦੌਰਾਨ ਆਪ ਨੂੰ ਪਹਿਲਾਂ ਲਿੰਕਨ ਹਾਈ ਸਕੂਲ ਤੇ ਫਿਰ ਯੂਨੀਵਰਸਿਟੀ ਕਾਲਜ ਸਿਆਟਲ 'ਚ ਪੜ੍ਹਾਈ ਕੀਤੀ। ਅਸਲ ਗੁਲਾਮੀ ਦਾ ਅਹਿਸਾਸ ਤਾਂ ਉਹਨਾਂ ਨੂੰ ਇੱਧਰ ਆ ਕੇ ਹੀ ਹੋਇਆ। ਇੱਥੇ ਹਿੰਦੋਸਤਾਨੀਆਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਸੜਕਾਂ ਤੇ ਤੁਰੇ ਜਾਂਦਿਆਂ ਨੂੰ ਜ਼ਲੀਲ ਹੋਣਾ ਪਿਆ। ਜਦੋਂ ਤੁਰੇ ਜਾਂਦਿਆਂ ਨੂੰ 'ਹੈਲੋ ਇੰਡੀਅਨ ਸਲੇਵ' ਕਹਿ ਕੇ ਵਿਅੰਗ ਕੀਤਾ ਜਾਦਾ ਤਾਂ ਆਪ ਦੇ ਕਾਲਜੇ ਛੁਰੀਂ ਫਿਰ ਜਾਂਦੀ ਸੀ।

ਉਹਨਾਂ ਨੂੰ 'ਕਾਲੇ ਕੁਲੀ' ਕਿਹਾ ਜਾਂਦਾ ਤੇ ਇਸ ਗੱਲ ਲਈ ਗੋਰੇ ਬੱਚਿਆਂ ਵੱਲੋਂ ਉਹਨਾਂ ਦਾ ਮਜ਼ਾਕ ਉਡਾਇਆ ਜਾਂਦਾ ਕਿ ਉਹਨਾਂ ਦਾ ਆਪਣਾ ਕੋਈ ਝੰਡਾ ਈ ਨਹੀਂ। ਇਕ ਵਾਰ ਬਾਬੇ ਭਾਗ ਸਿੰਘ ਕੈਨੇਡੀਅਨ ਨੂੰ ਉਸਦੇ ਗੋਰੇ ਮਾਲਕ ਦੀ ਦਸਵੀਂ ਵਿਚ ਪੜ੍ਹਦੀ ਕੁੜੀ ਵੱਖ-ਵੱਖ ਮੁਲਕਾਂ ਦੇ ਝੰਡਿਆਂ ਦੀ ਐਲਬਮ ਵਿਖਾ ਕੇ ਪੁੱਛਣ ਲੱਗੀ, "ਦੱਸ ਤੇਰੇ ਮੁਲਕ ਦਾ ਝੰਡਾ ਕਿਹੜਾ ਹੈ?" ਜਦੋਂ ਉਸਨੇ ਯੂਨੀਅਨ ਜੈਕ ਤੇ ਹੱਥ ਰੱਖਿਆ ਤਾਂ ਉਹ "ਡੈਮ ਫੂਲ! ਸਲੇਵ!' ਕਹਿ ਕੇ ਹੱਸਣ ਲੱਗੀ। ਹਿੰਦੀਆਂ ਨੂੰ ਕਈ ਹੋਟਲਾਂ ਵਿਚ ਵੜਨਾ ਵੀ ਵਰਜਿਤ ਕਰਾਰ ਦਿੱਤਾ ਹੋਇਆ ਸੀ। ਕਿਤੇ ਕਿਤੇ ਤਾਂ ਇਹ ਵੀ ਲਿਖਿਆ ਹੁੰਦਾ, "ਹਿ-ਦੀਆਂ ਤੇ ਕੁੱਤਿਆਂ ਨੂੰ ਅੰਦਰ ਵੜਨ ਦੀ ਆਗਿਆ ਨਹੀਂ।" ਇਸ ਤਰ੍ਹਾਂ ਦੇ ਸ਼ਬਦ ਜਦੋਂ ਬਾਬੂ ਹਰਨਾਮ ਸਿੰਘ ਦੇ ਕੰਨੀਂ ਪੈਂਦੇ ਤਾਂ ਉਸਦਾ ਮਨ ਭਖ ਜਾਂਦਾ। ਕੀਤੀ ਜਾ ਰਹੀ ਕਮਾਈ ਤੋਂ ਬੋਅ ਆਉਣ ਲੱਗਦੀ। ਉਹ ਦੇਸ਼ ਸੇਵਾ ਵਿਚ ਸਿਰ ਤੱਕ ਡੁੱਬ ਗਿਆ ਸੀ। ਵੈਨਕੂਵਰ ਤੋਂ ਹੀ ਉਸਨੇ ਆਪਣੇ ਪਿਤਾ ਜੀ ਨੂੰ ਇਕ ਪੱਤਰ ਲਿਖਿਆ, "ਪਿਤਾ ਜੀ ਸਤਿ ਸ੍ਰੀ ਅਕਾਲ! ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਪੈਸੇ ਧੇਲੇ ਦੀ ਆਸ ਨਾ ਰੱਖਿਓ। ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਗਿਰਵੀ ਕਰ ਦਿੱਤੀ ਏ। ਜਦ ਤੱਕ ਮੇਰੇ ਅੰਦਰ ਸਾਹਾਂ ਦੀ ਗਤੀ ਚਲਦੀ ਰਹੂਗੀ ਮੈਂ ਅੰਗਰੇਜ਼ੀ ਹਕੂਮਤ ਖਿਲਾਫ ਲੜਦੇ ਹੋਏ ਸੰਘਰਸ਼ ਜਾਰੀ ਰੱਖਾਂਗਾ। ਮੈਂ ਆਪਣੀ ਪਤਨੀ ਦੀ ਜ਼ਿੰਦਗੀ ਖਰਾਬ ਨਹੀਂ ਸੀ ਕਰਨਾ ਚਾਹੁੰਦਾ। ਪਰ ਮੈਂ ਦੇਸ਼ ਅੱਗੇ ਬੇਵੱਸ ਹਾਂ। ਮੇਰੇ ਕੋਲੋਂ ਮੁਰਦਾ ਬਣ ਕੇ ਜ਼ਿੰਦਗੀ ਨਹੀਂ ਕੱਟੀ ਜਾਂਦੀ। ਤੁਸੀਂ ਮੇਰੀ ਪਤਨੀ ਰਾਅ ਕੌਰ ਦਾ ਜਿੱਥੇ ਚੰਗਾ ਚਾਹੋ ਆਪਣੇ ਹੱਥੀਂ ਕਾਰਜ ਕਰ ਦੇਵੋ।" ਇਸ ਤੋਂ ਬਾਅਦ ਉਹਨਾਂ ਦਾ ਪਰਿਵਾਰ ਨਾਲ ਕੋਈ ਰਾਬਤਾ ਨਹੀਂ ਮਿਲਦਾ।

1908 ਈ. ਤੱਕ ਹਜ਼ਾਰਾਂ ਦੀ ਤਾਦਾਦ ਵਿਚ ਹਿੰਦੋਸਤਾਨੀ ਕੈਨੇਡਾ ਪਹੁੰਚ ਚੁੱਕੇ ਸਨ। ਇਹਨਾਂ ਵਿਚੋਂ ਪੰਜਾਬੀਆਂ ਦੀ ਗਿਣਤੀ ਅੱਛੀ ਖਾਸੀ ਸੀ। ਹਿੰਦੋਸਤਾਨੀ ਸ਼ੁਰੂ ਤੋਂ ਹੀ ਅਧਿਆਤਮਵਾਦੀ ਰੁਚੀ ਦੇ ਧਾਰਨੀ ਹਨ। ਪਰ ਅਜੇ ਤੱਕ ਇੱਥੇ ਇਹਨਾਂ ਨੇ ਆਪਣਾ ਕੋਈ ਧਾਰਮਿਕ ਸਥਾਨ ਸਥਾਪਤ ਨਹੀਂ ਕੀਤਾ ਸੀ। 1906 ਈ. ਵਿਚ ਕੈਨੇਡਾ ਪਹੁੰਚੇ ਭਾਈ ਅਰਜਨ ਸਿੰਘ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਗਏ। ਕਿਰਾਏ ਦਾ ਮਕਾਨ ਲੈ ਕੇ ਇਹਨਾਂ ਨੇ ਪਾਠ-ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਕੈਨੇਡਾ ਰਹਿੰਦੇ (ਪੰਜਾਬੀਆਂ) ਨੇ ਇਕ ਮੀਟਿੰਗ ਕੀਤੀ ਅਤੇ ਮੀਟਿੰਗ ਵਿਚ ਗੁਰਦੁਆਰਾ ਬਣਾਉਣ ਦੀ ਤਜਵੀਜ਼ ਪਾਸ ਹੋ ਗਈ।ਗੁਰਦੁਆਰਾ ਬਣਾਉਣ ਲਈ ਇਕ ਕਮੇਟੀ ਬਣਾਈ ਗਈ ਜਿਸਦੇ ਮੈਂਬਰ ਇਸ ਪ੍ਰਕਾਰ ਹਨ-

1. ਭਾਈ ਅਰਜਨ ਸਿੰਘ ਪਿੰਡ ਮਲਿਕ (ਲੁਧਿਆਣਾ)
2. ਭਾਈ ਵਰਿਆਮ ਸਿੰਘ ਪਿੰਡ ਨਾਥੋਕੇ (ਫਿਰੋਜ਼ਪੁਰ)
3. ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ (ਲਾਹੌਰ)
4. ਭਾਈ ਬਲਵੰਤ ਸਿੰਘ ਪਿੰਡ ਖੁਰਦਪੁਰ (ਜਲੰਧਰ)
5. ਭਾਈ ਭੋਲਾ ਸਿੰਘ ਲੰਮਾ ਪਿੰਡ ਭੂਰਾ ਗੁਜਰ (ਫਿਰੋਜ਼ਪੁਰ)
6. ਭਾਈ ਭੋਲਾ ਸਿੰਘ ਪਿੰਡ ਚੀਮਾ (ਲੁਧਿਆਣਾ)
7. ਭਾਈ ਸੇਵਾ ਸਿੰਘ ਪਿੰਡ ਗੁੱਦੇ (ਲਾਹੌਰ)

ਦੋ ਮੰਜ਼ਿਲੀ ਗੁਰਦੁਆਰੇ ਦਾ ਨਾਂ 'ਸਿੱਖ ਟੈਂਪਲ ਵੈਨਕੂਵਰ' ਰੱਖਿਆ ਗਿਆ। ਗੁਰਦੁਆਰੇ ਦਾ ਨੀਂਹ ਪੱਥਰ ਅਕਤੂਬਰ ਦੇ ਆਖਰੀ ਹਫਤੇ 1907 ਈ. ਵਿਚ ਰੱਖਿਆ ਗਿਆ। ਉਪਰੋਕਤ ਮੈਂਬਰਾਂ ਨੂੰ ਗੁਰਦੁਆਰੇ ਦੀ ਉਸਾਰੀ ਲਈ ਫੰਡ ਇਕੱਤਰ ਕਰਨ ਅਤੇ ਦੇਖ ਰੇਖ ਦੀ ਜ਼ਿੰਮੇਵਾਰੀ ਸੌਂਪੀ ਗਈ। 19 ਜਨਵਰੀ 1908 ਨੂੰ ਇਸ ਦਾ ਉਦਘਾਟਨ ਕੀਤਾ ਗਿਆ। ਗੁਰਦੁਆਰੇ ਦਾ ਪ੍ਰਬੰਧ ਕਰਨ, ਸਿੱਖਾਂ ਤੇ ਹਿਤਾਂ ਦੀ ਰਾਖੀ ਤੇ ਇਹਨਾਂ ਖਾਤਰ ਘੋਲ ਕਰਨ ਲਈ ਇਕ ਜਥੇਬੰਦੀ ਬਣਾਈ ਗਈ ਜਿਸ ਦਾ ਨਾਂ ਰੱਖਿਆ 'ਖਾਲਸਾ ਦੀਵਾਨ ਸੁਸਾਇਟੀ।'

'ਖਾਲਸਾ ਦੀਵਾਨ ਸੁਸਾਇਟੀ' ਨੂੰ ਵਧੀਆ ਢੰਗ ਨਾਲ ਚਲਾਉਣ ਲਈ ਵੈਨਕੂਵਰ ਵਿਚ ਹੇਠ ਲਿਖੇ ਕਾਰਜਕਾਰੀ ਮੈਂਬਰਾਂ ਦੀ ਸਰਵ ਸੰਮਤੀ ਨਾਲ ਚੋਣ ਕੀਤੀ ਗਈ-

1. ਭਾਈ ਸੇਵਾ ਸਿੰਘ ਪ੍ਰਧਾਨ
2. ਭਾਈ ਭਾਗ ਸਿੰਘ ਜਨਰਲ ਸਕੱਤਰ ਅਤੇ ਖਜਾਨਚੀ
3. ਭਾਈ ਭੋਲਾ ਸਿੰਘ ਸਕੱਤਰ ਅਤੇ ਸਹਾਇਕ ਖਜਾਨਚੀ
4. ਭਾਈ ਬਿਸ਼ਨ ਸਿੰਘ ਮੈਂਬਰ
5. ਭਾਈ ਭੋਲਾ ਸਿੰਘ ਮੈਂਬਰ

ਭਾਈ ਬਲਵੰਤ ਸਿੰਘ ਨੂੰ 'ਸਿੱਖ ਟੈਂਪਲ ਵੈਨਕੂਵਰ' ਦਾ ਪਹਿਲਾ ਗ੍ਰੰਥੀ ਸਰਵ ਸੰਮਤੀ ਨਾਲ ਚੁਣਿਆ ਗਿਆ।

ਸਿੱਖ ਟੈਂਪਲ ਵੈਨਕੂਵਰ ਦੋ ਮੰਜ਼ਿਲੀ ਗੁਰਦੁਆਰੇ ਵਿਚ ਉਪਰਲੀ ਮੰਜ਼ਿਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਅਤੇ ਹੇਠਲੀ ਮੰਜ਼ਿਲ ਮੀਟਿੰਗ ਹਾਲ ਦੇ ਤੌਰ ਤੇ ਵਰਤੋਂ ਵਿਚ ਆਉਣ ਲੱਗੀ। ਗੁਰਦੁਆਰਾ ਕ੍ਰਾਂਤੀਕਾਰੀਆਂ ਦੇ ਮਿਲ ਬਹਿਣ ਦਾ ਅੱਡਾ ਬਣ ਗਿਆ। ਖਾਲਸਾ ਦੀਵਾਨ ਸੁਸਾਇਟੀ ਦਾ ਕਾਰਜ ਖੇਤਰ ਸਿਰਫ ਧਰਮ ਤੱਕ ਹੀ ਸੀਮਤ ਨਹੀਂ ਸੀ ਰਹਿ ਗਿਆ ਸਗੋਂ ਇਸਨੇ ਬ੍ਰਿਟਿਸ਼ ਹਕੂਮਤ ਦੀਆਂ ਰਾਜਨੀਤਿਕ ਚਾਲਾਂ ਨੂੰ ਕੱਟਣ ਲਈ ਰਾਜਨੀਤਿਕ ਪੈਂਤੜੇ ਵੀ ਅਖਤਿਆਰ ਕਰਨੇ ਸ਼ੁਰੂ ਕਰ ਦਿੱਤੇ ਸਨ। ਸੁਸਾਇਟੀ ਦੇ ਕੁਝ ਮੈਂਬਰਾਂ ਤੇ ਸਮਾਜਵਾਦੀ ਵਿਚਾਰਧਾਰਾ ਦਾ ਗਹਿਰਾ ਅਸਰ ਸੀ ਤੇ ਉਹ ਇਸ ਵਿਚਾਰਧਾਰਾ ਅਨੁਸਾਰ ਹੀ ਆਪਣੀਆਂ ਸਰਗਰਮੀਆਂ ਚਲਾ ਰਹੇ ਸਨ।

ਸਮਾਜ ਵਿਚ ਸਾਰੇ ਵਿਅਕਤੀ ਇਕੋ ਸੋਚ ਦੇ ਧਾਰਨੀ ਨਹੀਂ ਹੁੰਦੇ। ਇਹੀ ਹਾਲ ਇਸ ਸੁਸਾਇਟੀ ਦਾ ਸੀ। ਕੁਝ ਕੱਟੜਪੰਥੀ ਵਿਚਾਰਾਂ ਵਾਲੇ ਆਗੂਆਂ ਨੇ ਸੁਸਾਇਟੀ ਦੇ ਮੈਂਬਰਾਂ ਨੂੰ ਵੰਡਣ ਦੀ ਵੀ ਕੋਸ਼ਿਸ਼ ਕੀਤੀ ਪਰ ਸਿਆਣੇ ਬੰਦਿਆਂ ਦੇ ਹੰਭਲੇ ਨਾਲ ਉਹਨਾਂ ਦੀ ਇਸ ਚਾਲ ਨੂੰ ਕਾਮਯਾਬੀ ਨਾ ਮਿਲ ਸਕੀ। "ਭਾਈ ਭਾਗ ਸਿੰਘ ਨੇ ਆਪ 28 ਜੂਨ 1908 ਨੂੰ ਵੈਨਕੂਵਰ ਦੇ ਗੁਰਦੁਆਰੇ 'ਚ ਅੰਮ੍ਰਿਤ ਛਕਿਆ ਸੀ ਪਰ ਉਹ ਕੱਟੜ ਬਿਲਕੁਲ ਨਹੀਂ ਸਨ। ਉਹਨਾਂ ਨੇ ਸਿੱਖਾਂ ਨੂੰ ਸਮਝਾਇਆ ਕਿ ਕੇਸਾਂ ਦਾ ਮਸਲਾ ਹਾਲ ਦੀ ਘੜੀ ਇਕ ਪਾਸੇ ਰੱਖ ਲੈਣਾ ਚਾਹੀਦਾ ਹੈ ਤੇ ਸਭ ਤੋਂ ਪਹਿਲਾਂ ਕੈਨੇਡਾ ਵਿਚਲੇ ਨਸਲਵਾਦ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਮਸਲੇ ਨਾਲ ਸਿੱਝਣਾ ਚਾਹੀਦਾ ਹੈ। ਇਸ ਤਰ੍ਹਾਂ ਭਾਈ ਭਾਗ ਸਿੰਘ ਨੇ ਬਹੁਤ ਹੀ ਪਿਆਰ ਤੇ ਸਿਆਣਪ ਨਾਲ ਕੇਸਾਧਾਰੀ ਤੇ ਮੋਨੇ ਸਿੱਖਾਂ ਦੇ ਇਸ ਝਗੜੇ ਨੂੰ ਨਿਪਟਾਇਆ ਤੇ ਉਹਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ।

ਦੇਸ਼ ਨੂੰ ਪਿਆਰ ਕਰਨ ਵਾਲੇ ਗਦਰੀਆਂ ਦੇ ਮਨ ਵਿਚ ਜਾਤ-ਪਾਤ ਸਬੰਧੀ ਕੋਈ ਖਿਆਲ ਨਹੀਂ ਸੀ। ਉਹਨਾਂ ਦੀਆਂ ਨਜ਼ਰਾਂ ਵਿਚ ਸਾਰੇ ਹਿੰਦੋਸਤਾਨੀ ਇਕ ਬਰਾਬਰ ਅਤੇ ਭਰਾ-ਭਰਾ ਸਨ। ਇਸ ਦੀ ਇਕ ਪ੍ਰਮੁੱਖ ਉਦਾਹਰਣ ਭਾਈ ਭਾਗ ਸਿੰਘ, ਭਾਈ ਮੇਵਾ ਸਿੰਘ ਲੋਪੋਕੇ, ਭਾਈ ਬਲਵੰਤ ਸਿੰਘ ਖੁਰਦਪੁਰ ਵਰਗੇ ਅੰਮ੍ਰਿਤਧਾਰੀ ਸਿੱਖਾਂ ਦੀ ਪੰਡਤ ਸੋਹਣ ਲਾਲ ਪਾਠਕ ਅਤੇ ਬਾਬੂ ਹਰਨਾਮ ਸਿੰਘ ਹੁਰਾਂ ਨਾਲ ਗੂਹੜੀ ਪੱਕੀ ਯਾਰੀ ਸੀ।

ਕੈਨੇਡਾ ਸਰਕਾਰ ਹਿੰਦੋਸਤਾਨੀਆਂ ਦੀ ਕੈਨੇਡਾ ਵਿਚ ਹਰ ਗਤੀਵਿਧੀ ਤੇ ਬਾਜ ਅੱਖ ਰੱਖ ਰਹੀ ਸੀ। ਹਿੰਦੋਸਤਾਨੀਆਂ ਦੀਆਂ ਆਪਣੇ ਦੇਸ਼ ਪ੍ਰਤੀ ਦੇਸ਼ ਭਗਤੀ ਵਾਲੀਆਂ ਕਾਰਵਾਈਆਂ ਕੈਨੇਡਾ ਸਰਕਾਰ ਦੀ ਹਿੱਕ ਤੇ ਮੂੰਗ ਦਲ ਰਹੀਆਂ ਸਨ। ਇਸ ਲਈ ਕੈਨੇਡਾ ਸਰਕਾਰ ਨੇ ਹਿੰਦੁਸਤਾਨੀਆਂ ਦੀ ਕੈਨੇਡਾ ਵਿਚ ਐਂਟਰੀ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਪੁੱਠੇ ਸਿੱਧੇ ਕਾਨੂੰਨ ਘੜਨੇ ਸ਼ੁਰੂ ਕਰ ਦਿੱਤੇ ਸਨ। ਉਹਨਾਂ ਦੇ ਮਨ ਦੀ ਧਾਰਨਾ ਸੀ ਕਿ ਛੇਤੀ ਤੋਂ ਛੇਤੀ ਹਿੰਦੀਆਂ ਨੂੰ ਇੱਥੋਂ ਰੁਖਸਤ ਕੀਤਾ ਜਾਏ। ਉਸਨੇ ਆਪਣੇ ਘਰੇਲੂ ਮਹਿਕਮੇ ਤੋਂ ਹੀ ਇਕ ਝੂਠੀ ਖਬਰ ਤਿਆਰ ਕਰਵਾਈ ਕਿ ਹਿੰਦੀਆਂ ਨੂੰ ਕੈਨੇਡਾ ਦਾ ਮੌਸਮ ਮਾਫਕ ਨਹੀਂ। ਉਹਨਾਂ ਦੀ ਸਿਹਤ ਇੱਥੇ ਛੇਤੀ ਵਿਗੜ ਜਾਂਦੀ ਹੈ। ਕੰਮ-ਕਾਰ ਵੀ ਜ਼ਿਆਦਾ ਨਹੀਂ ਮਿਲਦਾ। ਇਸ ਲਈ ਪੰਦਰਾਂ ਸੌ ਦੇ ਲੱਗਭੱਗ ਹਿੰਦੀਆਂ ਨੂੰ ਟਾਪੂ ਹਾਂਡੂਰਸ ਭੇਜ ਦਿੱਤਾ ਜਾਵੇ।

16 ਅਕਤੂਬਰ 1908 ਤੋਂ ਪਹਿਲੇ ਬੁੱਧਵਾਰ ਨੂੰ ਮਿਸਟਰ ਹਾਰਕਿਨ ਨੇ ਪਾਦਰੀ ਰਾਈਟ ਤੇ ਕਲਕੱਤੇ ਤੋਂ ਛੁੱਟੀ ਆਏ ਇਕ ਪੁਲਿਸ ਇੰਸਪੈਕਟਰ ਹਾਪਕਿਨਸਨ ਨੂੰ ਜੋ ਹਿੰਦੋਸਤਾਨੀ ਜ਼ੁਬਾਨ ਜਾਣਦਾ ਸੀ ਨੂੰ ਨਾਲ ਲੈ ਕੇ ਭਾਈ ਭਾਗ ਸਿੰਘ ਭਿਖੀਵਿੰਡ, ਪਿਆਰਾ ਸਿੰਘ ਲੰਗੇਰੀ, ਸੂਬਾ ਸਿੰਘ, ਬਲਵੰਤ ਸਿੰਘ ਖੁਰਦਪੁਰ ਗ੍ਰੰਥੀ, ਬਾਬੂ ਹਰਨਾਮ ਸਿੰਘ ਸਾਹਰੀ, ਪੰਡਤ ਬਾਲ ਮੁਕੰਦ ਸਕਰੂਲੀ, ਮੇਹਰ-ਚੰਦ ਰਾਧਾ ਕ੍ਰਿਸ਼ਨ ਤੇ ਮੁਨਸ਼ੀ ਰਾਮ ਆਦਿ ਲੀਡਰਾਂ ਤੇ ਕੁਝ ਹੋਰ ਹਿੰਦੀਆਂ ਨਾਲ ਗਿਰਜੇ ਘਰ ਵਿਚ ਕਾਨਫਰੰਸ ਕੀਤੀ ਤੇ ਹਾਂਡੂਰਸ ਬਾਰੇ ਸਰਕਾਰੀ ਸਕੀਮ ਦੱਸੀ। ਉਹਨਾਂ ਨੇ ਆਖਿਆ ਕਿ ਹਿੰਦੀ ਆਪਣੇ ਨੁਮਾਇੰਦੇ ਚੁਣ ਦੇਣ ਜੋ ਉਹਨਾਂ ਨਾਲ ਜਾ ਕੇ ਹਾਂਡੂਰਸ ਨੂੰ ਵੇਖ ਆਉਣ ਕਿ ਕਿੰਨੀ ਅੱਛੀ ਜਗ੍ਹਾ ਹੈ ਜੋ ਹਿੰਦੀਆਂ ਲਈ ਬਹਿਸ਼ਦ ਬਣ ਸਕਦੀ ਹੈ। ਹਿੰਦੀਆਂ ਦੀ ਇਹ ਫਿਤਰਤ ਰਹੀ ਹੈ ਕਿ ਇਹ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਰਹੇ ਸਨ। ਪੁਰਾਣੇ ਸਮਿਆਂ ਵਿਚ ਜਦੋਂ ਕੋਰਟਾਂ ਕਚਹਿਰੀਆਂ ਨਹੀਂ ਸੀ ਹੁੰਦੀਆਂ ਤਾਂ ਸੱਚ ਝੂਠ ਦਾ ਨਿਤਾਰਾ ਕਰਨ ਲਈ ਧਾਰਮਿਕ ਥਾਵਾਂ ਦੀ ਸ਼ਰਨ ਲਈ ਜਾਂਦੀ ਸੀ ਅਤੇ ਵਿਅਕਤੀ ਜਿਸ ਧਰਮ ਨੂੰ ਮੰਨਦਾ ਹੋਵੇ, ਉਹਨੂੰ ਉਸਦੇ ਧਰਮ ਦੀ ਸਹੁੰ ਦਾ ਵਾਸਤਾ ਦੇ ਕੇ ਸੱਚ ਉਗਲਵਾਇਆ ਜਾਂਦਾ ਸੀ। ਪਰ ਅੰਗਰੇਜ਼ਾਂ ਵਰਗੀ ਮਕਾਰ ਕੌਮ ਦੀ ਪੂਰੀ ਦੁਨੀਆਂ ਤੇ ਕੋਈ ਉਦਾਹਰਣ ਨਹੀਂ ਮਿਲਦੀ ਜਿਸਦੇ ਪਾਦਰੀ ਤੇ ਅਧਿਕਾਰੀ ਚਰਚ ਵਿਚ ਬੈਠ ਕੇ ਹਾਂਡੂਰਸ ਬਾਰੇ ਸ਼ਰੇਆਮ ਝੂਠ ਦਾ ਪੁਲੰਦਾ ਪੇਸ਼ ਕਰ ਰਹੇ ਸਨ।

ਵਿਲੀਅਮ ਹਾਪਕਿਨਸਨ ਹਿੰਦੋਸਤਾਨ ਵਿਚ ਪੈਦਾ ਹੋਇਆ ਸੀ। ਪਰ ਇਹ ਸੀ ਹਿੰਦੋਸਤਾਨੀਆਂ ਦਾ ਰੱਜ ਕੇ ਵੈਰੀ। ਇਸਦਾ ਪਿਤਾ ਇਕ ਅੰਗਰੇਜ਼ ਸੀ ਅਤੇ ਮਾਤਾ ਪੰਜਾਬਣ ਸੀ। ਪੰਜਾਬਣ ਮਾਤਾ ਦਾ ਦੁੱਧ ਪੀਤਾ ਹੋਣ ਕਰਕੇ ਇਹ ਅੰਗਰੇਜ਼ੀ ਮਾਹੌਲ ਵਿਚ ਪਲਿਆ ਹੋਣ ਦੇ ਬਾਵਜੂਦ ਪੰਜਾਬੀ ਅਤੇ ਉਰਦੂ ਬੋਲ ਲੈਂਦਾ ਸੀ, ਸਮਝ ਲੈਂਦਾ ਸੀ। ਉਹ ਕਲਕੱਤੇ ਪੁਲਿਸ ਵਿਚ ਇੰਸਪੈਕਟਰ ਸੀ। ਹਾਪਕਿਨਸਨ ਅੱਤ ਦਰਜੇ ਦਾ ਚੁਸਤ ਚਲਾਕ ਆਦਮੀ ਸੀ। ਪੁਲਿਸ ਇੰਸਪੈਕਟਰ ਦੇ ਨਾਲ ਨਾਲ ਉਹ ਇੰਮੀਗ੍ਰੇਸ਼ਨ ਵਿਭਾਗ ਵਿਚ ਦੋ-ਭਾਸ਼ੀਏ ਦੇ ਤੌਰ ਤੇ ਵੀ ਕੰਮ ਕਰਦਾ ਸੀ। ਲਾਲਚੀ ਬਹੁਤ ਸੀ। ਉਸਨੇ ਇੰਮੀਗ੍ਰੇਸ਼ਨ ਵਿਭਾਗ ਵਿਚ ਦੋ-ਭਾਸ਼ੀਏ ਦੇ ਕੰਮ ਨੂੰ ਆਪਣਾ ਕਮਾਈ ਦਾ ਸਾਧਨ ਬਣਾਇਆ ਹੋਇਆ ਸੀ। ਇਸ ਕੰਮ ਨੂੰ ਆਸਾਨ ਕਰਨ ਲਈ ਅਤੇ ਵੱਧ ਤੋਂ ਵੱਧ ਮੁਰਗੇ ਫਸਾਉਣ ਲਈ ਉਸਨੇ ਕੁਝ ਹਿੰਦੀ ਦਲਾਲ ਬੇਲਾ ਸਿੰਘ, ਹਰਨਾਮ ਸਿੰਘ, ਰਾਮ ਸਿੰਘ ਵਰਗੇ ਆਪਣੇ ਨਾਲ ਰੱਖੇ ਹੋਏ ਸਨ।

ਕੈਨੇਡਾ ਦੇ ਗਵਰਨਰ ਮਿਸਟਰ ਹਾਰਕਿਨ ਦੇ ਕਹਿਣ ਤੇ ਇਹ ਹਿੰਦੋਸਤਾਨ ਦੀ ਨੌਕਰੀ ਛੱਡ ਕੇ ਕੈਨੇਡਾ ਆ ਗਿਆ ਸੀ ਅਤੇ ਇੱਥੇ ਆਪਣਾ ਦੁਭਾਸ਼ੀਏ ਦਾ ਕੰਮ ਸਰਕਾਰੀ ਤੌਰ ਤੇ ਸ਼ੁਰੂ ਕਰ ਲਿਆ ਸੀ। ਹਾਪਕਿਨਸਨ ਸਰਕਾਰੀ ਤਨਖਾਹ ਤੋਂ ਇਲਾਵਾ ਕੈਨੇਡਾ ਆਉਣ ਵਾਲੇ ਹਿੰਦੀਆਂ ਨੂੰ ਇੰਮੀਗ੍ਰੇਸ਼ਨ ਸਬੰਧੀ ਕੰਮਾਂ ਵਿਚ ਉਲਝਾ ਕੇ ਕਾਫੀ ਮਾਇਆ ਇਕੱਠੀ ਕਰੀ ਜਾ ਰਿਹਾ ਸੀ। ਇਹ ਕੈਨੇਡਾ ਦੇ ਪ੍ਰਧਾਨ ਮੰਤਰੀ ਤੱਕ ਸਿੱਧੀ ਪਹੁੰਚ ਰੱਖਦਾ ਸੀ ਅਤੇ ਉਸਦੇ ਦਫਤਰ ਨਾਲ ਇਸਦਾ ਚਿੱਠੀ ਪੱਤਰ ਚੱਲਦਾ ਰਹਿੰਦਾ ਸੀ।


ਹਾਰਕਿਨ ਅਤੇ ਹਾਪਕਿਨਸਨ ਦੀ ਹਿੰਦੀਆਂ ਨਾਲ ਮੀਟਿੰਗ ਤੋਂ ਬਾਅਦ 'ਸਿੱਖ ਟੈਂਪਲ ਵੈਨਕੂਵਰ' ਵਿਚ ਸੰਗਤ ਦਾ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਸੰਗਤ ਨੇ ਸਰਬ ਸੰਮਤੀ ਨਾਲ ਨਾਗਰ ਸਿੰਘ ਅਤੇ ਸ਼ਾਮ ਸਿੰਘ ਦੋ ਨੁਮਾਇੰਦੇ ਚੁਣੇ ਜੋ ਵਿਲੀਅਮ ਹਾਪਕਿਨਸਨ ਨਾਲ ਹਾਂਡੂਰਸ ਜਾ ਕੇ ਉਥੋਂ ਦੇ ਵਾਤਾਵਰਣ ਸਬੰਧੀ ਰਿਪੋਰਟ ਤਿਆਰ ਕਰਨਗੇ। ਇਹ ਡੈਲੀਗੇਸ਼ਨ 25 ਅਕਤੂਬਰ 1908 ਨੂੰ ਹਾਂਡੂਰਸ ਪਹੁੰਚ ਗਿਆ ਅਤੇ ਉਥੇ ਘੁੰਮ ਫਿਰ ਕੇ ਸਾਰੀ ਰਿਪੋਰਟ ਤਿਆਰ ਕਰਕੇ 7 ਨਵੰਬਰ 1908 ਨੂੰ ਵਾਪਸ ਆਇਆ। ਹਾਪਕਿਨਸਨ ਨੇ ਤਾਂ ਹਾਂਡੂਰਸ ਬਾਰੇ ਪਹਿਲਾਂ ਹੀ ਝੂਠੀ ਰਿਪੋਰਟ ਤਿਆਰ ਕਰ ਲਈ ਸੀ। ਇਸ ਉਤੇ ਹੁਣ ਉਹ ਨਾਗਰ ਸਿੰਘ ਅਤੇ ਸ਼ਾਮ ਸਿੰਘ ਦੇ ਦਸਤਖਤ ਕਰਵਾਉਣੇ ਚਾਹੁੰਦਾ ਸੀ ਤਾਂ ਕਿ ਹਿੰਦੀਆਂ ਨੂੰ ਹਾਂਡੂਰਸ ਭੇਜਣ ਦਾ ਰਾਹ ਪੱਧਰਾ ਹੋ ਸਕੇ। ਇਸਦੇ ਲਈ ਉਸਨੇ ਅਗਾਊਂ ਜਹਾਜ਼ ਦਾ ਵੀ ਪ੍ਰਬੰਧ ਕਰ ਲਿਆ ਸੀ। ਪਰ ਸਦਕੇ ਜਾਈਏ ਨਾਗਰ ਸਿੰਘ ਤੇ ਸ਼ਾਮ ਸਿੰਘ ਜਿਹੇ ਮਰਦਾਂ ਤੇ ਜਿਨ੍ਹਾਂ ਨੇ ਇਸ ਰਿਪੋਰਟ ਤੇ ਦਸਤਖਤ ਨਹੀਂ ਕੀਤੇ।

(ਚਲਦਾ)

# ਬ੍ਰਹਿਮੰਡ: ਇਕ ਨਜ਼ਰ
## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)



ਸਤਵੰਤ ਕੌਰ ਕਲੋਟੀ
91-95011-98881




**(ਨੌਵੀ ਕਿਸਤ)**

**ਅਕਾਸ਼ ਗੰਗਾ ਨਾਲ ਜੁੜੀਆਂ ਦੰਦ-ਕਥਾਵਾਂ**

ਅਕਾਸ਼ ਗੰਗਾ ਬ੍ਰਹਿਮੰਡ ਵਿਚ ਮੌਜੂਦ ਕਈ ਬਿਲੀਅਨ ਗਲੈਕਸੀਆਂ ਵਿਚੋਂ ਇਕ ਹੈ, ਜਿਸ ਵਿਚ ਸਾਡੀ ਧਰਤੀ ਸਮੇਤ ਸਮੁੱਚਾ ਸੂਰਜੀ ਪਰਿਵਾਰ ਮੌਜੂਦ ਹੈ। ਆਓ ਦੇਖੀਏ ਕਿ ਜੋ ਗਲੈਕਸੀ ਸਾਡੇ ਮੁਲਕ ਦੇ ਲੋਕਾਂ ਲਈ ਆਕਾਸ਼ ਵਿਚ ਵੱਗਦੀ ਗੰਗਾ, ਯਾਨਿ 'ਅਕਾਸ਼ ਗੰਗਾ' ਹੈ, ਉਹ ਧਰਤੀ ਉਤੇ ਵੱਸਦੇ ਦੂਜੇ ਮੁਲਕਾਂ ਦੇ ਲੋਕਾਂ ਲਈ ਕੀ ਹੈ?

ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਇਸ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਮਿਲਕੀ ਵੇਅ (Milky Way) (ਝਜ;ਾਖ ਰੁਖ਼ਖ) ਭਾਵ 'ਦੂਧੀਆ ਰਸਤਾ' ਕਿਹਾ ਜਾਂਦਾ ਹੈ। ਗਲੈਕਸੀ ਵਿਚਲੇ ਅਣਗਿਣਤ ਤਾਰਿਆਂ ਦੁਆਰਾ ਛੱਡਿਆ ਗਿਆ ਪ੍ਰਕਾਸ਼ ਇਸ ਵਿਚ ਇਕ ਮੱਧਮ ਜਿਹੀ ਚਮਕ ਪੈਦਾ ਕਰਦਾ ਹੈ, ਜਿਸ ਕਰਕੇ ਇਹ ਰਾਤ ਨੂੰ ਇਕ ਦੂਧੀਆ ਰੰਗ ਦੇ ਰਸਤੇ ਵਾਂਗ ਨਜ਼ਰ ਆਉਂਦੀ ਹੈ। ਇਸ ਕਰਕੇ ਇਸ ਦਾ ਨਾਂ 'ਮਿਲਕੀ ਵੇਅ' ਪਿਆ। ਕਈ ਹੋਰ ਭਾਸ਼ਾਵਾਂ ਵਿਚ 'ਮਿਲਕੀ ਵੇਅ' ਦੇ ਹੀ ਅਨੁਵਾਦਿਤ ਰੂਪ ਪ੍ਰਚੱਲਿਤ ਹਨ, ਜਿਵੇਂ ਜਰਮਨ ਭਾਸ਼ਾ ਵਿਚ ਇਸ ਨੂੰ ਮਿਲਚਸਤਰਾਸੇ (Milchstrasse) ਅਤੇ ਨੌਰਵੀਜਨ ਭਾਸ਼ਾ ਵਿਚ ਮੈਲਕੇਵੇਨ (Melkevein) ਕਿਹਾ ਜਾਂਦਾ ਹੈ। ਰੋਮਨ ਲੋਕਾਂ ਦੁਆਰਾ ਬੋਲੀ ਜਾਂਦੀ ਲਾਤੀਨੀ ਭਾਸ਼ਾ ਵਿਚ ਇਸ ਨੂੰ ਵੀਆ ਲਕਟਿਆ (Via Lactea) ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ, 'ਦੁੱਧ ਦੀ ਸੜਕ।

ਅਕਾਸ਼ ਗੰਗਾ ਦੇ ਭਿੰਨ-ਭਿੰਨ ਨਾਵਾਂ ਨਾਲ ਭਿੰਨ-ਭਿੰਨ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ। ਯੂਨਾਨੀ ਲੋਕ ਇਸ ਨੂੰ ਗੈਲੇਕਸੀਜ਼ ਕਾਈਕਲੋਸ (Galaxies Kyklos) ਆਖਦੇ ਹਨ, ਜਿਸ ਤੋਂ ਭਾਵ 'ਦੁੱਧ ਦਾ ਚੱਕਰ' (Milky Circle).

ਯੂਨਾਨੀਆਂ ਵੱਲੋਂ ਇਸ ਨੂੰ ਇਹ ਨਾਂ ਦਿੱਤੇ ਜਾਣ ਪਿੱਛੇ ਇਹ ਦੰਦ-ਕਥਾ ਪ੍ਰਚੱਲਿਤ ਹੈ: ਜੀਅਸ (Zeus) ਜੋ ਕਿ ਯੂਨਾਨੀਆਂ ਅਨੁਸਾਰ ਦੇਵਤਿਆਂ ਦਾ ਰਾਜਾ ਸੀ, ਦੇਵਤਿਆਂ ਦੀ ਰਾਣੀ ਹੈਰਾ (Hera) ਦਾ ਪਤੀ ਸੀ। ਹੈਰਾਕਲੀਜ਼ (Heracles) ਜੀਅਸ ਦਾ ਉਸ ਦੀ ਪ੍ਰੇਮਿਕਾ ਅਲਕਮੀਨੀ (Alcmene) ਤੋਂ ਪੈਦਾ ਹੋਇਆ ਪੁੱਤਰ ਸੀ। ਹੈਰਾ ਉਸ ਨੂੰ ਨਫਰਤ ਅਤੇ ਈਰਖਾ ਨਾਲ ਦੇਖਦੀ ਸੀ। ਉਹ ਉਸ ਨੂੰ ਮਾਰਨ ਲਈ ਸਾਜ਼ਿਸ਼ਾਂ ਰਚਦੀ ਸੀ।

ਪ੍ਰੰਤੂ ਜੀਅਸ ਉਸ ਨੂੰ ਹੈਰਾ ਦਾ ਦੁੱਧ ਪਿਲਾ ਕੇ ਅਮਰ ਕਰਨਾ ਚਾਹੁੰਦਾ ਸੀ। ਉਹ ਹੈਰਾਕਲੀਜ਼ ਨੂੰ ਲੈ ਕੇ ਉਦੋਂ ਆਇਆ ਜਦੋਂ ਉਹ ਸੌਂ ਰਹੀ ਸੀ। ਜਦੋਂ ਹੈਰਾਕਲੀਜ਼ ਸੁੱਤੀ ਹੋਈ ਹੈਰਾ ਦਾ ਦੁੱਧ ਪੀ ਰਿਹਾ ਸੀ ਤਾਂ ਅਚਾਨਕ ਉਸ ਨੂੰ ਜਾਗ ਆ ਗਈ। ਉਸ ਨੇ ਹੈਰਾਕਲੀਜ਼ ਨੂੰ ਪਰ੍ਹਾਂ ਹਟਾਉਣ ਲਈ ਧੱਕਾ ਮਾਰਿਆ ਤਾਂ ਦੁੱਧ ਦੀਆਂ ਬੂੰਦਾਂ ਆਕਾਸ਼ ਵਿਚ ਬਿਖਰ ਗਈਆਂ। ਇਨ੍ਹਾਂ ਨੇ ਗਲੈਕਸੀ ਦਾ ਰੂਪ ਲੈ ਲਿਆ ਜਿਸ ਦਾ ਨਾਂ ਗੈਲੇਕਸੀਜ਼ ਕਾਈਕਲੋਸ (Galaxies Kyklos) ਭਾਵ 'ਦੁੱਧ ਦਾ ਚੱਕਰ' ਪ੍ਰਚੱਲਿਤ ਹੋ ਗਿਆ।

ਆਰਮੀਨੀਆ ਵਿਚ ਆਕਾਸ਼ ਗੰਗਾ ਬਾਰੇ ਅਲੱਗ ਦੰਦ-ਕਥਾ ਪ੍ਰਚੱਲਿਤ ਹੈ, ਜਿੱਥੇ ਇਸ ਨੂੰ ਹਾਰਡ ਗੋਘੀ ਚਨਾਪੜ (Hard Goghi Chanaparh) ਭਾਵ 'ਘਾਹ-ਚੋਰ ਦਾ ਰਸਤਾ' ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਕ ਸਰਦੀ ਦੀ ਰਾਤ ਨੂੰ ਦੇਵਤਾ ਵਾਹਾਨ (Vahagn) ਅਸੀਰੀਆ (Assyria) ਦੇ ਰਾਜਾ ਬਾਰਸ਼ਮ (Barsham) ਦਾ ਘਾਹ ਚੋਰੀ ਕਰਕੇ ਆਰਮੀਨੀਆ ਲੈ ਗਿਆ। ਜਾਂਦੇ ਵਕਤ ਜਦੋਂ ਉਹ ਅਕਾਸ਼ ਵਿਚ ਭੱਜ ਰਿਹਾ ਸੀ ਤਾਂ ਕੁਝ ਘਾਹ ਰਸਤੇ ਵਿਚ ਹੀ ਖਿੱਲਰ ਗਿਆ ਜਿਸ ਨੇ ਗਲੈਕਸੀ ਦਾ ਰੂਪ ਲੈ ਲਿਆ।

ਕਈ ਭਾਸ਼ਾਵਾਂ ਵਿਚ 'ਘਾਹ ਦਾ ਰਸਤਾ' (Straw Way) ਦੇ ਅਨੁਵਾਦਿਤ ਰੂਪ ਵੀ ਪ੍ਰਚੱਲਿਤ ਹਨ ਜਿਵੇਂ ਚੇਚਨ ਭਾਸ਼ਾ (Chechen) ਵਿਚ ਕਾ ਟੈਕਸੀਨਾ ਟਾਕਾ (Ca Taxina Taca) ਭਾਵ 'ਖਿੱਲਰੇ ਹੋਏ ਘਾਹ ਦੀ ਰਸਤਾ', ਕਰੋਏਸ਼ਨ ਭਾਸ਼ਾ (Croation) ਵਿਚ ਕੁਮੋਵ ਸਲਾਮਾ (Kumova Slama) ਭਾਵ 'ਗਾਡ ਫਾਦਰ ਦਾ ਘਾਹ', ਤੁਰਕੀ ਭਾਸ਼ਾ (Turkish) ਵਿਚ ਰੋਡ ਆਫ ਸਟਰਾਅ (Road of Straw) ਭਾਵ 'ਘਾਹ ਦੀ ਸੜਕ' ਆਦਿ ਨਾਂ ਪ੍ਰਚੱਲਿਤ ਹਨ। ਪੂਰਬੀ ਏਸ਼ੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਸਾਡੀ ਗਲੈਕਸੀ ਦਾ ਨਾਂ 'ਸਿਲਵਰ ਰਿਵਰ' (Silver river) ਭਾਵ 'ਚਾਂਦੀ ਰੰਗੀ ਨਦੀ' ਪ੍ਰਚੱਲਿਤ ਹੈ। ਇਸ ਪਿੱਛੇ ਵੀ ਇਕ ਕਾਲਪਨਿਕ ਕਿੱਸਾ ਹੈ। ਇਕ ਵਾਰੀ ਇਕ ਜਵਾਨ ਤੇ ਸੁੰਦਰ ਮੁਟਿਆਰ ਸੀ ਜਿਸ ਦਾ ਨਾਂ ਗੌਡੈਸ ਵੀਵਰ (Goddess Weaver) ਸੀ। ਉਹ ਅਕਾਸ਼ ਦੀ ਰਾਣੀ ਮਾਂ (Celestial queen mother) ਦੀ ਪੁੱਤਰੀ ਸੀ। ਉਸ ਨੂੰ ਇਕ ਮੱਝਾਂ ਚਰ੍ਹਾਉਣ ਵਾਲੇ ਲੜਕੇ ਨਾਲ ਪਿਆਰ ਹੋ ਗਿਆ। ਦੋਵਾਂ ਦਾ ਵਿਆਹ ਹੋ ਗਿਆ। ਪ੍ਰੰਤੂ ਅਕਾਸ਼ ਦੀ ਰਾਣੀ ਮਾਂ ਇਸ ਗੱਲ ਤੋਂ ਦੁਖੀ ਸੀ।

ਉਹ ਗੌਡੈਸ ਵੀਵਰ ਨੂੰ ਧੋਖੇ ਨਾਲ ਲੈ ਆਈ। ਜਦੋਂ ਲੜਕੇ ਨੇ ਉਸ ਦਾ ਪਿੱਛਾ ਕੀਤਾ ਤਾਂ ਰਾਣੀ ਮਾਂ ਨੇ ਇਕ ਸੂਈ ਨਾਲ ਦੋਵਾਂ ਦੇ ਵਿਚਾਲੇ ਚਾਂਦੀ ਰੰਗੀ ਨਦੀ ਬਣਾ ਦਿੱਤੀ ਤਾਂ ਕਿ ਉਹ ਹਮੇਸ਼ਾ ਲਈ ਅਲੱਗ ਹੋ ਜਾਣ। ਇਹ ਸਿਲਵਰ ਰਿਵਰ ਹੀ ਅਕਾਸ਼ ਗੰਗਾ ਹੈ।

ਬਹੁਤ ਸਾਰੇ ਉੱਤਰੀ ਦੇਸ਼ਾਂ ਵਿਚ ਇਸ ਨੂੰ ਵਿੰਟਰ ਵੇਅ (Winter way) ਭਾਵ 'ਸਰਦੀ ਦਾ ਰਸਤਾ' ਵੀ ਕਿਹਾ ਜਾਂਦਾ ਹੈ ਕਿਉਂਕਿ ਉਤਰੀ ਅਰਧ-ਗੋਲੇ ਵਿਚ ਸਰਦੀ ਦੀ ਰੁੱਤੇ ਇਹ ਗਲੈਕਸੀ ਜ਼ਿਆਦਾ ਸਪਸ਼ਟ ਨਜ਼ਰ ਆਉਂਦੀ ਹੈ।

# ਪੈਰਾਂ ਦੀ ਥਾਪ ਭਰਵੇਂ ਸਰੀਰ ਦੇ ਨਾਚ -ਪੰਜਾਬਣਾਂ ਦੇ



-ਅਮਰਜੀਤ ਟਾਂਡਾ

ਪੰਜਾਬ ਦੇ ਲੋਕ-ਨਾਚ ਬਦਲ ਰਹੇ ਹਨ। ਪਿੰਡਾਂ, ਪਿੜਾਂ, ਖੇਤਾਂ, ਬੇਲਿਆਂ ਆਦਿ ਤੋਂ ਸਟੇਜ, ਫ਼ਿਲਮਾਂ ਅਤੇ ਟੈਲੀਵੀਜ਼ਨ ਤੱਕ ਪਹੁੰਚ ਗਏ ਹਨ। ਗਤੀ ਦੀ ਤੀਬਰਤਾ, ਮੁਦਰਾਵਾਂ ਦੇ ਸੰਚਾਲਨ, ਨਵ-ਸਿਰਜਕ ਨਿਜੀ ਗੀਤ-ਮੁੱਖੀ ਬੋਲੀਆਂ, ਸਟੇਜੀ ਜ਼ਰੂਰਤਾਂ, ਪੁਸ਼ਾਕ, ਹਾਰ-ਸ਼ਿੰਗਾਰ, ਸਾਜ਼-ਸੰਗੀਤ ਅਤੇ ਵਿਸ਼ੇਸ਼ ਭਾਂਤ ਦੀ ਸਿਖਲਾਈ ਵਿੱਚੋਂ ਹੋ ਕੇ ਲੋਕ-ਨਾਚ ਲੰਘ ਰਹੇ ਹਨ। ਲੋਕ-ਨਾਚ ਸਮੂਹ ਪੰਜਾਬੀਆਂ ਦੇ ਸਰਬ-ਪੱਖੀ ਸੱਭਿਆਚਾਰਿਕ ਵਰਤਾਰੇ ਦਾ ਪ੍ਰਮਾਣਿਕ ਰੂਪ ਉਘਾੜਨ ਦੇ ਸਮਰੱਥ ਰਹੇ ਹਨ।

ਲੋਕ ਨਾਚ ਲੋਕ-ਕਲਾ ,ਮੰਨੋਰੰਜਨ ਸਮ-ਾਜਿਕ, ਸੱਭਿਆਚਾਰਿਕ, ਨੈਤਿਕ, ਧਾਰਮਿਕ, ਰਾਜਸੀ ਅਤੇ ਇਤਿਹਾਸਿਕ ਜੀਵਨ-ਤੋਰ ਦੀਆਂ ਵਿਭਿੰਨ ਪਰਤਾਂ ਦਾ ਸਰੀਰਕ ਮੁੰਦਰਾਵਾਂ ਦੇ ਮਾਧਿਅਮ ਰਾਂਹੀ ਆਪ-ਮੁਹ-ਾਰਾ, ਸਧਾਰਨ, ਖੁਸ਼ੀਆਂ-ਖੇੜਿਆਂ ਭਰਪੂਰ ਅੰਦਰੂਨੀ ਭਾਵਨਾਂਵਾਂ ਦਾ ਬਾਹਰੀ ਪ੍ਰਗਟਾਵਾ ਹੁੰਦਾ ਹੈ। ਸਮੇਂ ਸਥਾਨ ਅਤੇ ਨਚਾਰਾਂ ਦੀ ਗਿਣਤੀ ਪਾਬੰਧੀ ਨਹੀਂ ਹੁੰਦੀ ਅਤੇ ਸਾਜ਼-ਸੰਗੀਤ ਤੇ ਵੇਸ਼-ਭੂਸ਼ਾ ਵੀ ਜਨ-ਸਧਾਰਨ ਦੀ ਪਹੁੰਚ ਅਤੇ ਪੱਧਰ ਅਨੁਸਾਰ ਹੀ ਹੁੰਦੀ ਹੈ।

ਪੰਜਾਬ ਦੇ ਸਮੁੱਚੇ ਲੋਕ-ਨਾਚ ਖੁਸ਼ੀ ਦੇ ਹੁਲਾਰੇ ਵਿੱਚ ਮਸਤ ਹੋਏ ਗੱਭਰੂਆਂ ਅਤੇ ਮੁਟਿਆਰਾਂ ਦੇ ਪੈਰਾਂ ਦੀ ਥਾਪ ਲੋਕ-ਗੀਤ ਰੂਪਾਂ ਦੀ ਸੁਰ-ਤਾਲ ਵਿੱਚ ਢੋਲ ਪੰਜਾਬ ਦੇ ਸਮੁੱਚ ਨੂੰ ਉਜਾਗਰ ਕਰਦੀ ਹੈ।

ਪੰਜਾਬਣਾਂ ਦੂਸਰੇ ਪ੍ਰਾਂਤਾਂ ਦੀਆਂ ਇਸਤਰੀਆਂ ਦੇ ਟਾਕਰੇ ਤੇ ਭਾਵੇਂ ਤਕੜੇ ਜੁੱਸੇ, ਭਰਵੇਂ ਸਰੀਰ, ਉੱਚੇ-ਲੰਬੇ ਕੱਦ-ਕਾਠ ਵਾਲੀਆਂ ਹਨ, ਤਾਂ ਵੀ ਇਹਨਾਂ ਦੇ ਨਾਚ ਕੋਮਲਤਾ, ਸੁਹਜ, ਸਾਦਗੀ, ਰਵਾਨਗੀ ਅਤੇ ਲਚਕਤਾ ਭਰਭੂਰ ਹਨ। ਗਹਿਣਿਆਂ ਅਤੇ ਚੰਗੀ ਫੱਬਤ ਵਾਲੇ ਪਹਿਰਾਵੇ ਦੀ ਚਾਹਤ ਇਨ੍ਹਾਂ ਦੇ ਲਹੂ ਵਿੱਚ ਰਚੀ ਪਈ ਹੈ। ਬੋਲ ਦੇ ਉਚਾਰ ਅਤੇ ਸਰੀਰਕ ਅੰਗਾਂ ਦੁ-ਆਰਾ ਪ੍ਰਸਤੁਤ ਕੀਤੀਆਂ ਜਾਂਦੀਆਂ ਵਿਭਿੰਨ ਮੁਦਰਾਂਵਾ ਸਹਿਜ਼-ਭਾਵ ਸੱਭਿਆਚਾਕ ਦਾ ਪ੍ਰਗਟਾਵਾ ਬਣਦੀਆਂ ਹਨ।

ਪੰਜਾਬ ਦੀਆਂ ਇਸਤਰੀਆਂ ਦੇ ਚਾਵਾਂ, ਉਮੰਗਾਂ, ਵਲਵਲਿਆ ਅਤੇ ਉਲਾਸ- ਭਾਵਾਂ ਨੂੰ ਪ੍ਰਗਟ ਕਰਨ ਵਾਲਾ ਗਿੱਧਾ ਹਰਮਨ-ਪਿਆਰਾ ਲੋਕ-ਨਾਚ ਹੈ। ਪੰਜਾਬਣ ਆਪਣੇ ਆਪ ਤੋਂ ਅਤੇ ਆਪਣੇ ਪਿੰਡ ਤੋਂ ਇਸ ਨਾਚ ਨੂੰ ਦੂਰ ਨਹੀਂ ਜਾਣ ਦੇਣਾ ਚਾਹੁੰਦੀ। ਲਾਂਭ-ਚਾਂਭ ਨਾ ਜਾਈਂ, ਗਿੱਧਿਆ ਪਿੰਡ ਵੜ ਵੇ।





ਰੁੱਤਾਂ, ਮੇਲਿਆਂ, ਥਿੱਤਾਂ, ਤਿਉਹਾਰ, ਤੋਂ ਛੁੱਟ ਤ੍ਰਿ-ਵਣਾਂ ਵਿੱਚ ਪੂਣੀਆਂ ਕੱਤ ਹਟਣ ਤੋਂ ਬਾਅਦ ਸਾਉਣ ਮਹੀਨੇ ਤੀਆਂ ਦੇ ਅਵਸਰ ਤੇ, ਬੱਚੇ ਦੇ ਜਨਮ ਸਮੇਂ, ਮੰਗਣੀ ਜਾਂ ਵਿਆਹ ਸਮੇਂ, ਜਾਗੋ ਕੱਢਣ ਵੇਲੇ ਜਾਂ ਕਿਸੇ ਵੀ ਹੋਰ ਖੁਸ਼ੀ ਦੇ ਮੌਕੇ ਤੇ ਇਕੱਠੀਆਂ ਹੋ ਕੇ ਇਸਤਰੀਆਂ ਅਜਿਹਾ ਸ਼ੌਕ ਪੂਰਾ ਕਰ ਲੈਂਦੀਆਂ ਹਨ।

ਇਹ ਮੁਦਰਾਂਵਾਂ ਪੈਰਾਂ ਦੀਆਂ ਥਾਪਾਂ, ਹੱਥਾਂ ਦੀਆਂ ਤਾੜੀਆਂ, ਬਾਹਾਂ ਦੇ ਹੁਲਾਰਿਆਂ, ਬੁੱਲ੍ਹਾਂ ਥਣੀ ਵੱਖ-ਵੱਖ ਅਵਾਜ਼ਾਂ ਕੱਢ ਕੇ, ਕਿਸੇ ਦੀ ਨਕਲ (ਸਾਂਗ) ਲਾ ਕੇ, ਆਹਮਣੇ-ਸਾਹਮਣੇ ਹੋ ਕੇ ਲੜਾਈ ਦਾ ਦ੍ਰਿਸ਼ ਸਿਰਜ਼ ਕੇ, ਧਰਤੀ ਤੇ ਬੈਠ ਕੇ ਸਰੀਰ ਨੂੰ ਹੁਲਾਰਾ ਦੇ ਕੇ, ਆਦਿ ਜੁਗਤਾਂ ਰਾਂਹੀਂ ਪੇਸ਼ ਕੀਤੀਆਂ ਜਾਂਦੀਆਂ ਹਨ। ਹਰ ਟੱਪੇ ਜਾਂ ਬੋਲੀ ਦੇ ਉਚਾਰ-ਸੰਦਰਭ ਵਿੱਚੋਂ ਨਵੀਂ ਨਿਭਾਓ-ਪ੍ਰਸਿਥਤੀ ਉਜਾਗਰ ਹੁੰਦੀ ਹੈ।

ਮੁਟਿਅਰਾਂ ਕੋਲੋਂ ਨਾਂ ਬੋਲੀਆਂ ਮੁੱਕਦੀਆਂ ਹਨ, ਨਾਂ ਥਕਾਣ ਹੁੰਦੀ ਹੈ।

ਸੰਮੀ ਲੋਕ-ਨਾਚ ਦੇ ਜਨਮ ਅਤੇ ਪ੍ਰਫੁਲਿਤ ਹੋਣ ਸਬੰਧੀ ਵੀ ਕਈ ਧਾਰਨਾਵਾਂ ਅਤੇ ਦੰਤ-ਕਥਾਵਾਂ ਪ੍ਰਚਲਿਤ ਹਨ। ਇਹ ਨਾਚ ਗਿੱਧੇ ਵਾਂਗ ਘੇਰਾ ਬਣਾ ਕੇ ਹੀ ਨੱਚਿਆ ਜਾਂਦਾ ਹੈ ਪ੍ਰੰਤੂ ਇਸ ਦੀਆਂ ਮੁਦਰਾਵਾਂ ਗਿੱਧੇ ਤੋਂ ਭਿੰਨ ਹੁੰਦੀਆਂ ਹਨ। ਗਿੱਧੇ ਦੀਆਂ ਮੁਦਰਾਵਾਂ ਬੱਝਵੀਆਂ ਹੁੰਦੀਆਂ ਹਨ ਜਦਕਿ ਸੰਮੀ ਨਾਚ ਵਿੱਚ ਮੁਦਰਾਵਾਂ ਸਥਾਨਕ-ਭੇਦ ਸਦਕਾ ਬੱਝਵੀਆਂ ਨਹੀਂ ਰਹਿ-ਦੀਆਂ। ਤਿੱਤਰਾਂ, ਕਾਵਾਂ, ਰਾਂਹੀ ਸੁਨੇਹੜੇ ਭੇਜਣ ਦੀਆਂ ਮੁਦਰਾਵਾਂ ਦਾ ਸੰਚਾਰ ਕੀਤਾ ਜਾਂਦਾ ਹੈ। ਨੱਚਦੇ ਸਮੇਂ ਕਿਸੇ ਢੋਲਕੀ ਜਾਂ ਹੋਰ ਸਾਜ਼ ਦੀ ਲੋੜ ਨਹੀਂ ਪੈਂਦੀ। ਘੇਰੇ ਵਿੱਚ ਖਲੋਤੀਆਂ ਮੁਟਿਆਰਾਂ ਪਹਿਲਾਂ ਆਪਣੇ ਦੋਹਾਂ ਹੱਥਾਂ ਨੂੰ ਪਾਸਿਆਂ ਤੋਂ ਘੁੰਮਾਉਂਦੀਆਂ ਹਨ ਤੇ ਛਾਤੀ ਕੋਲ ਲਿਆ ਕੇ ਤਾੜੀ ਮਾਰਦੀਆਂ ਹਨ।

ਸੰਮੀ ਮੇਰੀ ਵਣ......ਗਿਣ ਗਿਣ ਲਾਵਾਂ ਰੋਟੀਆਂ, ਵਣ ਸੰਮੀਆਂ
ਖਾਵਣ ਵਾਲੇ ਦੂਰ .....ਵਣ ਸੰਮੀਆਂ

ਨਿੱਕੀਆਂ ਕੁੜੀਆਂ ਆਪਣੇ ਮਨ ਪਰਚਾਵੇ ਲਈ, ਕਿਸੇ ਖੁਸ਼ੀ ਦੇ ਮੋਕੇ, ਦੋ ਜਾਂ ਦੋ ਤੋਂ ਵੱਧ ਦੇ ਸਮੂਹ ਵਿੱਚ ਕਿਸੇ ਵਿਹੜੇ, ਖੇਤ, ਚੁਰੱਸਤੇ, ਜਾਂ ਕੋਠੇ ਦੀ ਛੱਤ ਆਦਿ ਥਾਂਵਾਂ ਤੇ, ਕਿੱਕਲੀ ਨੂੰ ਨਿੱਕੇ ਨਿੱਕੇ ਲੋਕ-ਗੀਤਾਂ ਦੇ ਨਾਲ ਨਾਲ ਨੱਚ ਲੈਂਦੀਆਂ ਹਨ।

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ,ਦੁੱਪਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ।

'ਹੁੱਲੇ-ਹੁਲਾਰੇ' ਪੰਜਾਬ ਦੇ ਸਮੇਂ ਹਿੰਦੂ, ਸਿੱਖ, ਮੁਸਲਮਾਨ ਅਤੇ ਹੋਰ ਧਰਮ ਦੀਆਂ ਇਸਤਰੀਆਂ ਹੋਲੀ ਅਤੇ ਲੋਹੜੀ ਜਿਹੇ ਮਾਂਗਲਿਕ ਤਿਉਹਾਰਾਂ ਦੇ ਸਮੇਂ ਘੇਰੇ ਦੇ ਰੂਪ ਵਿੱਚ ਬੜੇ ਚਾਵਾਂ-ਉਮੰਗਾਂ ਨਾਲ ਨੱਚਦੀਆਂ ਸਨ। ਹੁੱਲੇ-ਹੁਲਾਰੇ, ਲੋਕ ਗੰਗਾ ਚੱਲੇ ......ਹੁੱਲੇ। ਇਸਤਰੀਆਂ ਹੱਥਾਂ ਦੇ ਹੁਲਾਰੇ ਅਤੇ ਲੱਕ ਮਟਕਾਉਣਾ, ਪੈਰਾਂ ਨੂੰ ਠੁਮਕਾਉਣਾ, ਤਾੜੀਆਂ ਮਾਰਨਾ ਅਤੇ ਤੇਜ਼ ਗਤੀ ਨਾਲ ਘੁੰਮਦੀਆਂ ਹੁੰਦੀਆਂ ਸਨ। ਗਿਆ ਹੈ।

ਇਸਤਰੀ ਲੋਕ-ਨਾਚਾਂ ਵਿਚ 'ਲੁੱਡੀ' ਨੂੰ ਵੀ ਵਿਸ਼ੇਸ਼ ਥਾਂ ਹਾਸਲ ਸੀ। ਟਿੱਪਰੀ ਜਾਂ ਡੰਡਾਸ, ਫਤੂਹਾ, ਘਮੂਰ ਅਤੇ ਸਪੇਰਾ ਜਾਂ ਨਾਗ ਲੋਕ-ਨਾਚਾਂ ਦੀ ਪ੍ਰਾਕਿਰਤੀ ਨੂੰ ਸਮੇਂ ਨੇ ਖਿੰਡਾ ਦਿੱਤਾ ਹੈ।


# ਭਗਤ ਰਾਮ ਰੰਗਾੜਾ ਦਾ ਕਾਵਿ ਸੰਗ੍ਰਹਿ 'ਕੁਦਰਤ ਦੇ ਰੰਗ' ਲੋਕ -ਅਰਪਣ



ਪ੍ਰੀਤਮ ਲੁਧਿਆਣਵੀ
91-98764-28641

ਮੁਹਾਲੀ- ਸੂਲ-ਸੁਰਾਹੀ ਸਾਹਿਤ ਕੇਂਦਰ ਅਤੇ ਪੰਜਾਬੀ ਗ਼ਜ਼ਲ ਅਕਾਦਮੀ ਦੇ ਸਹਿਯੋਗ ਨਾਲ ਸ਼ਿਵਾਲਿਕ ਪਬਲਿਕ ਸਕੂਲ, ਫੇਜ-6, ਵਿਖੇ, ਕਵੀ ਮੰਚ ਮੁਹਾਲੀ ਵੱਲੋਂ ਇਕ ਵਿਸ਼ੇਸ਼ ਸਾਹਿਤਕ ਸਮਾਗਮ ਕੀਤਾ ਗਿਆ ਜਿਸ ਵਿਚ ਨਾਮਵਰ ਕਵੀ ਭਗਤ ਰਾਮ ਰੰਗਾੜਾ ਦੀ ਕਾਵਿ ਪੁਸਤਕ 'ਕੁਦਰਤ ਦੇ ਰੰਗ' ਪ੍ਰਧਾਨਗੀ ਮੰਡਲ ਦੇ ਕਰ-ਕਮਲਾਂ ਰਾਹੀਂ ਤਾੜੀਆਂ ਦੀ ਗੂੰਜ ਵਿਚ ਲੋਕ-ਅਰਪਣ ਕੀਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਬ੍ਰਿਗੇਡੀਅਰ ਐੱਸ. ਐੱਸ. ਨਕੱਈ ਅਤੇ ਪ੍ਰਧਾਨਗੀ ਮੰਡਲ ਵਿਚ ਸ. ਦੇਵਿੰਦਰ ਸਿੰਘ ਬੇਦੀ (ਡਾਇਰੈਕਟਰ, ਸ਼ਿਵਾਲਿਕ ਪਬਲਿਕ ਸਕੂਲਜ਼), ਮਨਮੋਹਨ ਸਿੰਘ ਵਾਲੀਆ (ਰਿਜ਼ਨਲ ਡਾਇਰੈਕਟਰ ਰਿਟਾ. ਨੈਸ਼ਨਲ ਸੇਵਿੰਗਜ਼, ਗੋ.ਆਫ਼.ਇੰ.), ਸ. ਮੋਹਨਬੀਰ ਸਿੰਘ ਸ਼ੇਰਗਿੱਲ (ਡਾਇਰੈਕਟਰ, ਪੈਰਾਗਾਨ ਸ.ਸ. ਸਕੂਲ 69, ਮੋਹਾਲੀ), ਸਿਰੀ ਰਾਮ ਅਰਸ਼ (ਪ੍ਰਧਾਨ ਪੰਜਾਬੀ ਲੇਖਕ ਸਭਾ, ਚੰਡੀਗੜ੍ਹ); ਅਮਰਜੀਤ ਸਿੰਘ ਸੰਧੂ (ਸੰਚਾਲਕ, ਗ਼ਜ਼ਲ ਸਕੂਲ, ਮੋਹਾਲੀ) ਅਤੇ ਹਰੀਸ਼ ਜੈਨ ਸੁਸ਼ੋਭਤ ਸਨ। ਲੇਖਕ ਬਾਰੇ ਜਾਣਕਾਰੀ ਸ. ਅਮਰਜੀਤ ਸਿੰਘ ਪਟਿਆਲਵੀ ਨੇ ਦਿੱਤੀ ਅਤੇ ਪੁਸਤਕ ਬਾਰੇ ਪਰਚੇ ਪਰਸਰਾਮ ਸਿੰਘ ਬੱਧਣ ਅਤੇ ਬੀਬੀ ਵਿਮਲਾ ਗੁਗਲਾਨੀ ਨੇ ਪੜ੍ਹੇ। ਵਿਚਾਰ ਚਰਚਾ ਵਿਚ ਸ. ਅਮਰਜੀਤ ਸਿੰਘ ਸੰਧੂ, ਜਨਾਬ ਸਿਰੀ ਰਾਮ ਅਰਸ਼, ਸ. ਬਲਬੀਰ ਸਿੰਘ ਸੈਣੀ, ਬੀਬੀ ਪਰਮਜੀਤ ਪਰਮ ਅਤੇ ਡਾ. ਹਰਦੀਪ ਲੌਂਗੀਆ ਨੇ ਪੁਸਤਕ ਬਾਰੇ ਵਿਚਾਰ-ਚਰਚਾ ਕਰਦਿਆਂ ਦੱਸਿਆ ਕਿ ਰੰਗਾੜਾ ਜੀ ਹੁਰਾਂ ਨੇ ਇਸ ਪੁਸਤਕ ਵਿਚ ਆਪਣੀ ਧਰਤੀ, ਕੁਦਰਤ, ਧਰਮ ਅਤੇ ਸਮਾਜ ਨਾਲ ਜੁੜੇ ਹੋਣ ਦਾ ਸਬੂਤ ਦਿੱਤਾ ਹੈ ਅਤੇ ਇਹਨਾਂ ਬਾਰੇ ਉੱਚ-ਕੋਟੀ ਦੀਆਂ ਕਵਿਤਾਵਾਂ ਪੇਸ਼ ਕੀਤੀਆਂ ਹਨ। ਸ੍ਰੀ ਰੰਗਾੜਾ ਵਲੋਂ ਤਿੰਨ ਕਵਿਤਾਵਾਂ ਪੁਸਤਕ ਵਿਚੋਂ ਪੇਸ਼ ਕੀਤੀਆਂ ਗਈਆਂ।





ਉਪਰੰਤ ਉੱਘੇ ਗੀਤਕਾਰਾਂ ਜਗਤਾਰ ਸਿੰਘ ਜੋਗ, ਜਗਜੀਤ ਸਿੰਘ ਨੂਰ, ਸਰਬਜੀਤ ਸਾਗਰ ਅਤੇ ਦੀਵਾਨਾ ਜੀ ਹੁਰਾਂ ਨੇ 'ਕੁਦਰਤ ਦੇ ਰੰਗ' ਪੁਸਤਕ ਵਿਚੋਂ ਤਰੰਨੁੰਮ ਵਿਚ ਗਾ ਕੇ ਖੂਬ ਰੰਗ ਬੰਨ੍ਹਿਆ ਅਤੇ ਸਰੋਤਿਆਂ ਕੋਲੋਂ ਵਾਹਵਾ ਬਟੋਰੀ ਅਤੇ ਸਰੋਤਿਆਂ ਨੇ ਤਾਲੀਆਂ ਮਾਰ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਸਮਾਗਮ ਵਿਚ ਪ੍ਰੀਤਮ ਸਿੰਘ ਭੂਪਾਲ, ਮਨਮੋਹਨ ਸਿੰਘ ਢਿਲੋਂ, ਹਰਦੀਪ ਲੌਂਗੀਆ, ਬਲਵਿੰਦਰ ਵਾਲੀਆ, ਐੱਸ ਡੀ. ਕਾਲੀਆ, ਐੱਸ ਐੱਨ ਤਰਿੱਖਾ, ਜਗਪਾਲ ਸਿੰਘ, ਰਾਜਿੰਦਰ ਕੌਰ, ਸੇਵੀ ਰਾਇਤ, ਗੁਰਦਰਸ਼ਨ ਸਿੰਘ ਮਾਵੀ, ਰਾਜਿੰਦਰ ਰੋਜ਼ੀ, ਸੁਰਿੰਦਰ ਕੌਰ ਭੋਗਲ, ਰਾਜਿੰਦਰ ਕੌਰ, ਥੰਮਣ ਸਿੰਘ ਸੈਣੀ, ਭੁਪਿੰਦਰ ਸਿੰਘ ਬੇਕਸ, ਨਵਰੂਪ ਕੌਰ ਅਤੇ ਦੇਵਕੀ ਦੇਵੀ ਪ੍ਰਭਾਕਰ ਆਦਿ ਨੇ ਸਮਾਗਮ ਦੀ ਸ਼ੋਭਾ ਵਧਾਈ। ਸਮਾਗਮ ਵਿੱਚ ਹਿੱਸਾ ਲੈਣ ਵਾਲੇ ਕਵੀ/ਕਵਿੱਤਰੀਆਂ ਨੂੰ ਮੂਮੈਂਟੋ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਟੇਜ ਦੀ ਕਾਰਵਾਈ ਨਾਮਵਰ ਕਵੀ ਅਮਰਜੀਤ ਸਿੰਘ ਪਟਿਆਲਵੀ ਨੇ ਬਾਖ਼ੂਬੀ ਨਿਭਾਈ।







## (ਬਾਬਾਣੀਆਂ ਕਹਾਣੀਆਂ ਪੁੱਤ ਸਪੁਤ ਕਰੇਨਿ)

# ਗ਼ੁਲਾਮਗਿਰੀ

**(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੇ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ**

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

**(ਨੌਵੀ ਕਿਸਤ)**

ਪਹਿਲਾਂ ਬ੍ਰਾਹਮਣ ਆਰੀਆ ਸਨ। ਫਿਰ ਉਹ ਦਵਿੱਜ ਕਹੇ ਗਏ। ਫਿਰ ਵਿਪਰ। ਬ੍ਰਹਮਾਂ ਦੇ ਰਾਜ ਕਾਲ ਤੋਂ ਬਾਅਦ, ਤੇ ਰਿਗਵੇਦ ਦੀ ਰਚਨਾ ਉਪਰੰਤ ਬ੍ਰਹਮਾਂ ਦੇ ਨਾਂ ਤੋਂ ਹੀ ਉਹ ਬ੍ਰਾਹਮਣ ਅਖਵਾਏ। ਹੁਣ ਤੱਕ ਜੋਤੀ ਰਾਉ ਫੂਲੇ ਦੀਆਂ ਦਲੀਲਾਂ, ਕਥਾਵਾਂ ਤੇ ਗ੍ਰੰਥਾਂ ਦੇ ਪ੍ਰਸੰਗ ਵਿੱਚ ਕੀਤੀਆਂ ਗਈਆਂ ਵਿਆਖਿਆਵਾਂ ਤੋਂ ਇਹੀ ਤੱਥ ਸਾਹਮਣੇ ਆਉਂਦਾ ਕਿ ਧਰਤੀ ਦੀ ਰੱਖਿਆ ਕਰਨ ਵਾਲ਼ੇ ਹਾਰਨ ਉਪਰੰਤ ਪਹਿਲਾਂ ਦਾਸ ਤੇ ਦਸਿਊ ਜਾਂ ਕਾਲ਼ੇ ਅਸੁਰ ਲੋਕ ਅਖਵਾਏ, ਫੇਰ ਰਾਖਸ਼ਸ਼, ਦੈਂਤ, ਦਾਨਵ, ਬਾਨਰ, ਫਿਰ ਸ਼ੂਦਰ ਤੇ ਫਿਰ ਅਛੂਤ, ਸਛੂਤ ਤੇ ਕੁਜਾਤ ਜਾਂ ਅਵਰਨ ਆਦਿ। ਬ੍ਰਹਮਾ ਦੇ ਮਰਨ ਉਪਰੰਤ ਬਣੇ ਰਾਜਾ ਭਾਵ ਮੁਖੀਆਂ ਬਾਰੇ ਜੋਤੀ ਰਾਉ ਫੂਲੇ ਲਿਖਦੇ ਹਨ, 'ਬ੍ਰਾਹਮਣਾਂ ਦਾ ਮੁਖੀ ਪਰਸ਼ੂ ਰਾਮ ਸੀ। ...ਪਰਸ਼ੂ ਰਾਮ ਸੁਭਾਅ ਤੋਂ ਧਾੜਵੀ, ਸਾਹਸੀ, ਵਿਨਾਸ਼ਕਾਰੀ, ਨਿਰਦਈ, ਮੂਰਖ ਅਤੇ ਨੀਚ ਪ੍ਰਵਿਰਤੀ ਦਾ ਸੀ। ਉਸ ਨੇ ਜਨਮ ਦੇਣ ਵਾਲ਼ੀ ਆਪਣੀ ਮਾਂ ਰੇਣੁਕਾ ਦੀ ਗਰਦਣ ਕੱਟਣ ਵਿੱਚ ਵੀ ਕੋਈ ਸੰਕੋਚ ਮਹਿਸੂਸ ਨਹੀਂ ਸੀ ਕੀਤਾ।' (42) 'ਪਰਜਾਪਤੀ ਦੇ ਮਰਨ ਉਪਰੰਤ ਸਾਰੇ ਮਹਾਰਾਂ ਨੇ, ਬ੍ਰਾਹਮਣਾਂ ਦੇ ਜਾਲ ਵਿੱਚ ਫਸੇ ਆਪਣੇ ਭਰਾਵਾਂ ਨੂੰ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਪਰਸੂ ਰਾਮ ਨਾਲ਼ ਇੱਕੀ ਵਾਰ ਯੁੱਧ ਕੀਤਾ।' ਇਹਨਾਂ ਲੜਾਈਆਂ ਉਪਰੰਤ ਹੀ ਇਹਨਾਂ ਦਾ ਨਾਮ ਦੈਂਤ ਪੈ ਗਿਆ।

ਹੁਣ ਪ੍ਰਸ਼ਨ ਇਹ ਹੈ ਕਿ ਅਸੀਂ ਅੱਜ ਤੱਕ ਇਹੀ ਸੁਣਦੇ ਰਹੇ ਕਿ ਪਰਸ਼ੂ ਰਾਮ ਅਵਤਾਰ ਨੇ ਕਸ਼ੱਤਰੀਆਂ 'ਤੇ, ਉਹਨਾਂ ਦਾ ਸਰਬਨਾਸ਼ ਕਰਨ ਲਈ, ਇੱਕੀ ਹਮਲੇ ਕੀਤੇ। ਜਿਵੇਂ ਮਹਿਮੂਦ ਗਜਨਵੀ ਨੇ, ਬ੍ਰਾਹਮਣਾਂ ਦੀ ਬੇਸ਼ੁਮਾਰ, ਦਾਨ ਪੁੰਨ ਦੇ ਨਾਂ 'ਤੇ ਇਕੱਠੀ ਕੀਤੀ ਧਨ ਦੌਲਤ ਲੁੱਟਣ ਲਈ 17 ਹਮਲੇ ਕੀਤੇ। ਅਸੀਂ ਇਹੀ ਸਮਝਦੇ ਹਾਂ ਕਿ ਇਹ ਹਮਲੇ ਬ੍ਰਾਹਮਣਾਂ ਨੇ ਆਪਣੇ ਤੋਂ ਨੀਵੀਂ ਜਾਤ ਕਸ਼ੱਤਰੀਆਂ 'ਤੇ ਕੀਤੇ ਜਿਵੇਂ ਰਾਮ ਚੰਦਰ 'ਤੇ ਵੀ ਉਸਨੇ ਹਮਲਾ ਕੀਤਾ। ਪ੍ਰੰਤੂ ਜੋਤੀ ਰਾਉ ਫੂਲੇ ਦੀ ਖੋਜ ਮੁਤਾਬਕ ਮੂਲ ਨਿਵਾਸੀਆਂ, ਮਹਾਰਾਂ, ਮਾਂਗਾਂ, ਮਤੰਗਾਂ, ਕੁਣਬੀਆਂ, ਕੁਰਮੀਆਂ ਆਦਿ 'ਤੇ ਹਮਲੇ ਕੀਤੇ ਗਏ ਤਾਂ ਕਿ ਇਹ ਹਮੇਸ਼ਾਂ ਲਈ ਸਿਰ ਚੁੱਕਣਾ ਬੰਦ ਕਰ ਦੇਣ। ਉਹਨਾਂ ਵਿੱਚੋਂ ਬਹੁਤ ਲੋਕਾਂ ਨੇ ਦੂਰ ਦੂਰ ਜਾ ਕੇ ਛਿਪ ਛਿਪਾ ਕੇ ਦਿਨ ਕੱਟਣੇ ਸ਼ੁਰੂ ਕਰ ਦਿੱਤੇ। ਜਿਸ ਤਰ੍ਹਾਂ ਚੁਰੂ ਤੇ ਸੀਕਰ ਦੇ ਇਲਾਕਿਆਂ ਵਿੱਚ ਵਸਦੇ ਸੈਣੀਆਂ ਮਾਲੀਆਂ ਨੇ ਮੈਨੂੰ ਦੱਸਿਆ ਕਿ ਪੇਸ਼ਵਾ ਰਾਜ ਦੌਰਾਨ, ਪੇਸ਼ਵਾ ਬ੍ਰਾਹਮਣਾਂ ਦੇ ਘੋਰ ਅੱਤਿਆਚਾਰਾਂ ਕਾਰਨ ਉਹਨਾਂ ਨੂੰ ਅਨੇਕ ਵਾਰ ਅੱਗੇ ਵੀ ਅੱਗੇ ਉੱਜੜਨਾ ਪਿਆ ਅਤੇ ਉਹ ਏਥੇ ਆ ਵਸੇ। ਸੰਭਵ ਹੈ ਕਿ ਪੰਜਾਬ ਦੇ ਸੈਣੀ ਮਾਲੀ ਵੀ ਉਸੇ ਸ਼ਾਸਨ ਦੌਰਾਨ ਉੱਜੜ ਕੇ ਪੰਜਾਬ ਦੇ ਉੱਪਰਲੇ ਖੇਤਰਾਂ ਵਿੱਚ ਆ ਵਸੇ। ਏਸੇ ਤਰ੍ਹਾਂ ਪੰਜਾਬ ਤੇ ਹਰਿਆਣਾ ਦੇ ਲੱਖਾਂ ਜਾਟ ਤੇ ਜੱਟ, ਠਾਕਰਾਂ ਤੇ ਬ੍ਰਾਹਮਣਾਂ ਦੇ ਜੁਲਮਾਂ ਕਾਰਨ ਇਸ ਇਲਾਕੇ ਵੱਲ ਆ ਕੇ ਵਸੇ ਇਹ ਇਤਿਹਾਸ (A History of Rajsthan) ਵਿੱਚ ਦਰਜ ਹੈ। ਅਤੇ ਅਨੇਕ ਜਾਟਾਂ ਅਤੇ ਮਾਲਵੇ ਦੇ ਬਰਾੜਾਂ ਦੇ ਬਜ਼ੁਰਗਾਂ ਤੋਂ ਇਹ ਇਤਿਹਾਸਕ ਜਾਣਕਾਰੀ ਨਿੱਜੀ ਤੌਰ 'ਤੇ ਲਈ ਗਈ। ਬ੍ਰਾਹਮਣਾਂ ਨੇ ਨਫ਼ਰਤ ਨਾਲ਼, ਨੌਂ ਖੰਡਾਂ ਦੇ ਮੁਖੀਆਂ ਦਾ ਨਾਮ, ਔਰਤ ਦੇ ਨਾਂ 'ਤੇ 'ਨਵ ਚਿੰਡੋਵਾਲੀ ਦੇਵੀ' ਮਰਾਠੀ 'ਚ 'ਨਊ ਘਣਾਚੀ ਜਾਨਾਈ' ਰੱਖ ਦਿੱਤਾ। ਪਰਸ਼ੂ ਰਾਮ ਨੇ ਮਹਾਰੀਆਂ ਦੀ ਪੱਕੀ ਪਛਾਣ ਰੱਖਣ ਲਈ ਗਲ਼ਾਂ 'ਚ ਕਾਲ਼ੀ ਗਾਨੀ ਬੰਨ੍ਹਵਾ ਦਿੱਤੀ। ਜੋ ਅੱਜ ਤੱਕ ਜਾਰੀ ਹੈ।

'ਉਸੇ (ਪਰਸ਼ੂ ਰਾਮ) ਨੇ ਆਪਣੇ ਜਾਤ ਬਰਾਦਰੀ ਦੇ ਲੋਕਾਂ ਦੀਆਂ ਵੱਡੀਆਂ ਵੱਡੀਆਂ ਇਮਾਰਤਾਂ ਦੀਆਂ ਨੀਹਾਂ ਹੇਠ ਕਈ ਮਤੰਗਾਂ ਨੂੰ ਉਹਨਾਂ ਦੀਆਂ ਔਰਤਾਂ ਸਮੇਤ ਖੜ੍ਹਾ ਕਰਕੇ, ਉਹਨਾਂ ਦੇ ਬੇਹਿਸਾਬ ਚਿਲਾਉਣ ਨਾਲ਼ ਕਿਸੇ ਨੂੰ ਦਰਦ ਆਏਗਾ, ਇਸ ਲਈ ਉਹਨਾਂ ਦੇ ਮੂੰਹ ਵਿੱਚ ਤੇਲ ਅਤੇ ਸੰਧੂਰ ਭਰ ਕੇ, ਉਹਨਾਂ ਨੂੰ ਜਿਉਂਦਿਆਂ ਹੀ ਦਫਨਾ ਦੇਣ ਦੀ ਪ੍ਰੰਪਰਾ ਸ਼ੁਰੂ ਕੀਤੀ। ਫਿਰ ਜਦੋਂ ਵੱਡੀ ਗਿਣਤੀ ਵਿੱਚ, ਲੜਦੇ ਬ੍ਰਾਹਮਣ ਆਰੀਆ ਮਾਰੇ ਗਏ ਤਾਂ ਉਹਨਾਂ ਦੀਆਂ ਵਿਧਵਾਵਾਂ ਦੀ ਗਿਣਤੀ ਵਧਣ 'ਤੇ ਨਵੀਂ ਸਮੱਸਿਆ ਖੜ੍ਹੀ ਹੋ ਗਈ। ਇਸ ਲਈ ਕਿ ਉਹ ਕਿਸੇ ਹੋਰ ਜਾਤੀ ਦੇ ਆਦਮੀ ਕੋਲ਼ ਨਾ ਜਾਣ ਤੇ ਨਵੀਂ ਮੁਸੀਬਤ ਨਾ ਬਣਨ, ਉਹਨਾਂ ਦੇ ਪੁਨਰ ਵਿਆਹ 'ਤੇ ਪਾਬੰਦੀ ਲਗਾ ਦਿੱਤੀ ਗਈ ਕਿਉਂਕਿ ਉਹਨਾਂ ਦੀ ਆਪਣੀ ਨਸਲ ਦੇ ਆਦਮੀ ਤਾਂ ਬਹੁਤ ਘੱਟ ਰਹਿ ਗਏ ਸਨ। ਸਤੀ ਹੋਣ ਦੀ ਰਸਮ ਨੇ ਵੀ ਇੱਥੋਂ ਹੀ ਜਨਮ ਲਿਆ ਹੋਵੇਗਾ। ਕਿ ਪਤੀ ਮਰ ਜਾਵੇ ਤਾਂ ਬ੍ਰਾਹਮਣ ਜਾਂ ਹੋਰ ਦਵਿੱਜ ਜਾਤੀ ਦੀਆਂ ਔਰਤਾਂ ਪਤੀ ਦੀ ਚਿਖਾ ਵਿੱਚ ਮਰ ਕੇ ਸੁਆਹ ਹੋਣਗੀਆਂ ਤੇ ਉਹ ਅੱਗੇ ਜਾ ਕੇ ਪਤੀ ਨਾਲ਼ ਫਿਰ ਤੋਂ ਸੁਖ ਨਾਲ਼ ਰਹਿ ਸਕਣਗੀਆਂ। ਪਤੀ ਨੂੰ ਪਰਮੇਸ਼ਰ ਦਾ ਦਰਜਾ ਦੇਣ ਪਿੱਛੋਂ ਵੀ ਅਜਿਹੀਆਂ ਸਮੱਸਿਆਵਾਂ ਦੀਆਂ ਚਿੰਤਾਵਾਂ ਹੀ ਹੋਣਗੀਆਂ। ਉਹਨਾਂ ਦੇ ਉਮਰ ਭਰ ਵਿਧਵਾ ਰਹਿਣ ਨੂੰ ਵੀ ਧਰਮ ਉਦੋਂ ਮਿਥਿਆ ਗਿਆ ਹੋਵੇਗਾ। ਜਾਂ ਫਿਰ ਦੇਵਦਾਸੀ ਵਰਗੀਆਂ ਪ੍ਰਥਾਵਾਂ ਪਿੱਛੇ ਅਜਿਹੀਆਂ ਮੁਸ਼ਕਲਾਂ ਦਾ ਵੀ ਹੱਥ ਹੋ ਸਕਦਾ ਹੈ। ਹਰ ਜਮਾਤ ਆਪਣੀਆਂ ਮੁਸੀਬਤਾਂ ਦਾ ਹੱਲ ਆਪਣੇ ਦ੍ਰਿਸ਼ਟੀਕੋਣ ਤੋਂ ਕਰਦੀ ਹੈ।

ਜਿਸ ਤਰ੍ਹਾਂ ਲੰਬੀਆਂ ਲੜਾਈਆਂ ਅਤੇ ਜਿੱਤਾਂ ਉਪਰੰਤ ਜਦੋਂ ਬਾਣਾਸੁਰ ਦੀ ਪਰਜਾ ਅਤੇ ਉਸਦੇ ਰਾਜਕੁਲ ਨੂੰ ਮਿੱਟੀ 'ਚ ਮਿਲਾ ਦਿੱਤਾ ਗਿਆ ਤਾਂ, ਆਮ ਜਨਤਾ ਦੇ ਦਿਮਾਗਾਂ ਅੰਦਰ ਬ੍ਰਾਹਮਣ ਆਰੀਆ ਦਾ ਭੈਅ ਧੁਰ ਤੱਕ ਉੱਤਰ ਗਿਆ।

ਇਹ ਤਾਂ ਆਰੀਆਂ ਦੀਆਂ ਜਿੱਤਾਂ ਅਤੇ ਮੂਲ ਨਿਵਾਸੀ ਰਾਜਿਆਂ ਸੰਗ ਲੜਾਈਆਂ ਦੀ ਕਹਾਣੀ ਹੈ ਕਿ ਕਿਵੇਂ ਮੱਛ, ਕੱਛ, ਬਰਾਹ, ਨਰਸਿੰਘ, ਬਾਮਨ, ਬ੍ਰਹਮਾਂ ਤੇ ਪਰਸ਼ੂ ਰਾਮ ਦੇ ਅਵਤਾਰਾਂ ਨੇ, ਮੂਲ ਨਿਵਾਸੀ ਦਰਾਵੜ ਰਾਜਿਆਂ ਨੂੰ ਹਰਾਇਆ। ਪਰ ਏਥੇ ਇਹ ਗੱਲ ਵੀ ਕਹਿਣ ਵਾਲ਼ੀ ਹੈ ਕਿ ਜੋ ਆਰੀਆ ਕੱਚੇ ਰਾਹੋਂ ਆਏ, ਜਾਣੀ ਕੰਬੋਜ ਅਤੇ ਅਫਗਾਨ ਦੇ ਰਾਹਾਂ ਤੋਂ ਆ ਕੇ, ਸਿੰਧੂ ਸੱਭਿਅਤਾ ਵੱਲ ਵਧੇ, ਤੇ ਜਿੰਨ੍ਹਾਂ ਨੇ ਮਹਿੰਜੋਦੜੋ, ਹੜੱਪਾ, ਪੀਲ਼ੀ ਬੰਗਾ, ਰੋਪੜ, ਸੰਘੋਲ, ਅਗਰੋਹਾ ਆਦਿ ਸ਼ਹਿਰਾਂ ਨੂੰ ਤਬਾਹ ਕੀਤਾ ਅਤੇ ਜਿੱਤਿਆ ਉਹਨਾਂ ਦਾ ਜ਼ਿਕਰ ਜੋਤੀ ਰਾਉ ਫੂਲੇ ਨੇ ਇਸ ਪੁਸਤਕ ਵਿੱਚ ਨਹੀਂ ਕੀਤਾ। ਭਾਵੇਂ ਉੱਤਰੀ ਭਾਰਤ ਦੇ ਸਾਰੇ ਖਿੱਤਿਆਂ ਵਿੱਚ ਹੀ ਉਪਰੋਕਤ ਕਹਾਣੀਆਂ, ਲੋਕਾਂ ਦੇ ਮੂੰਹਾਂ 'ਤੇ ਚੜ੍ਹੀਆਂ ਹੋਈਆਂ ਹਨ, ਇਸਦੇ ਬਾਵਜੂਦ ਵੀ, ਕੀ ਵਾਪਰਿਆ, ਕਿਉਂ ਵਾਪਰਿਆ, ਨਤੀਜੇ ਕੀ ਨਿੱਕਲੇ ਇਸ ਬਾਰੇ ਤਾਂ ਪੜ੍ਹਿਆ ਲਿਖਿਆ ਵਰਗ ਵੀ ਮਸਾਂ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਹੀ ਜਾਣ ਸਕਿਆ ਹੈ। ਇਸ ਪਾਸਿਉਂ ਮੱਛ ਜਾਂ ਕੱਛ ਅਵਤਾਰ ਹਮਲਾਵਰ ਬਣਕੇ ਨਹੀਂ ਆਏ। ਇੰਦਰ ਅਤੇ ਵਿਸ਼ਨੂੰ ਦੀ ਕਮਾਂਡ ਹੇਠ, ਆਰੀਅਨ ਘੋੜਿਆਂ 'ਤੇ ਚੜ੍ਹਕੇ ਆਏ। ਉੱਧਰ ਜੋਤੀ ਰਾਉ ਫੂਲੇ ਅਨੁਸਾਰ ਆਰੀਅਨਾਂ ਨੇ ਪਹਿਲੀ ਬਸਤੀ ਬੰਗਾਲ ਦੇ ਖੇਤਰਾਂ 'ਚ ਸਥਾਪਤ ਕੀਤੀ। ਜਿਵੇਂ ਅੰਗਰੇਜਾਂ ਤੇ ਫਰਾਂਸੀਸੀਆਂ ਨੇ। ਪਰ ਏਧਰ ਸਿੰਧੂ ਨਦੀ ਦੇ ਇਰਦ ਗਿਰਦ ਅਤੇ ਸ਼੍ਰੀਨਗਰ ਤੇ ਜੰਮੂ ਵਰਗੇ ਇਲਾਕਿਆਂ ਵਿੱਚ ਵਸੇ ਜਾਪਦੇ ਹਨ। ਸੁਰਗ, ਧਰਤਪੁਰੀ ਤੇ ਪਤਾਲ ਤੋਂ ਇਹੀ ਅਰਥ ਨਿੱਕਲ਼ਦਾ ਹੈ। ਸਮੁੰਦਰ ਜਾਂ ਇਸਦੇ ਟਾਪੂ ਇਲਾਕੇ ਪਤਾਲ਼ਪੁਰੀ ਅਖਵਾਏ ਹੋਣਗੇ। ਸਿੰਧ ਤੇ ਪੰਜਾਬ ਦਾ ਮੈਦਾਨ ਅਤੇ ਜੰਮੂ ਕਸ਼ਮੀਰ ਦੀਆਂ ਸੁੰਦਰ ਵਾਦੀਆਂ ਸੁਰਗ ਅਤੇ ਮੱਧ ਭਾਰਤ ਮਾਤ ਲੋਕ ਕਹਾਇਆ ਹੋਵੇਗਾ। ਇਹੀ ਸੰਭਾਵਨਾ ਹੈ। ਸਿੰਧੂ ਘਾਟੀ ਦੀ ਦਰਾਵੜ ਸੱਭਿਅਤਾ ਦੀ ਤਬਾਹੀ ਦਾ ਜ਼ਿਕਰ ਵੀ ਰਿੱਗਵੇਦ ਵਿੱਚ ਹੀ ਹੈ। ਪਰੰਤੂ ਜੋਤੀ ਰਾਉ ਫੂਲੇ ਨੇ ਸਮੁੰਦਰੀ ਰਾਹੋਂ ਆਏ ਆਰੀਆਂ ਨੇ ਥੱਲੜੇ ਇਲਾਕਿਆਂ 'ਤੇ ਕਿਵੇਂ ਕਬਜੇ ਕੀਤੇ, ਕਿਹੋ ਜਿਹੀਆਂ ਪ੍ਰਸਥਿਤੀਆਂ ਪੈਦਾ ਹੋਈਆਂ ਤੇ ਉਹਨਾਂ ਦੇ ਕੀ ਪ੍ਰਮਾਣ ਮੌਜੂਦ ਹਨ, ਇਸ ਬਾਰੇ ਹੀ ਜ਼ਿਕਰ ਕੀਤਾ ਹੈ। ਕਿਉਂਕਿ ਜੋਤੀ ਰਾਉ ਫੂਲੇ ਨੇ, ਖ਼ਾਸ ਕਰਕੇ, ਮਹਾਂਰਾਸ਼ਟਰ ਦੇ ਪੁਰਾਤਨ ਇਤਿਹਾਸ ਨੂੰ ਵਰਤਮਾਨ ਸੰਸਕਾਰਾਂ 'ਚੋਂ ਖੋਜ ਕੇ ਹੀ ਲੱਭਿਆ ਹੈ। ਜਿਸਦਾ ਮੇਲ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਵਿੱਚ ਲਿਖੀਆਂ ਕਿਰਤਾਂ ਨਾਲ਼ ਹੁੰਦਾ ਹੈ। ਉਹਨਾਂ ਨੇ ਵਰਤਮਾਨ ਜੀਵਨ ਵਿੱਚੋਂ ਆਰੀਆ ਦੇ ਹਮਲਿਆਂ ਤੇ ਯੁੱਧਾਂ ਦੇ ਪ੍ਰਭਾਵਾਂ ਨੂੰ ਫੜਿਆ ਹੈ। ਤੇ ਪਰਖ ਕੇ ਸਮਾਜਿਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ, ਉਸਦਾ ਹਕੀਕੀ ਵਰਨਣ ਕੀਤਾ ਹੈ। ਅਸੀਂ ਇਤਿਹਾਸ ਦੇ ਵਿਦਿਆਰਥੀ, ਬਹੁਤ ਸਾਰੀਆਂ ਅਜਿਹੀਆਂ ਸਚਾਈਆਂ ਤੋਂ ਪਹਿਲੀ ਵਾਰ ਜਾਣੂੰ ਹੋਏ ਹਾਂ ਜਿਹੜੀਆਂ ਸਾਡੇ ਸਾਹਮਣੇ ਬਚਪਨ ਤੋਂ ਵਾਪਰਦੀਆਂ ਆਈਆਂ ਹਨ। ਕਥਾਵਾਂ ਵਿੱਚ ਇਹਨਾਂ ਦਾ ਜ਼ਿਕਰ ਆਮ ਸੁਣਿਆ ਹੈ। ਪਰੰਤੂ ਇਹਨਾਂ ਦਾ ਭਾਰਤ ਦੀ ਧਰਤੀ ਦੇ ਸਮਾਜਿਕ, ਰਾਜਨੀਤਕ, ਵਿੱਦਿਅਕ ਅਤੇ ਆਰਥਿਕ ਪਰਿਵਰਤਨ ਨਾਲ਼ ਅਟੁੱਟ ਰਿਸ਼ਤਾ ਹੈ, ਇਹ ਗੱਲ ਕਦੀ ਵੀ ਸਾਡੇ ਪੱਲੇ ਨਹੀਂ ਪਈ। ਇਹਨਾਂ ਸਵਰਨ ਜਾਤੀਆਂ ਦੇ ਇਤਿਹਾਸਕਾਰਾਂ ਨੇ ਲੁੱਕ ਲਪੇਟ ਕੇ ਲਿਖੇ ਇਤਿਹਾਸ ਨੂੰ ਮਿਥਿਹਾਸ ਕਹਿਕੇ ਵੀ ਸਾਡੀ ਸਮਝ ਤੋਂ ਦੂਰ ਕੀਤਾ। ਜਾਣੀ ਅਸੀਂ ਸਿਕੰਦਰ, ਚੰਗੇਜ਼ ਖਾਨ, ਮਹਿਮੂਦ ਗਜ਼ਨਵੀ, ਮੁਹੰਮਦ ਬਿਨ ਕਾਸਮ, ਅਸ਼ੋਕਾ ਵੰਸ਼, ਬਿੱਕਰਮ ਦਿੱਤ, ਪੋਰਸ, ਦਾਹਰ, ਸ਼ਿਵਾਜੀ ਤੇ ਹੋਰ ਅਨੇਕ ਮੁਸਲਮਾਨ ਬਾਦਸ਼ਾਹਾਂ ਦਾ, ਮੁਗ਼ਲਾਂ ਅਤੇ ਅੰਗਰੇਜ਼ਾਂ, ਫਰਾਂਸੀਸੀਆਂ ਦਾ ਇਤਿਹਾਸ ਤਾਂ ਇਤਿਹਾਸ ਕਰਕੇ ਪੜ੍ਹਿਆ ਤੇ ਜਾਣਿਆਂ ਹੈ ਪਰੰਤੂ ਭਾਰਤ ਦੇ ਮੂਲ ਨਿਵਾਸੀਆਂ ਨੂੰ ਆਰੀਅਨ ਨਸਲ ਨੇ ਕਿਵੇਂ ਹਜਾਰਾਂ ਵਰ੍ਹੇ ਪਹਿਲਾਂ ਗੁਲਾਮ ਬਣਾਇਆ, ਕਿਵੇਂ ਵਰਣ ਤੇ ਜਾਤਾਂ ਬਣਾ ਕੇ ਕੁਚਲ਼ਿਆ, ਕਿਵੇਂ ਜੁਲਮ ਕੀਤੇ, ਇਸ ਇਤਿਹਾਸ ਨੂੰ ਅਸੀਂ ਮੂਰਖ ਬਣਾਏ ਗਏ ਲੋਕਾਂ ਨੇ ਮਿਥਿਹਾਸ ਮੰਨ ਕੇ, ਛੱਡੀ ਰੱਖਿਆ। ਜਦੋਂਕਿ ਅਸਲੀ ਇਤਿਹਾਸ ਤਾਂ ਇਹੀ ਹੈ, ਜਿਸਨੂੰ ਸਮਝਣਾ ਬਹੁਜਨ ਸਮਾਜ ਦੀ ਜ਼ਰੂਰਤ ਹੈ, ਪਛੜੇ ਵਰਗਾਂ ਦੀ ਲੋੜ ਹੈ। ਇਹ ਸਮਾਜ ਜਿਸਨੇ ਅਧਰਮ ਨੂੰ ਧਰਮ ਮੰਨ ਕੇ ਪੂਜਿਆ ਤੇ ਹੰਢਾਇਆ ਹੈ। ਬੁਰਿਆਈਆਂ ਨੂੰ ਚੰਗਿਆਈਆਂ ਮੰਨਿਆਂ ਤੇ ਪ੍ਰਚਾਰਿਆ। ਆਪਣੇ ਬਜ਼ੁਰਗਾਂ ਦੇ ਸਿਆਪੇ ਕੀਤੇ ਅਤੇ ਹਮਲਾਵਰ ਲੁਟੇਰਿਆਂ ਦੇ ਸੋਹਲੇ ਗਾਏ। ਪੂਜਾ ਕੀਤੀ, ਤੇ ਜੀਵਨ ਦਾਨ ਕੀਤਾ। ਚੰਗਿਆਈਆਂ ਨੂੰ ਦੁਸ਼ਟਤਾ ਅਤੇ ਅਧਰਮ ਕਹਿ ਕੇ ਭੰਡਿਆ। ਇਸ ਗੱਲ ਨੂੰ ਵਿਗਿਆਨ ਅਤੇ ਇਸ ਵਿੱਦਿਆ ਦੀ ਰੌਸ਼ਨੀ ਦੇ ਯੁੱਗ ਵਿੱਚ ਸਮਝ ਲੈਣਾ ਕੋਈ ਵੱਡੀ ਗੱਲ ਨਹੀਂ ਸੀ। ਕਿਉਂਕਿ, ਅੱਖਾਂ ਕੱਢ ਦੇਣ ਦਾ, ਸਿੱਕੇ ਕੰਨਾਂ 'ਚ ਪਾ ਦੇਣ ਦਾ, ਜੀਭ ਕੱਟ ਦੇਣ ਦਾ, ਪਿੰਡੇ ਦਾਗ ਦੇਣ ਦਾ ਸਮਾਂ ਲੰਘ ਗਿਆ ਹੈ। ਕਿਉਂਕਿ ਹੁਣ ਮਨੂੰ ਸਿਮਰਤੀ ਦਾ ਰਾਜ ਨਹੀਂ, ਬਾਬਾ ਸਾਹਿਬ ਦੇ ਲਿਖੇ ਪਰਜਾਤੰਤਰਕ ਕਾਨੂੰਨ ਦਾ ਰਾਜ ਲਾਗੂ ਹੈ।

ਇੱਕੋ ਇੱਕ ਅੰਗਰੇਜੀ ਰਾਜ ਨੇ ਘੱਟੋ ਘੱਟ ਭਾਰਤ ਦੇ ਦਲਿਤ ਪਛੜੇ ਸਮਾਜ ਨੂੰ ਗਿਆਨ ਦੇ ਬੇਸ਼ੁਮਾਰ ਮੌਕੇ ਪ੍ਰਦਾਨ ਕੀਤੇ। ਤੇ ਜਿੰਨ੍ਹਾਂ ਦਾ ਫਾਇਦਾ ਜੋਤੀ ਰਾਉ ਫੂਲੇ, ਸ਼ਾਹੂ ਛਤਰਪਤੀ ਅਤੇ ਅੰਬੇਡਕਰ ਵਰਗੇ ਮਹਾਨ ਦਾਰਸ਼ਨਿਕ ਪੁਰਸ਼ਾਂ ਨੇ ਉਠਾ ਕੇ, ਬਹੁਜਨ ਸਮਾਜ ਲਈ ਅਧਿਕਾਰਾਂ ਦੀ ਪੰਡ ਬੰਨ੍ਹ ਦਿੱਤੀ। ਜੋਤੀ ਰਾਉ ਫੂਲੇ ਪੜ੍ਹ ਨਾ ਸਕੇ ਹੁੰਦੇ ਤਾਂ ਗੁਲਾਮਗਿਰੀ ਦੀ ਸਮਝ ਪੈਣ ਦਾ ਮੌਕਾ ਉਹਨਾਂ ਨੂੰ ਵੀ ਨਾ ਮਿਲਦਾ। ਸਾਡੀ ਗੱਲ ਤਾਂ ਬਹੁਤ ਦੂਰ ਦੀ ਹੈ। ਹੁਣ ਅਸੀਂ ਸਾਰੇ ਲੋਕ ਪੜ੍ਹ ਸਕਦੇ ਹਾਂ, ਲਿਖ ਸਕਦੇ ਹਾਂ, ਸੁਣ ਸਕਦੇ ਹਾਂ, ਬੋਲ ਸਕਦੇ ਹਾਂ। ਜੇ ਇੰਨਾਂ ਕੁੱਝ ਹੋਇਆ ਹੈ ਤਾਂ ਇੱਕ ਗੱਲ ਬਾਕੀ ਰਹਿ ਗਈ ਹੈ, ਇਤਿਹਾਸ ਨੂੰ ਸਮਝਣ ਦੀ। ਪਰਖ ਨਿਰਖ ਕੇ ਵੇਖਣ ਦੀ। ਆਪਣੇ ਅਤੇ ਆਪਣੇ ਸਮਾਜ ਦੇ ਵਰਤਾਰੇ 'ਤੇ ਝਾਤ ਪਾਉਣ ਦੀ।

ਗੁਲਾਮਗਿਰੀ, ਭਾਰਤੀ ਸਮਾਜ ਦੇ ਇਤਿਹਾਸ ਦਾ ਇੱਕ ਸੁੱਚਾ ਦਰਸ਼ਨ ਹੈ। ਇੱਕ ਸਾਫ਼ ਸੁਥਰਾ ਨਕਸ਼ਾ ਹੈ। ਜਿਸਨੂੰ ਪੜ੍ਹਕੇ ਬੀਤੇ 'ਚੋਂ ਪੈਦਾ ਹੋਏ ਬ੍ਰਾਹਮਣੀ ਜਾਤਪਾਤੀ ਵਰਤਾਰੇ ਦੀ ਬੁਨਿਆਦੀ ਸੂਝ-ਬੂਝ ਮਿਲਦੀ ਹੈ। ਜਿਸਤੋਂ ਸਬਕ ਸਿੱਖ ਕੇ, ਹੋਰ ਮਿਥਿਹਾਸ ਦੀਆਂ ਹਕੀਕਤਾਂ ਵੀ ਜਾਣੀਆਂ ਜਾ ਸਕਦੀਆਂ ਹਨ ਅਤੇ ਸਮਾਜਿਕ ਤੇ ਆਰਥਿਕ ਪਰਿਵਰਤਨ ਦੇ ਸੰਘਰਸ਼ ਨੂੰ ਸੁਨਹਿਰੀ ਯੁੱਗ ਵਿੱਚ ਪ੍ਰਵੇਸ਼ ਕਰਾਇਆ ਜਾ ਸਕਦਾ ਹੈ।

ਤੁਸੀਂ ਵੇਖੋ ਕਿ ਮੁਗਲ ਆਏ। ਕਿੰਨੀਆਂ ਹੀ ਪੀੜ੍ਹੀਆਂ ਉਹਨਾਂ ਨੇ ਸਾਡੇ 'ਤੇ ਰਾਜ ਕੀਤਾ। ਭਾਵੇਂ ਸਾਡੇ ਹਿੰਦੂ ਧਰਮ ਤੋਂ ਦੁਖੀ ਲੋਕ ਵਿਸ਼ਾਲ ਗਿਣਤੀ ਵਿੱਚ ਮੁਸਲਮਾਨ ਵੀ ਬਣੇ ਪਰ ਮੁਕਤੀ ਫੇਰ ਵੀ ਨਹੀਂ ਹੋਈ। ਅੰਗਰੇਜ਼ ਆਏ। ਸਾਡੇ ਲੋਕ ਅੱਲ੍ਹਾ ਤੋਂ ਬਾਅਦ ਗਾਡ ਦੇ ਲੜ ਲੱਗੇ। ਕਾਫੀ ਗਿਣਤੀ ਵਿੱਚ ਸ਼ੂਦਰ ਲੋਕ ਈਸਾਈ ਬਣੇ। ਪਰੰਤੂ ਉਹ ਜਾਤਪਾਤ ਤੋਂ ਖਹਿੜਾ ਛੁਡਾ ਕੇ ਸਮਾਜ ਦੇ ਜਾਤਪਾਤੀ ਵਰਤਾਰੇ ਨੂੰ ਰੋਕਣ ਤੋਂ ਅਸਮਰੱਥ ਹੀ ਰਹੇ। ਅਸੀਂ ਕਾਫੀ ਵੱਡੀ ਗਿਣਤੀ ਵਿੱਚ ਸਿੱਖ ਬਣੇ। ਇੱਕ ਸਮਾਨ, ਰੱਬ ਦੇ ਵਿਚਾਰਧਾਰਾ ਦੇ ਸਿਰਜਕ ਗੁਰੂਆਂ ਦੀ ਸ਼ਰਨ ਆਏ। ਪਰੰਤੂ ਗੁਰੂਆਂ ਦੇ ਚਲੇ ਜਾਣ ਤੋਂ ਬਾਅਦ ਸਿੱਖ ਸਮਾਜ ਵੀ ਜਾਤਪਾਤੀ ਲੀਹਾਂ 'ਤੇ ਤੁਰ ਪਿਆ। ਤੇ ਤੁਰਿਆ ਜਾ ਰਿਹਾ ਹੈ।

ਜੇ ਅਸੀਂ ਪੂਰੀ ਇਮਾਨਦਾਰੀ ਨਾਲ਼ ਪਰਖ ਜੋਖ ਕੇ ਸਾਰੇ ਇਤਿਹਾਸ ਨੂੰ ਵਾਚੀਏ ਤੇ ਸਮਝੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਕਿ ਬੋਧੀ ਸਵਰਾਜ ਤੋਂ ਬਾਅਦ ਇੱਕੋ ਇੱਕ ਅੰਗਰੇਜ਼ੀ ਰਾਜ ਅਜਿਹਾ ਨਜ਼ਰ ਆਵੇਗਾ ਜਿਸ ਦੌਰਾਨ ਭਾਰਤ ਦੇ ਦਬੇ-ਕੁਚ਼ਲੇ ਵਰਗਾਂ ਨੂੰ, ਜੋਤੀ ਰਾਉ ਫੂਲੇ, ਸ਼ਾਹੂ ਛਤਰਪਤੀ, ਸੀਆ ਜੀ ਮਹਾਰਾਜ, ਈ.ਵੀ. ਰਾਮਾ ਸਵਾਮੀ ਨਾਈਕਰ, ਨਰਾਇਣਾ ਗੁਰੂ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਤੇ ਜੁਗਿੰਦਰ ਨਾਥ ਮੰਡਲ ਦੇ ਜ਼ੋਰਦਾਰ ਲੰਬੇ ਸੰਘਰਸ਼ ਉਪਰੰਤ ਕਾਨੂੰਨੀ ਹੱਕ ਪ੍ਰਾਪਤ ਹੋਏ, ਜਿੰਨ੍ਹਾਂ ਨੂੰ ਖੋਹ ਸਕਣਾ ਸਵਰਨ ਜਾਤੀਆਂ ਦੇ ਵੱਸ ਦੀ ਗੱਲ ਨਹੀਂ ਰਹੀ। ਅੰਗਰੇਜ਼ਾਂ ਦੀ ਹਕੂਮਤ, ਬਦੇਸ਼ੀ ਹਕੂਮਤ ਭਾਵੇਂ ਬਿਗਾਨੇ ਰਾਜਾਂ ਵਾਂਗ ਕੁੱਝ ਵੀ ਸੀ, ਕਿਵੇਂ ਵੀ ਸੀ, ਪਰੰਤੂ ਸਾਰੀਆਂ ਬਦੇਸ਼ੀ ਹਕੂਮਤਾਂ ਵਿੱਚੋਂ, ਜੇ ਕਿਸੇ ਸ਼ਾਸਨ ਦੌਰਾਨ ਭਾਰਤ ਦੇ ਹਜ਼ਾਰਾਂ ਵਰ੍ਹਿਆਂ ਤੋਂ ਦਬੇ-ਕੁਚ਼ਲੇ ਇਨਸਾਨ ਨੂੰ ਕਾਨੂੰਨ ਦੇ ਰਾਜ ਦੌਰਾਨ ਜੇ ਕੋਈ ਜੀਵਨ ਜਿਉਣ ਦੇ ਮੌਲਿਕ ਅਧਿਕਾਰ ਪ੍ਰਾਪਤ ਹੋਏ ਤਾਂ ਉਹ ਇੱਕੋ ਇੱਕ ਅੰਗਰੇਜ਼ੀ ਹਕੂਮਤ ਸੀ। ਬ੍ਰਾਹਮਣੀ ਜਾਤਪਾਤੀ ਹਕੂਮਤਾਂ ਅਤੇ ਧਰਮ ਨੇ ਸਾਨੂੰ ਅਜੋਕੇ ਪੰਝੱਤਰ ਕਰੋੜ ਇਨਸਾਨਾਂ ਨੂੰ ਨਰਕ, ਅਪਮਾਨ ਅਤੇ ਸਦੀਵੀ ਮੂਰਖਤਾ ਤੋਂ ਸਿਵਾ ਕੀ ਦਿੱਤਾ ਹੈ? ਕੁੱਝ ਵੀ ਨਹੀਂ। ਮੁਗਲਾਂ ਤੇ ਮੁਸਲਮਾਨ ਹਕੂਮਤਾਂ ਨੇ ਕੀ ਬਦਲਿਆ ਹੈ? ਕੁੱਝ ਵੀ ਨਹੀਂ। ਬੋਧੀ ਸਵਰਾਜ ਤਾਂ ਸਾਡੇ ਬਜੁਰਗਾਂ ਦਾ ਰਾਜ ਸੀ, ਕੁੱਝ ਇੱਕ ਵੱਡੀਆਂ ਗਲਤੀਆਂ ਕਾਰਨ ਜਾਂ ਘਾਟਾਂ ਕਾਰਨ, ਉਹ ਊਚ ਨੀਚ ਦੀ ਵਿਵਸਥਾ ਨੂੰ ਜੜ੍ਹੋਂ ਨਾ ਪੁੱਟ ਸਕੇ।

ਪਰੰਤੂ ਅੰਗਰੇਜੀ ਹਕੂਮਤ ਉਹ ਵੀ ਬਦੇਸ਼ੀ ਹਕੂਮਤ ਸੀ। ਉਸੇ ਤਰ੍ਹਾਂ ਜਿਵੇਂ ਕਦੀ ਆਰੀਆ ਲੋਕ ਆਏ ਤੇ ਕਾਬਜ ਹੋਏ, ਜਿਵੇਂ ਮੁਗਲ ਆਏ ਤੇ ਕਾਬਜ ਹੋ ਗਏ। ਉਸੇ ਤਰ੍ਹਾਂ ਅੰਗਰੇਜ ਆਏ ਤੇ ਕਾਬਜ ਹੋਏ। ਪਰ ਅੰਗਰੇਜੀ ਹਕੂਮਤ ਦੌਰਾਨ ਉਪਰੋਕਤ ਮਹਾਨ ਮਨੁੱਖਾਂ ਨੇ ਵਿੱਦਿਆ ਪੜ੍ਹ ਕੇ ਵੱਡਾ ਸੰਘਰਸ਼ ਕੀਤਾ। ਸਿੱਟੇ ਵਜੋਂ ਮੌਲਿਕ ਅਧਿਕਾਰਾਂ ਵਾਲ਼ਾ, ਮਨੂੰ ਸਿਮਰਤੀ ਦੇ ਕਾਨੂੰਨਾਂ ਦਾ ਭੋਗ ਪਾਉਣ ਵਾਲ਼ਾ ਭਾਰਤੀ ਸੰਵਿਧਾਨ ਵਜੂਦ ਵਿੱਚ ਆਇਆ। ਭਾਰਤੀ ਰਾਜਨੀਤੀ ਵਿੱਚ ਇਹ ਸਭ ਤੋਂ ਵੱਡਾ ਕਮਾਲ ਸੀ। ਅੰਗਰੇਜ ਨੇ ਹੀ ਸਿੰਧੂ ਦਰਾਵੜ ਸੱਭਿਅਤਾ ਤੇ ਬੁੱਧ ਦੀ ਮੌਰੀਅਨ ਸੱਭਿਅਤਾ ਖੋਜੀ ਤੇ ਭਾਰਤ ਨੂੰ ਬੁੱਧਮਈ ਬਣਾਇਆ।

ਜਦੋਂ ਅੰਗਰੇਜ਼ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ ਤੇ ਮੁਸਲਮਾਨ, ਜਿੰਨ੍ਹਾਂ ਨੇ ਆਪਣਾ ਪਾਕਿਸਤਾਨ ਅਲੱਗ ਕਰਵਾ ਲਿਆ ਸੀ, ਹਕੂਮਤ ਪਰਜਾਤੰਤਰ ਦੇ ਨਾਂ 'ਤੇ ਮੁੜ ਸਵਰਨਾਂ ਦੇ ਹੱਥ ਹੀ ਜਾ ਰਹੀ ਸੀ ਤਾਂ ਬਾਬਾ ਸਾਹਿਬ ਡਾ: ਅੰਬੇਡਕਰ, ਬਹੁਤ ਬੇਅਰਾਮੀ ਨਾਲ਼ ਹਰ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਘਟਨਾ ਨੂੰ ਭਵਿੱਖ 'ਤੇ ਫਿੱਟ ਕਰਕੇ, ਪਰਖਦੇ ਰਹੇ ਸਨ। ਉਹ ਪੂਰਨ ਅਜ਼ਾਦੀ ਪ੍ਰਾਪਤ ਕਰਨ ਦੇ ਸਮਰੱਥ ਨਹੀਂ ਸਨ ਹੋ ਸਕੇ।
ਿ ਕ ਉ ੍ ਂ ਿ ਕ
ਮੁਸਲਮਾਨ ਅਬਾਦੀ ਅਲੱਗ ਹੋ ਰਹੀ ਸੀ। ਸਿੱਖਾਂ ਨੇ ਹਿੰਦੂਆਂ ਦੀ ਗੁਲਾਮੀ ਕਬੂਲ ਕਰਨ ਵਿੱਚ ਭਲਾ ਸਮਝ ਲਿਆ ਸੀ। ਤੇ ਕਾਫੀ ਅਛੂਤ ਅਤੇ ਪਛੜੇ ਵਰਗਾਂ ਦੀ ਬਹੁਗਿਣਤੀ, ਬਾਬਾ ਸਾਹਿਬ ਤੋਂ ਦੂਰ ਹੋ ਕੇ ਹਿੰਦੂਆਂ ਦੀ ਤਾਬਿਆਦਾਰੀ ਵਿੱਚ ਜੁਟੀ ਹੋਈ ਸੀ। ਕੋਈ ਵੀ ਰਾਹ ਸਾਫ਼ ਨਹੀਂ ਸੀ। ਹਕੂਮਤ ਬਦਲ ਕੇ, ਉਹਨਾਂ ਲੋਕਾਂ ਦੇ ਹੱਥ ਜਾ ਰਹੀ ਸੀ, ਜਿੰਨ੍ਹਾਂ ਨੇ ਹਜ਼ਾਰਾਂ ਵਰ੍ਹਿਆਂ ਤੋਂ, ਭਾਰਤੀ ਮੂਲ ਦੇ ਲੋਕਾਂ ਨੂੰ ਨੀਚ ਅਤੇ ਕੁੱਤੇ ਬਿੱਲੇ ਬਣਾ ਕੇ ਰੱਖਣ ਦਾ ਗਰਬ ਕੀਤਾ ਸੀ।

ਇਕੱਲੇ ਬਾਬਾ ਸਾਹਿਬ ਅੰਗਰੇਜ਼ੀ ਹਕੂਮਤ ਨਾਲ਼, ਬਰਤਾਨੀਆਂ ਵਿੱਚ ਜੂਝ ਰਹੇ ਸਨ ਤਾਂ ਅਜ਼ਾਦੀ ਦੀ ਸ਼ਰਤ ਇਹ ਰੱਖੀ ਗਈ ਕਿ ਭਾਰਤ ਦਾ ਸੰਵਿਧਾਨ ਡਾ: ਅੰਬੇਡਕਰ ਲਿਖਣਗੇ। ਪਰਜਾਤੰਤਰ ਪ੍ਰਣਾਲ਼ੀ ਅਧੀਨ ਉਹਨਾਂ ਨੂੰ, ਬਰਾਬਰ ਮੌਲਿਕ ਅਧਿਕਾਰ ਪ੍ਰਾਪਤ ਕਰਨ ਦਾ ਹੱਕ ਹੋਵੇਗਾ। ਪਹਿਲਾਂ ਬਾਬਾ ਸਾਹਿਬ ਨੂੰ ਸੰਵਿਧਾਨ ਅਸੈਂਬਲੀ ਦੀ ਚੋਣ ਵਿੱਚ ਬੰਬੇ ਤੋਂ ਮਹਾਤਮਾ ਗਾਂਧੀ ਅਤੇ ਬ੍ਰਾਹਮਣ ਡਾਂਗੇ ਦੀ ਕਮਿਊਨਿਸਟ ਪਾਰਟੀ ਨੇ ਰਲ਼ ਕੇ ਹਰਾ ਦਿੱਤਾ। ਫੇਰ ਜਦੋਂ ਉਹ ਬੰਗਾਲ ਦੇ ਇੱਕ ਇਲਾਕੇ ਤੋਂ ਚੁਣੇ ਗਏ ਤਾਂ, ਮਹਾਤਮਾ ਜੀ ਦੀ ਆਗਿਆ ਅਨੁਸਾਰ ਇਹ ਇਲਾਕਾ ਬੰਗਲਾਦੇਸ਼ ਲਈ ਛੱਡ ਦਿੱਤਾ ਗਿਆ। ਤਾਂ ਅੰਗਰੇਜ਼ੀ ਹਕੂਮਤ ਨੇ ਆਪਣੇ ਹੁਕਮ ਨਾਲ਼ ਇੱਕ ਬ੍ਰਾਹਮਣ ਤੋਂ ਸੀਟ ਖਾਲੀ ਕਰਵਾ ਕੇ ਬਾਬਾ ਸਾਹਿਬ ਨੂੰ ਜਿਤਾਉਣ ਦਾ ਪ੍ਰਬੰਧ ਕੀਤਾ। ਤਾਂ ਜਾ ਕੇ ਉਹ ਸੰਵਿਧਾਨ ਅਸੈਂਬਲੀ 'ਚ ਪਹੁੰਚੇ ਅਤੇ ਸੱਤ ਮੈਂਬਰੀ ਸੰਵਿਧਾਨ ਕਮੇਟੀ ਦੇ ਚੇਅਰਮੈਨ ਬਣੇ। ਭਾਵੇਂ ਉਹ ਆਪਣੀ ਮਰਜ਼ੀ ਦਾ ਸੰਵਿਧਾਨ ਨਹੀਂ ਲਿਖ ਸਕੇ ਫਿਰ ਵੀ ਮੌਲਿਕ ਅਧਿਕਾਰ ਅਤੇ ਰਾਖਵਾਂਕਰਨ ਦੀ ਧਾਰਾ ਪਾ ਕੇ ਬਾਬਾ ਸਾਹਿਬ ਨੇ, ਭਾਰਤੀ ਮੂਲਵਾਸੀਆਂ ਦੀ ਤਰੱਕੀ, ਬਰਾਬਰੀ ਅਤੇ ਸ਼ਾਸਨ ਪ੍ਰਸ਼ਾਸਨ ਵਿੱਚ ਸ਼ਾਮਲ ਹੋ ਕੇ ਹਕੂਮਤ ਕਰਨ ਦੇ ਸਾਰੇ ਰਾਹ ਖੋਲ੍ਹ ਦਿੱਤੇ।

ਇਹ ਸਾਰਾ ਕੁੱਝ, ਅੰਗਰੇਜ਼ਾਂ ਦੀ ਹਕੂਮਤ ਦੀ ਯੋਗ ਸਹਾਇਤਾ ਅਤੇ ਕਾਨੂੰਨ ਦੇ ਰਾਜ ਕਾਰਨ ਸੰਭਵ ਹੋ ਸਕਿਆ। ਭਾਵੇਂ ਅੰਗਰੇਜ਼ੀ ਹਕੂਮਤ ਦਾ ਆਪਣਾ ਵੀ ਕੋਈ ਮਨੋਰਥ ਇਸ ਵਿੱਚ ਛੁਪਿਆ ਹੋਵੇਗਾ ਪਰ ਪ੍ਰਸ਼ਨ ਇਹ ਹੈ ਕਿ ਬਾਕੀ ਸਭ ਨੇ ਆਪਣੇ ਮਨੋਰਥ ਪੂਰੇ ਕਰਨ ਵੇਲ਼ੇ ਵੀ, ਦਲਿਤ ਅਤੇ ਪਛੜੇ ਸਮਾਜ ਦਾ ਕੋਈ ਭਲਾ ਨਹੀਂ ਕੀਤਾ। ਬਾਬਾ ਸਾਹਿਬ ਡਾ: ਅੰਬੇਡਕਰ ਨੇ ਗੋਲਮੇਜ਼ ਕਾਨਫ਼ਰੰਸਾਂ ਦੌਰਾਨ ਅੰਗਰੇਜ਼ਾਂ ਦੀ ਬਦੇਸ਼ੀ ਗੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ ਪਰੰਤੂ ਉਹਨਾਂ ਨੇ ਕਿਸੇ ਵੀ ਸ਼ਰਤ 'ਤੇ ਅੰਗਰੇਜ਼ੀ ਹਕੂਮਤ ਦੇ ਕਾਨੂੰਨ ਦੇ ਰਾਜ ਦੀ ਥਾਂ ਬ੍ਰਾਹਮਣਾਂ ਦੇ ਧਰਮ ਗ੍ਰੰਥਾਂ, ਖ਼ਾਸ ਕਰਕੇ ਮਨੂੰ ਸਿਮਰਤੀ ਦੀ ਤਰਜ 'ਤੇ ਬ੍ਰਾਹਮਣੀ ਹਕੂਮਤ ਨੂੰ ਮਨਜ਼ੂਰ ਨਹੀਂ ਕੀਤਾ।

ਅੰਗਰੇਜ਼ਾਂ ਦੇ ਨੇਕ ਕੰਮਾਂ ਬਾਰੇ ਜੋਤੀ ਰਾਉ ਫੂਲੇ ਅੰਤਲੇ ਸਫਿਆਂ 'ਤੇ ਜ਼ਿਕਰ ਇਸ ਪ੍ਰਕਾਰ ਕਰਦੇ ਹਨ :

**ਜੋਤੀ ਰਾਉ :** ਸ਼ੂਦਰਾਂ ਨੂੰ ਬ੍ਰਾਹਮਣ ਰਾਖਸ਼ਾਂ ਦੀ ਗੁਲਾਮੀ ਤੋਂ ਇਸ ਪ੍ਰਕਾਰ ਮੁਕਤ ਹੋਣਾ ਚਾਹੀਦਾ ਹੈ।

ਮੂਲ ਬ੍ਰਾਹਮਣਾਂ ਦੇ ਪੂਰਵਜਾਂ (ਭਾਵ ਵੱਡਿਆਂ ਵਡੇਰਿਆਂ) ਨੇ ਇਸ ਦੇਸ਼ ਦੇ ਮੂਲ ਨਿਵਾਸੀਆਂ ਉੱਤੇ ਹਮਲਾ ਕੀਤਾ। ਉਹਨਾਂ ਨੇ ਸਾਡੇ ਮੂਲ ਖੇਤਰਵਾਸੀ ਵੱਡਿਆਂ ਵਡੇਰਿਆਂ ਨੂੰ ਯੁੱਧ ਵਿੱਚ ਹਰਾ ਦਿੱਤਾ। (ਕਿਵੇਂ ਹਰਾਇਆ ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ) ਅਤੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਲਿਆ।

ਬਾਅਦ ਵਿੱਚ ਉਹਨਾਂ ਨੂੰ ਜਿਸ ਤਰ੍ਹਾਂ ਦਾ ਮੌਕਾ ਮਿਲਦਾ ਰਿਹਾ ਉਸੇ ਤਰ੍ਹਾਂ ਉਹਨਾਂ ਨੇ ਆਪਣੀ ਸੱਤਾ ਦੀ ਮਸਤੀ ਵਿੱਚ, ਸਵਾਰਥੀ ਨਕਲੀ ਧਰਮ ਗ੍ਰੰਥ ਲਿਖਵਾਏ ਅਤੇ ਉਹਨਾਂ ਸਭ ਦਾ ਇੱਕ ਮਜ਼ਬੂਤ ਕਿਲ੍ਹਾ ਬਣਾ ਕੇ ਉਸ ਵਿੱਚ ਉਹਨਾਂ ਸਭ ਜਿੱਤੇ ਹੋਏ ਲੋਕਾਂ (ਭਾਵ ਸਾਡੇ ਬਜ਼ੁਰਗਾਂ ਨੂੰ) ਵਰਣ ਪ੍ਰੰਪਰਾ ਨਾਲ਼ ਬੰਦੀ ਬਣਾ ਕੇ ਰੱਖ ਦਿੱਤਾ। ਉੱਥੇ (ਭਾਵ ਵਰਣ ਜਾਤ ਦੇ ਕਿਲ੍ਹੇ ਵਿੱਚ) ਉਹਨਾਂ ਨੂੰ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਅੱਜ ਤੱਕ ਉਹ ਬ੍ਰਾਹਮਣ-ਪੰਡੇ-ਪੁਰੋਹਿਤ ਬੜੀ ਮੌਜ ਮਸਤੀ ਨਾਲ਼ ਆਪਣਾ ਜੀਵਨ ਗੁਜਾਰ ਰਹੇ ਹਨ।

ਏਸੇ ਦਰਮਿਆਨ ਜਦੋਂ ਅੰਗਰੇਜ਼ ਬਹਾਦਰਾਂ ਦਾ ਰਾਜ ਇਸ ਦੇਸ਼ ਵਿੱਚ ਕਾਇਮ ਹੋਇਆ ਉਦੋਂ, ਚੰਗੇ ਦਿਆਲੂ ਯੂਰਪੀਅਨ ਅਤੇ ਅਮਰੀਕੀ ਭਲੇ ਪੁਰਸ਼ਾਂ ਤੋਂ ਸਾਡਾ ਪੀੜਤ ਜੀਵਨ ਆਪਣੀਆਂ ਅੱਖਾਂ ਨਾਲ਼ ਵੇਖਿਆ ਨਹੀਂ ਗਿਆ। ਤਾਂ ਉਹਨਾਂ ਨੇ ਸਾਡੇ ਇਸ ਜੇਲ੍ਹ ਖਾਨੇ ਵਿੱਚ ਜਾ ਕੇ ਵਾਰ ਵਾਰ ਸਾਨੂੰ ਲੋਕਾਂ ਨੂੰ ਇਸ ਪ੍ਰਕਾਰ ਦਾ ਉਪਦੇਸ਼ ਦਿੱਤਾ।


"ਤੇ ਮੇਰੇ ਭਾਈਓ! ਤੁਸੀਂ ਸਾਰੇ ਲੋਕ ਸਾਡੀ ਤਰ੍ਹਾਂ ਹੀ ਇਨਸਾਨ ਹੋ। ਤੁਹਾਡਾ ਅਤੇ ਸਾਡਾ ਜਨਮ ਦਾਤਾ ਅਤੇ ਪਾਲਣਹਾਰਾ ਇੱਕ ਹੀ ਹੈ। ਇਸ ਲਈ ਤੁਸੀਂ ਲੋਕ ਸਾਡੇ ਤਰ੍ਹਾਂ ਹੀ ਮਾਨਵੀ ਹੱਕਾਂ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹੋਣ ਦੇ ਬਾਵਜੂਦ ਵੀ, ਇਹਨਾਂ ਬ੍ਰਾਹਮਣਾਂ ਦੇ ਨਕਲੀ ਧਰਮ ਕਰਮ ਨੂੰ ਕਿਉਂ ਮੰਨ ਰਹੇ ਹੋ?" (74)

**(ਚਲਦਾ)**



# ਹਾਲੀਵੁੱਡ ਤੱਕ ਪ੍ਰਸਿੱਧ ਹੋ ਗਏ ਹਨ ਬਾਲੀਵੁੱਡ ਦੇ ਇਹ ਸਟਾਰ ਕਲਾਕਾਰ

**ਅਜਿਹੇ ਕਈ ਫਿਲਮੀ ਕਲਾਕਾਰ ਹਨ ਜੋ ਬਾਲੀਵੁੱਡ ਤੋਂ ਲੈ ਕੇ ਹਾਲੀਵੁੱਡ ਤੱਕ ਪ੍ਰਸਿੱਧ ਹਨ। ਸ਼ਾਹਰੁਖ ਖਾਨ, ਪ੍ਰਿਅੰਕਾ ਚੋਪੜਾ, ਐਸ਼ਵਰਿਆ ਰਾਏ, ਅਨਿਲ ਕਪੂਰ ਸਮੇਤ ਕਈ ਸਟਾਰ ਹਨ, ਜਿਹਨਾਂ ਦੇ ਫੈਨਜ਼ ਇੰਟਰਨੈਸ਼ਨਲ ਤੇ ਮੌਜੂਦ ਹਨ।**




### ਸ਼ਾਹਰੁਖ ਖਾਨ

ਸ਼ਾਹਰੁਖ ਖਾਨ ਬਾਲੀਵੁੱਡ ਦੇ ਨਾਲ ਹੀ ਹਾਲੀਵੁੱਡ ਦੇ ਵੀ ਕਿੰਗ ਹਨ। ਉਹ ਅਜਿਹੇ ਸਟਾਰ ਹਨ ਜੋ ਇੰਟਰਨੈਸ਼ਨਲ ਪੱਧਰ ਤੇ ਪ੍ਰਸਿੱਧ ਹਨ। ਇਹਨਾਂ ਦੀਆਂ ਫਿਲਮਾਂ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਦੇਖੀਆਂ ਅਤੇ ਪਸੰਦ ਕੀਤੀਆਂ ਜਾਂਦੀਆਂ



### ਪ੍ਰਿਅੰਕਾ ਚੋਪੜਾ

ਪ੍ਰਿਅੰਕਾ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਸਿੱਧ ਹੋ ਗਈ ਹੈ। ਅਮਰੀਕੀ ਟੀ. ਵੀ. ਸੀਰੀਜ਼ (ਕਵਾਂਟਿਕੋ' ਵਿਚ ਨਿਭਾਏ ਆਪਣੇ ਕਿਰਦਾਰ ਦੇ ਲਈ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹੈ। ਉਹਨਾਂ ਨੇ ਅਭਿਨੈ ਦੇ ਲਈ ਪੀਪਲਜ਼ ਚੁਆਇਸ ਐਵਾਰਡ ਵੀ



### ਐਸ਼ਵਰਿਆ ਰਾਏ

ਐਸ਼ਵਰਿਆ ਰਾਏ ਅਜਿਹੀ ਪਹਿਲੀ ਅਭਿ-ਨੇਤਰੀ ਹੈ, ਜਿਸਨੂੰ ਇੰਟਰਨੈਸ਼ਨਲ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਹੈ। ਉਹਨਾਂ ਨੇ ਕਾਨਜ਼ ਫਿਲਮ ਫੈਸਟੀਵਲ ਵਿਚ ਇੰਡੀਆ ਨੂੰ ਰੀਪ੍ਰਜੈਂਟ ਕੀਤਾ ਅਤੇ ਨਾਂ ਕਮਾਇਆ। ਐਸ਼ ਦੇ ਫੈਨਜ਼ ਬਾਲੀਵੁੱਡ ਦੇ ਨਾਲ ਹੀ ਹਾਲੀਵੁੱਡ ਵਿਚ ਵੀ ਹਨ।



### ਸੋਨਮ ਕਪੂਰ

ਸੋਨਮ ਕਪੂਰ ਨੇ ਵੀ ਹਾਲੀਵੁੱਡ ਵਿਚ ਆਪਣੇ ਬਹੁਤ ਫੈਨ ਬਣਾ ਲਏ ਹਨ। ਉਹ ਕਾਨਸ ਫਿਲਮ ਫੈਸਟੀਵਲ ਵਿਚ ਵੀ ਸ਼ਾਮਲ ਹੋਈ। ਉਹ ਹਾਲੀਵੁੱਡ ਵਿਚ ਇੰਨੀ ਫੇਮਸ ਹੈ ਕਿ ਉਹਨਾਂ ਨੂੰ ਕਈ ਈਵੈਂਟਸ ਵਿਚ ਸਪੈਸ਼ਲੀ ਇਨਵਾਇਟ ਕੀਤਾ ਜਾਂਦਾ ਹੈ।



### ਇਰਫਾਨ ਖਾਨ

ਇਰਫਾਨ ਖਾਨ ਦੇ ਜਿੰਨੇ ਚਾਹੁਣ ਵਾਲੇ ਬਾਲੀਵੁੱਡ ਵਿਚ ਹਨ, ਉਨੇ ਹੀ ਫੈਨਜ਼ ਉਹਨਾਂ ਦੇ ਹਾਲੀਵੁੱਡ ਵਿਚ ਵੀ ਹਨ। ਲਾਈਫ ਆਫ ਪਾਈ, ਸਲਮਡਾਗ ਮਿਲੀਨੇਅਰ ਅਤੇ ਜੁਰਾਸਿਕ ਵਰਲਡ ਵਰਗੀਆਂ ਫਿਲਮਾਂ ਦੇ ਕਾਰਨ ਉਹ ਕੌਮਾਂਤਰੀ ਪੱਧਰ ਤੇ ਪ੍ਰਸਿੱਧ ਹਨ।



### ਅਨਿਲ ਕਪੂਰ

ਅਨਿਲ ਕਪੂਰ ਨੇ ਵੀ ਫਿਲਮ 'ਸਲੱਮਡਾਗ ਮਿਲੀਨੇਅਰ' ਦੇ ਜ਼ਰੀਏ ਕੌਮਾਂਤਰੀ ਪੱਧਰ ਤੇ ਆਪਣੀ ਇਮੇਜ ਬਣਾਈ ਹੈ। ਉਹ ਹਾਲੀਵੁੱਡ ਫਿਲਮ 'ਮਿਸ਼ਨ ਇੰਪਾਸੀਬਲ' ਦਾ ਵੀ ਭਾਗ ਰਹੇ ਹਨ। ਇਹ ਫਿਲਮ ਕਈ ਸੀਰੀਜ਼ ਵਿਚ ਬਣੀ ਹੈ।



### ਦੀਪਿਕਾ ਪਾਦੂਕੋਨ

ਦੀਪਿਕਾ ਪਾਦੂਕੋਨ ਵੀ ਹਾਲੀਵੁੱਡ ਵੱਲ ਆਪਣੇ ਕਦਮ ਵਧਾ ਰਹੀ ਹੈ। ਬਾਲੀਵੁੱਡ ਵਿਚ ਉਹ ਸਿਖਰ ਤੇ ਪਹੁੰਚ ਚੁੱਕੀ ਹੈ ਅਤੇ ਹੁਣ ਉਹ ਹਾਲੀਵੁੱਡ ਵਿਚ ਆਪਣੀ ਥਾਂ ਬਣਾਉਣ ਲਈ ਇਕ ਫਿਲਮ ਕਰਨ ਜਾ ਰਹੀ ਹੈ।



### ਫ੍ਰੀਡਾ ਪਿੰਟੋ

ਫ੍ਰੀਡਾ ਪਿੰਟੋ ਫਿਲਮ 'ਸਲੱਮਡਾਗ ਮਿਲੀਨੇਅਰ' ਨਾਲ ਜਿੰਨੀ ਬਾਲੀਵੁੱਡ ਵਿਚ ਪ੍ਰਸਿੱਧ ਹੋਈ, ਉਸ ਤੋਂ ਜ਼ਿਆਦਾ ਉਹ ਹਾਲੀਵੁੱਡ ਵਿਚ ਪ੍ਰਸਿੱਧ ਰਹੀ। ਉਹਨਾਂ ਨੇ ਹਾਲੀਵੁੱਡ ਦੀ 'ਡੇਂਜਰਸ ਡਾਂਸਰ, ਇੰਮੋਟਰਲਸ' ਸਮੇਤ ਕੁਝ ਫਿਲਮਾਂ ਵਿਚ ਕੰਮ ਕੀਤਾ ਹੈ।



### ਸ਼ਿਲਪਾ ਸ਼ੈਟੀ

ਸ਼ਿਲਪਾ ਸ਼ੈਟੀ ਹਾਲਾਂਕਿ ਬਾਲੀਵੁੱਡ ਫਿਲਮਾਂ ਛੱਡ ਚੁੱਕੀ ਹੈ ਪਰ ਉਹ ਵੀ ਰਿਆਲਟੀ ਸ਼ੋਅ 'ਬਿਗ ਬ੍ਰਦਰ' ਦੀ ਵਿਨਰ ਬਣ ਕੇ ਕੌਮਾਂਤਰੀ ਪੱਧਰ ਤੇ ਪ੍ਰਸਿੱਧ ਹੋਈ। ਉਹਨਾਂ ਨੇ ਹਾਲੀਵੁੱਡ ਦੀ ਕੋਈ ਫਿਲਮ ਤਾਂ ਨਹੀਂ ਕੀਤੀ ਪਰ ਫਿਰ ਵੀ ਉਸਦੀ ਪਛਾਣ ਹਾਲੀਵੁੱਡ ਵਿਚ ਵੀ ਹੈ।




### ਤੱਬੂ

ਹੁਣ ਤੱਕ ਕੁਆਰੀ ਤੱਬੂ ਨੇ ਵੀ ਆਪਣੀ ਪਛਾਣ ਕੌਮਾਂਤਰੀ ਪੱਧਰ ਤੇ ਬਣਾਈ ਹੈ। ਉਹਨਾਂ ਨੇ ਜਿੱਥੇ ਬਾਲੀਵੁੱਡ ਵਿਚ ਆਪਣੀ ਇਕ ਜਗ੍ਹਾ ਇਮੇਜ ਬਣਾਈ ਹੈ, ਉਸੇ ਤਰ੍ਹਾਂ ਉਹਨਾਂ ਨੇ 'ਦਾ ਨੇਮਸੇਕ' ਅਤੇ 'ਲਾਈਫ ਆਫ ਪਾਈ' ਵਰਗੀਆਂ ਫਿਲਮਾਂ ਕਰਕੇ ਹਾਲੀਵੁੱਡ ਵਿਚ ਆਪਣੇ ਫੈਨਜ਼ ਬਣਾਏ ਹਨ।

# ਕਦੀ ਪਾਕਿਸਤਾਨ ਵਿਚ ਹੋਣ ਲੱਗੀ ਸੀ 24 ਸਾਲਾ ਇਸ ਅਭਿਨੇਤਰੀ ਤੇ ਪਾਬੰਦੀ ਦੀ ਮੰਗ

ਇਸ ਹਫਤੇ ਰਿਲੀਜ਼ ਹੋਈ ਫਿਲਮ 'ਸਨਮ ਤੇਰੀ ਕਸਮ' ਦੇ ਜ਼ਰੀਏ ਪਾਕਿਸਤਾਨੀ ਅਭਿਨੇਤਰੀ ਮਾਵਰਾ ਹੋਕੇਨ ਨੇ ਬਾਲੀਵੁੱਡ ਵਿਚ ਐਂਟਰੀ ਕੀਤੀ ਹੈ। ਮਾਵਰਾ ਦਾ ਜਨਮ 28 ਸਤੰਬਰ 1992 ਨੂੰ ਕਰਾਚੀ ਵਿਚ ਹੋਇਆ ਸੀ। ਮਾਵਰਾ ਉਸ ਵਕਤ ਸੁਰਖੀਆਂ ਵਿਚ ਰਹੀ ਸੀ, ਜਦੋਂ ਇਕ ਟਵੀਟ ਕਾਰਨ ਪਾਕਿਸਤਾਨ ਵਿਚ ਉਹਨਾਂ ਨੂੰ ਬੈਨ ਕਰਕੇ ਭੇਜਤ ਭੇਜਣ ਦੀ ਮੰਗ ਆਰੰਭ ਹੋ ਗਈ ਸੀ।





ਮਾਵਰਾ ਉਸ ਵਕਤ ਚਰਚਾ ਦਾ ਹਿੱਸਾ ਬਣ ਗਈ ਸੀ। ਜਦੋਂ ਉਹਨਾਂ ਨੇ ਸੈਫ ਅਲੀ ਖਾਨ ਅਤੇ ਕੈਟਰੀਨਾ ਕੈਫ ਦੀ ਫਿਲਮ 'ਫੈਂਟਸ' ਦੀ ਸਪੋਰਟ ਵਿਚ ਟਵੀਟ ਕੀਤਾ ਸੀ। ਆਪਣੀ ਟਵੀਟ ਵਿਚ ਮਾਵਰਾ ਨੇ ਲਿਖਿਆਸੀ, ਫੈਂਟਸ ਅੱਤਵਾਦ ਦੇ ਖਿਲਾਫ ਹੈ। ਇਕ ਅੱਤਵਾਦੀ ਦਾ ਕਿਸੇ ਮੁਲਕ ਨਾਲ ਕੋਈ ਸਬੰਧ ਨਹੀਂ ਹੁੰਦਾ। ਇਕ ਅੱਤਵਾਦੀ ਸਿਰਫ ਅੱਤਵਾਦੀ ਹੁੰਦਾ ਹੈ।

ਇਸ ਟਵੀਟ ਦੇ ਕਾਰਨ ਕੁਝ ਲੋਕਾਂ ਨੇ ਉਹਨਾਂ ਨੂੰ ਸਪੋਰਟ ਕੀਤਾ ਅਤੇ ਕੁਝ ਮਾਵਰਾ ਤੇ ਭੜਕ ਗਏ। ਇੰਨਾ ਹੀ ਨਹੀਂ ਉਹਨਾਂ ਨੂੰ ਬੈਨ ਕਰਨ ਅਤੇ ਭਾਰਤ ਭੇਜਣ ਤੱਕ ਦੀ ਮੰਗ ਕਰ ਦਿੱਤੀ ਗਈ। ਉਹ ਵਿਰੋਧ ਇਸ ਕਰਕੇ ਵਧਿਆ ਕਿਉਂਕਿ 'ਫੈਂਟਮ' ਵਿਚ ਪਾਕਿਸਤਾਨ ਦੀ ਨੈਗੇਟਿਵ ਇਮੇਜ ਦਿਖਾਈ ਗਈ ਸੀ। ਇਸ ਕਾਰਨ ਫਿਲਮ ਨੂੰ ਪਾਕਿ ਵਿਚ ਬੈਨ ਕਰ ਦਿੱਤਾ ਗਿਆ ਸੀ। ਹਾਲਾਂਕਿ ਵਿਵਾਦ ਵਧਦਾ ਦੇਖ ਕੇ ਮਾਵਰਾ ਨੇ ਸਾਰੇ ਟਵੀਟਸ ਡਿਲੀਟ ਕਰ ਦਿੱਤੇ ਸਨ।

ਮਾਵਰਾ ਦਾ ਅਸਲੀ ਨਾਂ ਮਾਵਰਾ ਹੁਸੈਨ ਹੈ। ਉਸਨੇ 7ਵੀਂ ਕਲਾਸ ਵਿਚ ਆਪਣਾ ਸਰਨੇਮ ਬਦਲ ਲਿਆ ਸੀ, ਕਿਉਂਕਿ ਉਸਨੂੰ ਆਪਣਾ ਸਰਨੇਮ ਪਸੰਦ ਨਹੀਂ ਸੀ। ਮਾਵਰਾ ਪਾਕਿਸਤਾਨੀ ਸੀਰੀਅਲਾਂ ਵਿਚ ਕੰਮ ਕਰ ਚੁੱਕੀ ਹੈ। ਇਸੇ ਦੇ ਨਾਲ ਹੀ ਉਹ ਵੀਜੇ ਵੀ ਰਹਿ ਚੁੱਕੀ ਹੈ। ਮਾਵਰਾ ਨੇ ਪ੍ਰੀ-ਮੈਡੀਕਲ ਵਿਚ ਆਪਣੀ ਸਿੱਖਿਆ ਪੂਰੀ ਕੀਤੀ ਹੈ ਅਤੇ ਹੁਣ ਉਹ ਐਲ. ਐਲ. ਬੀ. ਕਰ ਰਹੀ ਹੈ। ਮਾਵਰਾ ਦੀ ਭੈਣ ਉਰਵਾ ਹੋਕੇਨ ਇਕ ਪ੍ਰਸਿੱਧ ਪਾਕਿਸਤਾਨੀ ਅਭਿਨੇਤਰੀ ਹੈ। ਰਣਬੀਰ ਤੋਂ ਇਲਾਵਾ ਮਾਵਰਾ ਨੂੰ ਬਾਲੀਵੁੱਡ ਵਿਚ ਸਲਮਾਨ ਖਾਨ ਬੇਹੱਦ ਪਸੰਦ ਹੈ। ਹਾਲੀਵੁੱਡ ਵਿਚ ਬ੍ਰੈਡ ਪਿਟ ਉਹਨਾਂ ਦੇ ਪਸੰਦੀਦਾ ਸਟਾਰ ਹਨ।

# Grant Line Insurance Agency, Inc.

## DBA Sky High Insurance Agency

### One stop shop for all your Insurance needs

License#0J06225






ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: Info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



Buy Quality Used Trucks

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।



**Call : Dharminder Singh**

Cell : 530-870-6600

Fax : 530-405-1429



Email: myfuturetruck@gmail.com

2535 Front St. West Sacramento, CA 95691

# ਲੰਗੋਟੀਏ ਬਾਬਾਵਾਦ ਦੇ ਉਭਾਰ ਦਾ ਯੁੱਗ



ਹਰੀਸ਼ ਖਰੇ

ਦੇਸ਼ ਵਿਚ ਅਚਾਨਕ ਇਕ ਨਵਾਂ ਵਰਤਾਰਾ ਉਭਰ ਰਿਹਾ ਹੈ। ਖਿਆਲਾਂ, ਬੰਦਿਆਂ ਅਤੇ ਅਦਾਰਿਆਂਦੇ ਇਸ ਸੁਮੇਲ ਨੂੰ ਜੇਕਰ ਅਸੀਂ ਕਿਸੇ ਇਕ ਸ਼ਬਦ ਵਿਚ ਪ੍ਰਗਟਾਉਣਾ ਹੋਵੇ ਤਾਂ ਲੰਗੋਟੀਆ ਬਾਬਾਵਾਦ ਤੋਂ ਬਿਹਤਰ ਸਾਨੂੰ ਹੋਰ ਕੋਈ ਸ਼ਬਦ ਨਹੀਂ ਮਿਲਦਾ। ਗੱਲ ਸ਼ੁਰੂ ਕਰਦੇ ਹਾਂ ਪਿਛਲੇ ਮੰਗਲਵਾਰ ਤੋਂ। ਇਹ ਗੁੜਗਾਉਂ ਵਿਚ ਹੋਏ 'ਹੈਪਨਿੰਗ ਹਰਿਆਣਾ ਗਲੋਬਲ ਇਨਵੈਸਟਰਜ਼ ਸਮਿੱਟ' ਦਾ ਦੂਜਾ ਦਿਨ ਸੀ ਜਿਸ ਦਾ ਮਕਸਦ ਇਹ ਦਰਸਾਉਣਾ ਸੀ ਕਿ ਰਾਜ ਵਿਚ ਪਿਛਲੇ ਮਹੀਨੇ ਖੌਫਨਾਕ ਢੰਗ ਨਾਲ ਢਹਿ ਢੇਰੀ ਹੋਈ ਅਮਨ-ਕਾਨੂੰਨ ਦੀ ਵਿਵਸਥਾਹੁਣ ਆਮ ਵਰਗੀ ਹੁੰਦੀ ਜਾ ਰਹੀ ਹੈ। ਇਸ ਸੰਮੇਲਨ ਦੇ ਪਹਿਲੇ ਦਿਨ ਛੇ ਕੇਂਦਰੀ ਮੰਤਰੀਆਂ ਨੇ ਨਾਕੇਵਲ ਹਾਜ਼ਰੀ ਭਰੀ ਸਗੋਂ ਆਪੋ-ਆਪਣੇ ਮੰਤਰਾਲਿਆਂ ਦੀ ਪੂਰੀ ਤਾਕਤ ਝੋਕ ਕੇ ਸੂਬਾਈ ਸਰਕਾਰ ਦੀ ਅਜਿਹੀ ਆਧੁਨਿਕ ਦਿੱਖ ਨੂੰ ਉਭਾਰਨ ਲਈ ਆਪਣਾ ਪੂਰਾ ਜ਼ੋਰ ਲਾਇਆ ਜਿਸ ਵਿਚ ਸ਼ਾਸਨ ਸਬੰਧੀ ਰੋਜ਼ਮਰ੍ਹਾਦੇ ਮੁੱਦਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸੰਮੇਲਨ ਵਿਚ ਭ੍ਰਮਣਕਾਰੀ ਸਮਝੌਤਾ ਪੱਤਰ ਨਿਵੇਸ਼ਕਾਂ ਦੀ ਵੀ ਪੂਰੀ ਹਾਜ਼ਰੀ ਸੀ। ਇਹ ਉਹ ਨਿਵੇਸ਼ਕ ਹਨ, ਜਿਹਨਾਂ ਵੱਲੋਂ ਕੀਤੇ ਵਾਅਦੇ ਕਿਸੇ ਸਧਾਰਨ ਸਿਆਸਤਦਾਨ ਦੇ ਐਲਾਨਾਂ ਤੋਂਵੀ ਵੱਧ ਨਿਰਾਰਥਕ ਸਨ। ਮੰਗਲਵਾਰ ਨੂੰ ਉਸੇ ਥਾਂ, ਉਸੇ ਸਰਕਾਰ ਅਤੇ ਉਹਨਾਂ ਹੀ ਮੰਤਰੀਆਂ ਨੂੰ ਆਸ਼ੀਰਵਾਦ ਦੇਣ ਲਈ ਦੋ ਬਾਬੇ, ਬਾਬਾ ਰਾਮਦੇਵ ਅਤੇ ਸ੍ਰੀ ਸ੍ਰੀ ਰਵੀਸ਼ੰਕਰ ਵੀ ਪੁੱਜੇ ਹੋਏੈ ਸਨ। ਸੰਮੇਲਨ ਦੇ ਪਹਿਲੇ ਦਿਨ ਜਿੱਥੇ ਮੁੱਖ ਮੰਤਰੀ ਅਤੇ ਉਸ ਦੇ ਵਜ਼ਾਰਤੀ ਸਹਿਯੋਗੀ ਤਣਾਅ ਵਿਚ ਨਜ਼ਰ ਆ ਰਹੇ ਸਨ, ਉਥੇ ਦੂਜੇ ਦਿਨ ਬਾਬਿਆਂ ਦੇ ਸਾਥ ਵਿਚ ਉਹ ਬਹੁਤ ਰੁੱਝੇ ਹੋਏ ਅਤੇ ਉਤਸ਼ਾਹਿਤ ਨਜ਼ਰ ਆ ਰਹੇ ਸਨ।

ਅਜੇ ਬਹੁਤੀ ਦੇਰ ਦੀ ਗੱਲ ਨਹੀਂ ਜਦੋਂ ਸਾਨੂੰ ਪਤਾ ਲੱਗਿਆ ਕਿ ਭਾਰਤ ਦੇਸ਼ ਦੇ ਅਧਿਕਾਰਕ ਰਖਵਾਲਿਆਂ, ਜਿਹਨਾਂ ਤੋਂ ਕੌਮੀ ਸੁਰੱਖਿਆ ਬਾਰੇ ਵਿਵੇਕਸ਼ੀਲ ਫੈਸਲਿਆਂ ਦੀ ਤਵੱਕੋ ਕੀਤੀ ਜਾਂਦੀ ਹੈ, ਨੇ ਇਹ ਨਿਚੋੜ ਕੱਢਿਆ ਹੈ ਕਿ ਬਾਬਾ ਰਾਮਦੇਵ ਨੂੰ ਜੈਡ ਪਲੱਸ ਸੁਰੱਖਿਆ ਦੀ ਲੋੜ ਹੈ। ਨਵੇਂ ਯੁੱਗ ਦੇ ਇਹਨਾਂ ਬਾਬਿਆਂ ਨੂੰ ਦਿਖਾਵੇ ਲਈ ਸੱਤਾ ਅਤੇ ਮਹੱਤਵ ਦੇ ਤਾਮਝਾਮ ਦੀ ਬਹੁਤ ਲੋੜ ਪੈਂਦੀ ਹੈ। ਗੱਲ ਇੱਥੇ ਹੀ ਨਹੀਂ ਮੁੱਕਦੀ, ਕੁਝ ਦਿਨ ਪਹਿਲਾਂ ਇਹ ਖਬਰ ਵੀ ਆਈ ਹੈ ਕਿ ਬਾਬੇ ਦੀਆਂ ਕਾਰੋਬਾਰੀ ਇਕਾਈਆਂ ਦੀ ਸੁਰੱਖਿਆ ਵੀ ਹੁਣ ਕੇਂਦਰੀ ਸਨਅਤੀ ਸੁਰੱਖਿਆ ਬਲ (ਸੀ. ਆਈ ਐਸ ਐਫ) ਵੱਲੋਂ ਕੀਤੀ ਜਾਵੇਗੀ। ਹਾਲ ਵਿਚ ਹੀ ਸਰਕਾਰ ਅਤੇ ਬਾਬੇ ਵਿਚਲੀ ਲੰਗੋਟੀਆ ਇਕਸੁਰਤਾ ਵਰਲਡ ਕਲਚਰ ਫੈਸਟੀਵਲ ਤੋਂ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਬੁੱਧਵਾਰ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਜਿਸ ਦੀ ਜ਼ਿੰਮੇਵਾਰੀ ਵਾਤਾਵਰਣ ਸਬੰਧੀ ਨਿਯਮਾਂ ਦੀਆਂ ਉਲੰਘਣਾਵਾਂ ਨੂੰ ਰੋਕਣਾ ਹੈ, ਨੇ ਵੀ ਇਸ ਲੰਗੋਟੀਏ ਬਾਬਾਵਾਦ ਮੂਹਰੇ ਗੋਡੇ ਟੇਕ ਦਿੱਤੇ ਪਰ ਇਹ ਗੁਰੂ ਅਜੇ ਵੀ ਟ੍ਰਿਬਿਊਨਲ ਵੱਲੋਂ ਲਾਏ ਮਾਮੂਲੀ ਦੰਡ ਨੂੰ ਮੰਨਣ ਨੂੰ ਤਿਆਰ ਨਹੀਂ। ਇਹ ਗੱਲ ਮੰਨਣੀ ਬਹੁਤ ਔਖੀ ਹੈ ਕਿ ਟ੍ਰਿਬਿਊਨਲ ਦੇ ਫੈਸਲੇ ਨੂੰ ਇਸ ਗੱਲ ਨੇ ਪ੍ਰਭਾਵਿਤ ਨਹੀਂ ਕੀਤਾ ਹੋਵੇਗਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਮੇਲੇ ਦੇ ਉਦਘਾਟਨੀ ਸਮਾਗਮ ਵਿਚ ਹਾਜ਼ਰੀ ਭਰੀ ਜਾਣੀ ਹੈ। ਇਸ ਬਾਬੇ ਦੇ ਹਮਾਇਤੀਆਂ ਦਾ ਤਰਕ ਹੈ ਕਿ ਜਦੋਂ ਪ੍ਰਧਾਨ ਮੰਤਰੀ ਨੇ ਇਸ ਸਮਾਗਮ ਵਿਚ ਸ਼ਾਮਲ ਹੋਣਾ ਹੈ ਤਾਂ ਇਸ ਨੂੰ ਕਿਸੇ ਗੁਰੂ ਦਾ ਨਿੱਜੀ ਸਮਾਗਮ ਕਿਵੇਂ ਮੰਨਿਆ ਜਾ ਸਕਦਾ ਹੈ। ਕਿਆ ਕਮਾਲ ਦੀ ਦਲੀਲ ਹੈ ਇਹ। ਦੋਵੇਂ ਗੁਰੂ ਕੁਝ ਹਾਲੀਆ ਮਹੀਨਿਆਂ ਦੌਰਾਨ ਨਵੇਂ ਸਰਕਾਰੀ ਬਾਬਿਆਂ ਅਤੇ ਲੰਗੋਟੀਆ ਬਾਬਾਵਾਦ ਦੇ ਉਭਰ ਰਹੇ ਵਰਤਾਰੇ ਦੇ ਪ੍ਰਤੀਕਾਂ ਵਜੋਂ ਸਾਹਮਣੇ ਆਏ ਹਨ। ਹਿੰਦੂ ਪੁਨਰ ਜਾਗਰਣ ਦੇ ਮੌਜੂਦਾ ਅਮਲ ਦੇ ਸੰਦਰਭ ਵਿਚ ਉਹਨਾਂ ਦਾ ਮਹੱਤਵ ਸਮਝਣ ਦੀ ਲੋੜ ਹੈ। ਬਾਬਾ ਰਾਮਦੇਵ ਸ੍ਰੀ ਸ੍ਰੀ ਦੋਵੇਂ ਆਪਣੇ ਆਪ ਨੂੰ ਭਾਰਤ ਦੀ ਅਧਿਆਤਮਕ ਤਾਕਤ ਦੇ ਕੌਮਾਂਤਰੀ ਬਰਾਂਡ ਅੰਬੈਸਡਰ ਵਜੋਂ ਉਭਾਰਨ ਵਿਚ ਜੁਟੇ ਹੋਏ ਹਨ।

ਭਾਰਤ ਕੋਲ ਉਦਾਂ ਤਾਂ ਇੰਨੀ ਤਾਕਤ ਨਹੀਂ ਕਿ ਇਹ ਸਰਹੱਦ ਪਾਰ ਆਏ 10 ਦਹਿਸ਼ਤਗਰਦਾਂ ਨੂੰ ਕਾਬੂ ਕਰ ਸਕੇ। ਉਹ ਅਜੇ ਵੀ ਆਜ਼ਾਦ ਘੁੰਮ ਰਹੇ ਹਨ। ਇਹ ਸਹੀ ਹੈ ਕਿ ਸਮੇਂ ਸਮੇਂ ਆਈਆਂ ਵੱਖ ਵੱਖ ਸਰਕਾਰਾਂ ਵੀ ਇਸ ਮਾਲੇ 'ਚ ਭਾਵੇਂ ਵੱਖਰੀਆਂ ਨਹੀਂ ਸਨ, ਪ੍ਰੰਤੂ ਪਹਿਲੀਆਂ ਸਰਕਾਰਾਂ ਦੀ ਇਸ ਬਾਰੇ ਸੁਰ ਮੱਧਮ ਹੁੰਦੀ ਸੀ ਜਦੋਂ ਕਿ ਹੁਣ ਦੀ ਸਰਕਾਰ ਵੱਲੋਂ ਡੰਕੇ ਦੀ ਚੋਟ 'ਤੇ ਕੀਤਾ ਜਾਂਦਾ ਹੈ। ਜਦੋਂ ਦੀ ਇਹ ਜੁਮਲਾ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਦੇਸ਼ ਵਾਸੀਆਂ ਨੂੰ ਭਾਰਤ ਨੂੰ ਮੁੜ ਵਿਸ਼ਵ ਗੁਰੂ ਦਾ ਦਰਜਾ ਦਿਵਾਉਣ ਦਾ ਸੁਫਨਾ ਦਿਖਾ ਕੇ ਛਲਿਆ ਜਾ ਰਿਹਾ ਹੈ, ਜੋ ਦਰਜਾ ਦੇਸ਼ ਨੂੰ ਆਪਣੇ ਬੀਤ ਚੁੱਕੇ ਸੁਨਹਿਰੀ ਕਾਲ ਦੌਰਾਨ ਪ੍ਰਾਪਤ ਸੀ।

ਇਸ ਗੱਲ ਤੋਂ ਹੈਰਾਨ ਹੋਣ ਦੀ ਜ਼ਰੂਰਤ ਨਹੀਂ ਕਿ ਦਿੱਲੀ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸ੍ਰੀ ਸ੍ਰੀ ਰਵੀਸ਼ੰਕਰ ਦੇ ਸਮਾਗਮ ਲਈ ਪੁਲ ਬਣਾਉਣ ਖਾਤਰ ਫੌਜੀ ਜਵਾਨਾਂ ਦੀ ਮੰਗ ਕੀਤੀ ਜੋ ਕੇਂਦਰ ਨੇ ਬਿਨਾਂ ਹੀਲ-ਹੁੱਜਤ ਦੇ ਪ੍ਰਵਾਨ ਵੀ ਕਰ ਲਈ। ਗੌਰਤਲਬ ਹੈ ਕਿ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨਾਲ ਸ੍ਰੀ ਸ੍ਰੀ ਰਵੀਸ਼ੰਕਰ ਅਤੇ ਬਾਬਾ ਰਾਮਦੇਵ ਦੋਵੇਂ ਜੁੜੇ ਹੋਏ ਸਨ।

ਸ਼ਾਇਦ ਇਸੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸਦਕਾ ਹੀ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਅਤੇ ਨਰਿੰਦਰ ਮੋਦੀ ਮੁਲਕ ਦੇ ਪ੍ਰਧਾਨ ਮੰਤਰੀ ਬਣ ਸਕੇ। ਇਹਨਾਂ ਸਬੰਧਾਂ ਦਾ ਪਾਜ ਤਾਂ ਉਘੜਨਾ ਹੀ ਸੀ, ਚਾਹੇ ਕਿਸੇ ਨੂੰ ਚੰਗਾ ਲੱਗੇ ਜਾਂ ਨਾ ਲੱਗੇ।

ਭਾਰਤੀ ਥਲ ਸੈਨਾ ਸਾਡੇ ਮੁਲਕ ਦੀ ਸਭ ਤੋਂ ਵੱਧ ਧਰਮ ਨਿਰਪੱਖ ਸੰਸਥਾ ਹੈ, ਇਸ ਨੂੰ ਬਿਨਾਂ ਸੋਚੇ-ਸਮਝੇ ਅਜਿਹੇ ਅਡੰਬਰ ਭਰਪੂਰ ਸਮਾਗਮ ਵਿਚ ਝੋਕ ਦਿੱਤਾ ਗਿਆ ਹੈ। ਭਾਰਤੀ ਫੌਜ ਦੀ ਮਾਣ ਮਰਿਆਦਾ ਨੂੰ ਦੂਜੀ ਵਾਰ ਦਾਅ 'ਤੇ ਲਾਇਆ ਗਿਆ ਹੈ। ਇਉਂ ਹੀ ਬਿਨਾਂ ਸੋਚ-ਵਿਚਾਰ ਕੀਤਿਆਂ ਹਰਿਆਣੇ ਵਿਚ ਫੌਜ ਬੁਲਾਈ ਗਈ ਸੀ, ਪਰ ਇਸ ਦੀ ਵਰਤੋਂ ਨਹੀਂ ਕੀਤੀ ਗਈ। ਅਜਿਹੀਆਂ ਗੱਲਾਂ ਫੌਜ ਦੇ ਸੰਸਥਾਗਤ ਵੱਕਾਰ ਨੂੰ ਢਾਹ ਲਾਉਣ ਵਾਲੀਆਂ ਹਨ।

ਉਂਝ ਬਾਬਾ ਰਾਮਦੇਵ ਤੇ ਗੁਰੂ ਰਵੀਸ਼ੰਕਰ ਇੱਕਾ-ਦੁੱਕਾ ਸਿਆਸੀ ਸਵਾਮੀ ਨਹੀਂ, ਬਲਕਿ ਸਾਡੇ ਮੁਲਕ ਵਿਚ ਥਾਂ-ਥਾਂ ਖੁੱਲ੍ਹੇ ਡੇਰੇ, ਮੱਠ, ਆਸ਼ਰਮ ਅਤੇ ਉਹਨਾਂ ਦੇ ਅਖੌਤੀ ਮਹੰਤ ਭਾਰਤ ਵਾਸੀਆਂ 'ਤੇ ਆਪਣੀ ਅਪਾਰ ਕਿਰਪਾ ਦ੍ਰਿਸ਼ਟੀ ਰੱਖਦੇ ਹਨ। ਇਹ ਸਾਰੇ ਪ੍ਰਸ਼ਾਸਨ ਨੂੰ ਆਪਣੇ ਪਾਵਨ ਕਾਰਜਾਂ ਦੀ ਪੂਰਤੀ ਹਿੱਤ ਵਰਤਣਾ ਸੋਚਦੇ ਹਨ। ਬਾਬਾ ਰਾਮਦੇਵ ਅਤੇ ਸ੍ਰੀ ਸ੍ਰੀ ਰਵੀਸ਼ੰਕਰ ਤਾਂ ਕੁਝ ਜ਼ਿਆਦਾ ਹੀ ਉਭਰ ਕੇ ਸਾਹਮਣੇ ਆਏ ਹਨ ਅਤੇ ਆਪਣੇ ਸਿਆਸੀ ਰਸੂਖ ਦੇ ਪ੍ਰਦਰਸ਼ਨ ਕਾਰਨ ਇਹ ਦੋਵੇਂ ਕਈਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਏ ਹਨ। ਨਿਰਪੱਖਤਾ ਨਾਲ ਗੱਲ ਕੀਤੀ ਜਾਵੇ ਤਾਂ ਇਹਨਾਂ ਦੋਵਾਂ ਨੇ ਕਿਸੇ ਵੀ ਨੇਤਾ ਜਾਂ ਪਾਰਟੀ ਪ੍ਰਤੀ ਹਮਾਇਤ ਅਤੇ ਨੇੜਤਾ ਕਦੇ ਭੇਤ ਨਹੀਂ ਬਣਾਈ। ਸਿਰਫ ਇਹਨਾਂ ਦੋਹਾਂ ਬਾਬਿਆਂ ਨੂੰ ਹੀ ਸਿਆਸੀ ਅਸਰ-ਰਸੂਖ ਵਧਾਉਣ ਦੀ ਮਨਸ਼ਾ ਲਈ ਬਾਕੀ ਅਖੌਤੀ ਬਾਬਿਆਂ ਨਾਲੋਂ ਨਿਖੇੜਨਾ ਨਿਆਂਕਰੀ ਨਹੀਂ ਹੋਵੇਗਾ। ਘਾਗ ਸਿਆਸਤਦਾਨ ਤਾਂ ਬਾਬਿਆਂ ਦੇ ਬੇਨਾਮੀ ਭਾਈਵਾਲ ਬਣ ਕੇ ਹੀ ਖੁਸ਼ ਰਹਿੰਦੇ ਹਨ। 21ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਜਦੋਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਅਤੇ ਉਹਨਾਂ ਦੀ ਲੀਡਰਸ਼ਿਪ ਨੂੰ ਕਈ ਪਾਸਿਉਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤਾਂ ਸਵਾਮੀ ਨਰਾਇਣ ਪੰਥੀਆਂ ਨੇ ਇਸ ਸਰਕਾਰ ਅਤੇ ਇਸਦੀਆਂ ਅਸੰਗਤੀਆਂ ਨੂੰ ਢਕਣ ਵਿਚ ਭਰਪੂਰ ਮਦਦ ਦਿੱਤੀ।

ਇਹ ਹੈਰਾਨੀ ਭਰੀ ਗੱਲ ਹੈ ਕਿ ਅੱਜ ਦਾ ਬਾਬਾ, ਰਵਾਇਤੀ ਰਾਜਗੁਰੂ ਬਣਨ ਦਾ ਦਾਅਵਾ ਨਹੀਂ ਕਰਦਾ। ਪੁਰਾਣੇ ਜ਼ਮਾਨੇ ਵਿਚ ਰਾਜਗੁਰੂ ਨੈਤਿਕਤਾ ਦਾ ਪਾਠ ਪੜ੍ਹਾਉਂਦਿਆਂ ਰਾਜੇ ਨੂੰ ਰਾਜਧਰਮ ਦੀ ਪਾਲਣਾ ਕਰਨ ਦਾ ਹੁਕਮ ਦੇ ਸਕਦਾ ਸੀ। ਅਜੋਕੇ ਪੂੰਜੀਵਾਦੀ ਬਾਬੇ ਨੈਤਿਕ ਅਗਵਾਈ ਵਾਲੀ ਭੂਮਿਕਾ ਨਿਭਾਉਣ ਦੀ ਖੇਚਲ ਨਹੀਂ ਕਰਦੇ। ਮਿਸਾਲ ਵਜੋਂ ਰੱਬ ਦਾ ਰੂਪ ਅੱਜ ਮੰਨਿਆ ਜਾਂਦਾ ਕੋਈ ਵੀ ਬਾਬਾ ਮੰਦਰਾਂ ਵਿਚ ਮਹਿਲਾਵਾਂ ਦੇ ਦਾਖਲੇ 'ਤੇ ਪਾਬੰਦੀ ਦੇ ਮੁੱਦੇ ਬਾਰੇ ਨਹੀਂ ਬੋਲਣਾ ਚਾਹੇਗਾ।

ਇਸ ਦੀ ਬਜਾਏ ਇਹ ਪੂੰਜੀਵਾਦੀ ਬਾਬਾ ਦੇਸ਼ ਦੇ ਨਾਗਰਿਕਾਂ ਦੀ ਆਤਮਕ ਬੁੱਧੀ ਲਈ ਰਾਹ ਦਸੇਰਾ ਹੋਣ ਦਾ ਦਾਅਵਾ ਕਰਦਾ ਹੈ। ਇਏ ਸੱਚ ਹੈ ਕਿ ਸਮਾਜ ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਸੱਭਿਆਚਾਰ ਵਿਚ ਆ ਰਹੇ ਵਿਗਾੜਾਂ ਨੂੰ ਰੋਕਣਾ ਚਾਹੁੰਦਾ ਹੈ।

ਇਸ ਗੱਲ ਦਾ ਫਾਇਦਾ ਚੁੱਕ ਕੇ ਬਾਬੇ ਇਹ ਦਿਖਾਵਾ ਕਰਦੇ ਹਨ ਕਿ ਉਹ ਧਾਰਮਿਕ ਰੀਤਾਂ ਰਿਵਾਜਾਂ ਅਤੇ ਪ੍ਰਥਾਵਾਂ ਨੂੰ ਸੁਰਜੀਤ ਕਰ ਰਹੇ ਹਨ। ਇਸੇ ਕਾਰਨ ਇਹ ਬਾਬੇ ਉਹਨਾਂ ਦੁਨਿਆਵੀ ਮਸਲਿਆਂ ਤੋਂ ਉਪਰ ਉੱਠ ਜਾਂਦੇ ਹਨ, ਜਿਹਨਾਂ ਖਾਤਰ ਕਨ੍ਹਈਆ ਕੁਮਾਰ ਜਿਹੇ ਲੋਕ ਅੰਦੋਲਨ ਛੇੜਦੇ ਹਨ। ਅਜਿਹਾ ਕਰਕੇ ਹੀ ਇਹ ਅਖੌਤੀ ਬਾਬੇ ਨਿੱਤ ਹੁੰਦੀਆਂ ਬੇਇਨਸਾਫੀਆਂ ਵਿਚ ਭਾਈਵਾਲ ਬਣਦੇ ਹਨ।

ਅਧਿਆਤਮਕ ਗੁਰੂ ਤਾਂ ਹੁਣ ਵੱਡੇ ਵਪਾਰੀ ਵੀ ਬਣ ਗਏ ਹਨ। ਹਰੇਕ ਬਾਬੇ ਦਾ ਆਪਣਾ ਵੱਖਰਾ ਪੂੰਜੀਵਾਦੀ ਮਾਡਲ ਹੈ, ਜਿਸ ਲਈ ਸਰਕਾਰੀ ਸਰਪ੍ਰਸਤੀ ਲਾਜ਼ਮੀ ਹੈ। ਇਸ ਤਰ੍ਹਾਂ ਆਪੂ ਬਣੇ ਇਹ ਫਕੀਰ ਦੁਨਿਆਵੀ ਕੰਮਾਂ ਵਿਚ ਦਿਲਚਸਪੀ ਲੈਣ ਲੱਗਦੇ ਹਨ ਤੇ ਕਦੇ ਤਾਂ ਕਾਨੂੰਨ ਤੋਂ ਸੁਰੱਖਿਆ ਵੀ ਮੰਗਦੇ ਹਨ। ਇਸ ਤਰ੍ਹਾਂ ਇਹ ਰੱਬੀ ਰੂਪ ਲੰਗੋਟੀਆ ਬਾਬਾਵਾਦ ਦੇ ਅਪਵਿੱਤਰ ਵਰਤਾਰੇ ਵੱਲ ਧੱਕੇ ਜਾਂਦੇ ਹਨ। ਇਹ ਗੱਲ ਸਿਆਸਤਦਾਨਾਂ ਦੇ ਪੂਰੀ ਤਰ੍ਹਾਂ ਸੂਤ ਬੈਠਦੀ ਹੈ।

ਆਮ ਸਿਆਸਤਦਾਨ ਇਹ ਗੱਲ ਸਮਝਦਾ ਹੈ ਕਿ ਉਹ ਆਪਣਾ ਸਭ ਤੋਂ ਕੀਮਤੀ ਗੁਣ ਭਾਵ ਆਪਣੀ ਨੈਤਿਕਤਾ ਗੁਆ ਚੁੱਕਿਆ ਹੈ ਅਤੇ ਇਸ ਨਾਤੇ ਲੋਕ ਹਿੱਤਾਂ ਦਾ ਰਖਵਾਲਾ ਹੋਣ ਦਾ ਅਧਿਕਾਰ ਵਰਤਣ ਦਾ ਹੱਕ ਵੀ। ਇਸ ਲਈ ਉਹ ਕਿਸੇ ਗੁਰੂ ਜਾਂ ਸਵਾਮੀ ਨਾਲ ਜੁੜ ਕੇ ਆਪਣੇ ਇਸ ਅਧਿਕਾਰ ਨੂੰ ਸੁਰੱਖਿਅਤ ਕਰਨਾ ਚਾਹੁੰਦਾ ਹੈ।

ਜਿਵੇਂ ਕਾਨੂੰਨ ਅਖੀਰ ਵਿਚ ਪੂੰਜੀਵਾਦੀਆਂ ਦੇ ਹੱਕ ਵਿਚ ਭੁਗਤਦਾ ਹੈ, ਉਵੇਂ ਹੀ ਇਹ ਬਾਬਿਆਂ ਦੇ ਹੱਕ ਵਿਚ ਵੀ ਭੁਗਤਦਾ ਹੈ। ਪੂੰਜੀਵਾਦੀਆਂ ਵਾਂਗ ਬਾਬਿਆਂ ਦੇ ਹੱਥ ਵੀ ਬਹੁਤ ਲੰਮੇ ਹੁੰਦੇ ਹਨ।

ਇਹ ਲੰਗੋਟੀਆ ਬਾਬਾਵਾਦ ਗਣਤੰਤਰੀ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਢਾਅ ਲਾਉਂਦਾ ਹੈ। ਇਹਨਾ ਬਾਬਿਆਂ ਨੂੰ ਮਿਲਦੀ ਸਰਕਾਰੀ ਸਰਪ੍ਰਸਤੀ ਆਮ ਲੋਕਾਂ ਨੂੰ ਹੋਰ ਕਮਜ਼ੋਰ ਕਰ ਦਿੰਦਾ ਹੈ।

# ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਮਹਾਨ ਨਗਰ ਕੀਰਤਨ 'ਤੇ ਭਾਰੀ ਮੀਂਹ ਦੇ ਬਾਵਜੂਦ ਸੰਗਤਾਂ ਦਾ ਭਾਰੀ ਇਕੱਠ

ਸ. ਮਹਿੰਦਰ ਸਿੰਘ ਧਾਮੀ ਨੂੰ ਹਾਲ ਹੀ ਵਿਚ ਇੰਡੀਆ ਜਾ ਕੇ ਗਰੀਬਾਂ ਦੀ ਭਲਾਈ ਵਾਸਤੇ ਕੀਤੇ ਕੰਮਾਂ ਲਈ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

ਦਿਨ ਐਤਵਾਰ ਨੂੰ ਸ਼ੁੱਕਰਵਾਰ ਤੋਂ ਆਰੰਭ ਕੀਤੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਭਾਈ ਜਸਬੀਰ ਸਿੰਘ ਖਾਲਸਾ, ਭਾਈ ਜਸਪਾਲ ਸਿੰਘ ਜਥਾ ਅਤੇ ਭਾਈ ਮਨਪ੍ਰੀਤ ਸਿੰਘ ਜਥਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੁਲਾਰਿਆਂ ਵਿਚੋਂ ਗੁਰਦੀਪ ਹੀਰਾ। ਜਸਵੰਤ ਸ਼ੀਮਾਰ (ਹੱਪੋਵਾਲ), ਪ੍ਰੇਮ ਕੁਮਾਰ ਚੁੰਬਰ (ਸੰਪਾਦਕ ਦੇਸ਼ ਦੁਆਬਾ, ਅੰਬੇਦਕਰ ਟਾਈਮਜ਼), ਸ. ਮਹਿੰਦਰ ਸਿੰਘ ਧਾਮੀ, ਡਾ. ਹਰਮੇਸ਼ ਸੰਧੂ, ਵਿਨੋਦ ਚੁੰਬਰ ਅਤੇ ਵਿਸ਼ੇਸ਼ ਤੌਰ ਤੇ ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ ਦੇ ਦੋਵੇਂ ਬੇਟੇ ਜੈਕ ਰਾਮ, ਪਾਲ ਰਾਮ, ਜੱਸੀ ਬੰਗਾ ਅਤੇ ਅਮਰੀਕਨ ਗੋਰੇ ਕਲੇਅ ਜੌਹਨਸਨ ਨੇ ਵੀ ਸੰਗਤਾਂ ਨਾਲ ਸ਼ਬਦਾਂ ਰਾਹੀਂ ਸਾਂਝ ਪਾਈ। ਥਿਨਮੋਜ਼ੀ ਸੁੰਦਰਾਜਨ (ਨਿਊਯਾਰਕ ਤੋਂ) ਜੋ ਕਿ ਆਲ ਇੰਡੀਆ ਦਲਿਤ ਮਹਿਲਾ ਮੋਰਚਾ ਦੀ ਅਗਵਾਈ ਕਰਦੇ ਹਨ ਅਤੇ

ਡਾਕੂਮੈਂਟਰੀ ਮੇਕਰ ਵੀ ਹਨ। ਉਹਨਾਂ ਨੇ ਵੀ ਦਲਿਤ ਔਰਤਾਂ ਤੇ ਹੋ ਰਹੇ ਅੱਤਿਆਚਾਰ ਤੇ ਸ਼ਬਦਾਂ ਰਾਹੀਂ ਚਿੰਤਾ ਪ੍ਰਗਟਾਈ। ਇਸ ਪਿੱਛੋਂ ਅਰਦਾਸ ਉਪਰੰਤ ਪੰਜ ਪਿਆਰੇ ਗੁਰੂ ਘਰ ਅੰਦਰ ਪ੍ਰਵੇਸ਼ ਹੋਏ ਅਤੇ ਜੈਕਾਰੇ ਛੱਡੇ ਗਏ ਅਤੇ ਪੰਜ ਪਿਆਰਿਆਂ ਦੀ ਅਗਵਾਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮੇਨ ਪਾਲਕੀ ਕੋਲ ਪੁੱਜਣ ਤੇ ਅਰਦਾਸ ਕਰਨ ਪਿੱਛੋਂ ਨਗਰ ਕੀਰਤਨ ਚਾਲੇ ਪਿਆ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਬੜੇ ਹੀ ਪ੍ਰੇਮ ਅਤੇ ਸ਼ਰਧਾ ਨਾਲ ਮਗਰ ਚੱਲ ਰਹੀਆਂ ਸਨ। ਮੇਨ ਪਾਲਕੀ ਤੇ ਬੜਾ ਹੀ ਰਸਭਿੰਨਾ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ। ਮੀਂਹ ਦੀ ਪਰਵਾਹ ਨਾ ਕਰਦਿਆਂ ਹੋਇਆਂ ਸੰਗਤਾਂ ਇਸ ਦਾ ਲਾਹਾ ਲੈ ਰਹੀਆਂ ਸਨ। ਰਾਹ ਵਿਚ ਹਮੇਸ਼ਾ ਦੀ ਤਰ੍ਹਾਂ ਵਲੌਰੋ ਗੈਸ ਸਟੇਸ਼ਨ ਤੇ ਚਾਹ ਪਾਣੀ ਪਕੌੜਿਆਂ ਦਾ ਲੰਗਰ ਚੱਲ ਰਿਹਾ ਸੀ। ਉਥੇ ਰੁਕਣ ਤੋਂ ਬਾਅਦ ਨਗਰ ਕੀਰਤਨ ਫਿਰ ਚਾਲੇ ਪੈਣ ਤੋਂ ਬਾਅਦ ਗੁਰੂ ਘਰ ਪੰਜ ਕੁ ਵਜੇ ਪੁੱਜ ਗਿਆ। ਅਰਦਾਸ ਉਪਰੰਤ ਨਗਰ ਕੀਰਤਨ ਦੀ ਸਮਾਪਤੀ ਕੀਤੀ ਗਈ। ਬਾਅਦ ਵਿਚ ਗੁਰੂ ਘਰ ਅੰਦਰ ਕੀਰਤਨ ਪ੍ਰਵਾਹ ਚਲਦਾ ਰਿਹਾ। ਇਸ ਦੌਰਾਨ ਬਾਹਰ ਬਹੁਤ ਸਾਰੇ ਖਾਣ ਪੀਣ ਦੇ ਸਟਾਲ ਲੱਗੇ ਹੋਏ ਸਨ। ਸੋ ਸੰਗਤਾਂ ਨੇ ਵੱਖ ਵੱਖ ਖਾਣਿਆਂ ਦਾ ਆਨੰਦ ਮਾਣਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਾਰੇ ਨਗਰ ਕੀਰਤਨ ਨੂੰ ਭੰਡਾਲ ਸਾਹਿਬ ਅਤੇ ਐਸ. ਅਸ਼ੋਕ ਭੌਰਾ ਵੱਲੋਂ ਗਲੋਬਲ ਪੰਜਾਬ ਟੀ. ਵੀ. ਤੇ ਲਾਈਵ ਦਿਖਾਇਆ ਗਿਆ। ਕਮੇਟੀ ਇਹਨਾਂ ਦਾ ਅਤੇ ਮੀਡੀਆ ਦਾ ਜਿਵੇਂ ਕਿ ਗੁਰਜਤਿੰਦਰ ਰੰਧਾਵਾ (ਪੰਜਾਬ ਮੇਲ), ਹੁਸਨ ਲੜੋਆ ਬੰਗਾ (ਅਜੀਤ) , ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ) ਅਤੇ ਰੇਡੀਓ ਪੰਜਾਬ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦੀ ਹੈ। ਸਮੂਹ ਸੰਗਤਾਂ ਅਤੇ ਸਾਰੀਆਂ ਰਵਿਦਾਸ ਸਭਾਵਾਂ ਅਤੇ ਵਾਲਮੀਕ ਸਭਾ ਯੂਬਾ ਸਿਟੀ, ਸਿੱਖ ਸੰਸਥਾਵਾਂ ਦਾ ਕਮੇਟੀ ਧੰ-ਨਵਾਦ ਕਰਦੀ ਹੈ। ਇਸ ਮਹਾਨ ਨਗਰ ਕੀਰਤਨ ਨੂੰ ਕਾਮਯਾਬ ਕਰਨ ਲਈ ਨੌਜਵਾਨ ਸਭਾ ਕਿਡਸ ਕਮੇਟੀ ਅਤੇ ਬੀਬੀਆਂ ਦਾ ਵੀ ਬਹੁਤ ਬਹੁਤ ਧੰਨਵਾਦ ਕਰਦੀ ਹੈ। ਸ਼ਨੀਵਾਰ ਅਤੇ ਐਤਵਾਰ ਸਟੇਜ ਦੀ ਸੇਵਾ ਰਾਜ ਸੂਦ ਅਤੇ ਰਮੇਸ਼ ਬੰਗੜ ਨੇ ਵਾਰੋ ਵਾਰੀ ਬਾਖੂਬੀ ਨਿਭਾਈ। ਹਰਦਿਆਲ ਬੰਗਾ ਜੋ ਹਰੇਕ ਸਾਲ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਦੀ ਸੇਵਾ ਲੈਂਦੇ ਹਨ। ਇਸ ਵਾਰ ਮੌਸਮ ਖਰਾਬ ਹੋਣ ਕਰਕੇ ਫੁੱਲਾਂ ਦੀ ਵਰਖਾ ਨਹੀਂ ਹੋ ਸਕੀ ਪਰ ਫਿਰ ਵੀ ਕਮੇਟੀ ਉਹਨਾਂ ਦਾ ਧੰਨਵਾਦ ਕਰਦੀ ਹੈ।

# ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਸੁਪਨਾ ਸਾਕਾਰ ਕਰਨ ਲਈ ਪੰਜਾਬ ਦੇ ਆਗੂਆਂ ਤੇ ਲੋਕਾਂ ਦਾ ਇਕਸੁਰ ਹੋਣਾ ਜ਼ਰੂਰੀ : ਮਾਇਆਵਤੀ

ਹੈਂ, ਦੇਸ਼ ਕੀ ਨੇਤਾ ਕੈਸੀ ਹੋ, ਮਾਇਆਵਤੀ ਜੈਸੀ ਹੋ' ਵਰਗੇ ਨਾਅਰੇ ਲਾ ਕੇ ਰੈਲੀ ਦਾ ਉਤਸ਼ਾਹ ਹੋਰ ਵੀ ਚਾਰ ਗੁਣਾਂ ਵਧਾ ਦਿੱਤਾ। ਦੋ ਵੱਜ ਕੇ 20 ਮਿੰਟ ਤੇ ਬਸਪਾ ਮੁਖੀ ਮੰਚ ਤੇ ਆਈ ਤੇ ਪੰਜਾਬ ਬਸਪਾ ਦੇ ਇੰਚਾਰਜ ਤੇ ਰਾਜ ਸਭਾ ਮੈਂਬਰ ਸ੍ਰੀ ਨਰਿੰਦਰ ਕਸ਼ਿਅਮ ਅਤੇ ਪੰਜਾਬ ਬਸਪਾ ਦੀ ਸਮੁੱਚੀ ਲੀਡਰਸ਼ਿਪ ਨੇ ਬਸਪਾ ਮੁਖੀ ਦਾ ਸਵਾਗਤ ਕੀਤਾ। ਦੋ ਵੱਜ ਕੇ 25 ਮਿੰਟ ਤੇ ਕੁਮਾਰੀ ਮਾਇਆਵਤੀ ਨੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਫੋਟੋ ਤੇ ਫੁੱਲਾਂ ਦਾ ਹਾਰ ਅਰਪਿਤ ਕੀਤਾ। ਪੂਰੇ ਢਾਈ ਵਜੇ ਕੁਮਾਰੀ ਮਾਇਆਵਤੀ ਨੇ ਮੰਚ ਤੋਂ ਸੰ-ਬੋਧਨ ਕਰਦਿਆਂ ਕਿਹਾ ਕਿ ਮੈਂ ਸਿੱਧੀ ਦਿੱਲੀ 'ਚੋਂ ਨਵਾਂ ਸ਼ਹਿਰ ਆਈ ਹਾਂ। ਇੱਥੇ ਆਉਣ ਤੋਂ ਪਹਿਲਾਂ ਮੈਂ ਰਾਜ ਸਭਾ ਵਿਚ ਗਈ ਤੇ ਉਥੇ ਮੈਂ ਜ਼ੋਰਦਾਰ ਢੰਗ ਨਾਲ ਇਹ ਮੰਗ ਕੀਤੀ ਕਿ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਇਸ ਮੁਲਕ ਦੇ ਦਲਿਤ ਸ਼ੋਸ਼ਿਤ ਲੋਕਾਂ ਨੂੰ ਜਾਗਰਿਤ ਕਰਨ ਦਾ ਜਿੰਨਾ ਕੰਮ ਕੀਤਾ, ਉਹ ਲਾਮਿਸਾਲ ਹੈ।

ਇਸ ਕਰਕੇ ਪੂਰਾ ਬਹੁਜਨ ਸਮਾਜ ਕੇਂਦਰ ਦੀ ਮੋਦੀ ਸਰਕਾਰ ਤੋਂ ਮੰਗ ਕਰਦਾ ਹੈ ਕਿ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਵੇ। ਬਸਪਾ ਮੁਖੀ ਨੇ ਯਾਦ ਕਰਵਾਇਆ ਕਿ ਜਦ ਕੇਂਦਰ ਵਿਚ ਵੀ. ਪੀ. ਸਿੰਘ ਦੀ ਸਰਕਾਰ ਨੇ ਕੇਂਦਰ ਵਿਚ ਆਪਣੀ ਸਰਕਾਰ ਚਲਾਉਣ ਲਈ ਬਸਪਾ ਤੋਂ ਸਹਿਯੋਗ ਮੰਗਿਆ ਸੀ ਤਾਂ ਬਸਪਾ ਨੇ ਬਦਲੇ ਵਿਚ ਇਕ ਸ਼ਰਤ ਰੱਖੀ ਸੀ ਕਿ ਪਹਿਲਾਂ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਜੀ ਨੂੰ ਭਾਰਤ ਰਤਨ ਦੀ ਉਪਾਧੀ ਦਿੱਤੀ ਜਾਵੇ ਤਾਂ ਸਾਡੀ ਇਹ ਸ਼ਰਤ ਵੀ. ਪੀ. ਸਰਕਾਰ ਨੇ ਤੁਰੰਤ ਮੰਨ ਲਈ ਸੀ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਆਉਣ ਬਾਰੇ ਉਹਨਾਂ ਕਿਹਾ ਕਿ ਹਾਲਾਂਕਿ ਮੈਨੂੰ ਅੱਜ ਉਤਰ ਪ੍ਰਦੇਸ਼ ਵਿਚ ਹੋਣਾ ਚਾਹੀਦਾ ਸੀ ਕਿਉਂਕਿ ਉਥੇ ਵੀ ਚੋਣਾਂ ਪੰਜਾਬ ਦੇ ਨਾਲ ਹੀ ਹਨ, ਪਰ ਫਿਰ ਵੀ ਪੰਜਾਬ ਉਹਨਾਂ ਦੀ ਜਨਮ ਭੂਮੀ ਸੀ, ਇਸ ਕਰਕੇ ਇੱਥੇ ਆਉਣਾ ਮੈਂ ਆਪਣਾ ਫਰਜ਼ ਸਮਝਦੀ ਹਾਂ। ਪੰਜਾਬ ਬਸਪਾ ਦੀ ਲੀਡਰਸ਼ਿਪ ਨੂੰ ਬਸਪਾ ਮੁਖੀ ਨੇ ਚਿਤਾਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਮਿਸ਼ਨਰੀ ਬਣਾਉਣ 'ਚ ਬਹੁਤ ਘਾਟ ਰੜਕਦੀ ਹੈ। ਸ਼ਾਇਦ ਇਸ ਕਰਕੇ ਜੇ ਨਵੀਂ ਪੀੜ੍ਹੀ ਨੂੰ ਪ੍ਰਮੋਟ ਕਰ ਦਿੱਤਾ ਤਾਂ ਕਿਤੇ ਸਾਡੀ ਨੇਤਾਗਿਰੀ ਨਾ ਜਾਂਦੀ ਲੱਗੇ। 2002 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 'ਚ ਹਾਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਾਰ ਤੋਂ ਬਾਅਦ ਕਾਂਸ਼ੀ ਰਾਮ ਜੀ ਐਨੇ ਦੁਖੀ ਹੋ ਗਏ ਸਨ ਕਿ ਸ਼ੂਗਰ ਦਾ ਵਧਣਾ ਤੇ ਜਾਂ ਹੋਰ ਬਿਮਾਰੀਆਂ ਨੇ ਆਪਣਾ ਤੇਜ਼ੀ ਨਾਲ ਜਾਲ ਬੁਣਨਾ ਸ਼ੁਰੂ ਕਰ ਦਿੱਤਾ ਸੀ। ਹੈਦਰਾਬਾਦ ਦੀ ਯੂਨੀਵਰਸਿਟੀ ਦੇ ਖੁਦਕੁਸ਼ੀ ਕਰਨ ਵਾਲੇ ਰੋਹਿਤ ਵੇਮੁੱਲਾ ਨੂੰ ਕੇਂਦਰ ਸਰਕਾਰ ਦੀ ਵੱਡੀ ਨਾਕਾਮੀ ਦੱਸਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੀ ਕਾਂਗਰਸ ਵਾਂਗ ਪੂੰਜੀਪਤੀਆਂ ਦੀ ਹੀ ਸਰਕਾਰ ਹੈ। ਹੁਣ ਜਿਸ ਤਰ੍ਹਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜਨਮ ਤਿਥੀ ਤੇ ਸਭ ਪਾਰਟੀਆਂ ਆਪਣੀ-ਆਪਣੀ ਹਾਜ਼ਰੀ ਲੁਆ ਰਹੀਆਂ ਹਨ, ਇਹ ਸਭ ਨਾਟਕ ਤੋਂ ਵੱਧ ਕੁਝ ਨਹੀਂ, ਕਿਉਂਕਿ ਸਭ ਤੋਂ ਵੱਧ ਇਹਨਾਂ ਪਾਰਟੀਆਂ ਨੇ ਹੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਦੀ ਵਿਰੋਧਤਾ ਕੀਤੀ ਸੀ। ਇਸੇ ਤਰ੍ਹਾਂ ਹੀ ਹੁਣ ਜਿਸ ਤਰ੍ਹਾਂ ਕਾਂਗਰਸ ਬਾਵਾ ਸਾਹਿਬ ਨੂੰ ਸਨਮਾਨ ਦੇ ਰਹੀ ਹੈ, ਇਸ ਤਰ੍ਹਾਂ ਬਾਵਾ ਸਾਹਿਬ ਦੇ ਜਿਉਂਦੇ ਜੀਅ ਸਭ ਤੋਂ ਵੱਧ ਕਾਂਗਰਸ ਨ ਹੀ ਰਾਹਾਂ 'ਚ ਕੰਡੇ ਵਿਛਾਏ ਸੀ। ਆਪਣੇ ਇਕ ਘੰਟੇ ਦੇ ਭਾਸ਼ਣ ਵਿਚ ਮਾਇਆਵਤੀ ਨੇ ਸਭ ਪਾਰਟੀਆਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇਹ ਪਾਰਟੀਆਂ ਦਲਿਤਾਂ ਦੀਆਂ ਵੋਟਾਂ ਬਟੋਰਨ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਦੀਆਂ ਹਨ ਪਰ ਕਰਦੀਆਂ ਕੁਝ ਵੀ ਨਹੀਂ। ਰੈਲੀ ਵਿਚ ਪਹੁੰਚੇ ਲੱਖਾਂ ਲੋਕਾਂ ਨੂੰ ਵੇਖ ਕੇ ਸਿਆਸੀ ਪੰਡਤ ਵੀ ਹੈਰਾਨ ਹਨ ਤੇ ਨਵੇਂ ਸਿਆਸੀ ਸਮੀਕਰਨ ਬਣਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਪੰਜਾਬ ਬਜਟ 'ਚ ਵਿੱਤੀ ਸੰਕਟ ਦੇ ਬਾਵਜੂਦ 1200 ਕਰੋੜ ਦੇ ਗੱਫੇ

ਵਿੱਚ ਖਾਸ ਕਰਕੇ ਨੌਜਵਾਨ, ਦਲਿਤ, ਕਿਸਾਨ ਅਤੇ ਮਹਿਲਾਵਾਂ ਸ਼ਾਮਲ ਹਨ। ਇਨ੍ਹਾਂ ਵਰਗਾਂ ਲਈ ਤਕਰੀਬਨ 1200 ਕਰੋੜ ਰੁਪਏ ਦਾ ਲਾਭ ਦਿੱਤਾ ਗਿਆ ਹੈ। ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਖ਼ਰੀਦੇ ਜਾਂਦੇ ਸਾਮਾਨ, ਸੂਰਾਂ ਦੀ ਖੁਰਾਕ ਨੂੰ ਵੈਟ ਤੋਂ ਛੋਟ ਦੇ ਦਿੱਤੀ ਗਈ ਹੈ। ਧਾਗੇ ਤੋਂ ਵੈਟ 6.05 ਤੋਂ ਘਟਾ ਕੇ 3.63 ਫੀਸਦੀ ਕਰ ਦਿੱਤੀ ਹੈ। ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਤੱਕ ਦੇ ਫਸਲੀ ਕਰਜ਼ੇ ਬਗ਼ੈਰ ਵਿਆਜ ਤੋਂ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਕਰਜ਼ੇ 'ਤੇ ਲੱਗਣ ਵਾਲੇ 4 ਫੀਸਦੀ ਵਿਆਜ ਦੀ ਅਦਾਇਗੀ ਸਰਕਾਰ ਵੱਲੋਂ ਕੀਤੀ ਜਾਵੇਗੀ ਤੇ ਇਹ ਕਰਜ਼ੇ ਸਹਿਕਾਰੀ ਬੈਂਕਾਂ ਤੋਂ ਹੀ ਲਏ ਜਾ ਸਕਣਗੇ। ਇਸ ਨਾਲ ਕਿਸਾਨਾਂ ਨੂੰ 200 ਕਰੋੜ ਰੁਪਏ ਦਾ ਸਾਲਾਨਾ ਲਾਭ ਹੋਵੇਗਾ। ਕਿਸਾਨਾਂ ਲਈ ਸ਼ੁਰੂ ਕੀਤੀ ਜਾਣ ਵਾਲੀ ਪੈਨਸ਼ਨ ਯੋਜਨਾ ਲਈ ਵਿੱਤ ਮੰਤਰੀ ਨੇ 100 ਕਰੋੜ ਰੁਪਏ ਦਾ ਹਿੱਸਾ ਪਾਉਣ ਦਾ ਐਲਾਨ ਕੀਤਾ ਹੈ।

# ਰਾਖਵਾਂਕਰਨ ਦਲਿਤਾਂ ਲਈ ਜ਼ਰੂਰੀ ਕਿਉਂ ?

ਕੁਲਵੰਤ ਸਿੰਘ ਟਿੱਬਾ
91-92179-71379

ਭਾਰਤ ਅੰਦਰ ਜਾਤੀ ਅਧਾਰ ਤੇ ਸਮਾਜਿਕ ਤੌਰ ਤੇ ਪਛੜ ਚੁੱਕੇ ਦਲਿਤ ਲੋਕਾਂ ਲਈ ਰਾਖਵਾਂਕਰਣ ਦੇਣ ਦੀ ਵਿਵਸਥਾ ਕੀਤੀ ਗਈ ਸੀ। ਜੋ ਪੰਜ ਹਜਾਰ ਸਾਲਾਂ ਤੱਕ ਜਾਤੀ ਘ੍ਰਿਣਾਂ ਦਾ ਸਿਕਾਰ ਰਹੇ ਅਤੇ ਉਹਨਾਂ ਨੂੰ ਪੜਨ-ਲਿਖਣ, ਧਾਰਮਿਕ ਪਾਠ ਪੂਜਾ ਅਤੇ ਹੋਰ ਵੀ ਅਨੇਕ ਕਾਰਜ ਕਰਨ ਤੇ ਪਾਬੰਦੀ ਲੱਗੀ ਰਹੀ , ਜਿਸ ਦੇ ਸਿੱਟੇ ਵਜੋਂ ਦਲਿਤਾਂ ਦੀ ਜੀਵਨ ਸੈਲੀ ਕੁੱਤਿਆਂ ਬਿੱਲਿਆਂ ਨਾਲੋਂ ਵੀ ਬਦਤਰ ਹੋ ਗਈ ਸੀ। ਦਲਿਤ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਅਤੇ ਦਿਸ਼ਾ ਬਦਲਣ ਅਤੇ ਦਲਿਤਾਂ ਦਾ ਮਾਣ ਸਨਮਾਨ ਬਹਾਲ ਕਰਨਾ ਹੀ ਜਾਤੀ ਅਧਾਰਤ ਰਾਖਵਾਂਕਰਣ ਵਿਵਸਥਾ ਦਾ ਮੁੱਖ ਮੰਤਵ ਸੀ। ਪਰ ਮੌਜੂਦਾ ਹਾਲਤ ਵਿੱਚ ਉੱਚ ਜਾਤਾਂ ਵੱਲੋਂ ਵੀ ਰਾਖਵਾਂਕਰਣ ਦੀ ਮੰਗ ਬੜੀ ਤੇਜੀ ਨਾਲ ਉਠ ਰਹੀ ਹੈ ਜੋ ਕਿਸੇ ਵੀ ਤਰਾਂ ਜਾਇਜ ਨਹੀਂ ਹੈ। ਭਾਰਤ ਅੰਦਰ ਜਾਤੀ ਅਧਾਰਿਤ ਰਾਖਵਾਂਕਰਨ ਨੂੰ ਲੈ ਕੇ ਵੱਡੀ ਪੱਧਰ ਤੇ ਬਹਿਸ ਚੱਲ ਰਹੀ ਹੈ।

ਅਸਲ ਵਿੱਚ ਇਹ ਬਹਿਸ ਇਸ ਲਈ ਨਿਰਅਧਾਰ ਹੈ ਕਿਉਂਕਿ ਜ਼ਿਆਦਾਤਰ ਲੋਕ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਅਨੁਸਾਰ ਜਾਤੀ ਅਧਾਰਿਤ ਰਾਖਵਾਂਕਰਨ ਦੇ ਸੰਵਿਧਾਨਿਕ ਹੱਕ ਨੂੰ ਸਮਝ ਨਹੀ ਸਕੇ। ਉਹ ਰਾਖਵਾਂਕਰਨ ਨੂੰ ਭੀਖ ਵਜੋਂ ਪ੍ਰਚਾਰ ਰਹੇ ਹਨ ਜਦਕਿ ਜਾਤੀ ਅਧਾਰਿਤ ਰਾਖਵਾਂਕਰਨ ਦਲਿਤਾਂ ਦਾ ਸੰਵਿਧਾਨਕ ਹੱਕ ਹੈ। ਬਹਿਸ ਸ਼ੁਰੂ ਕਰਨ ਤੋ ਪਹਿਲਾਂ ਸਾਨੂੰ ਸਮੁੱਚੇ ਪਹਿਲੂਆਂ ਦੀ ਸਮਝ ਹੋਣੀ ਚਾਹੀਦੀ ਹੈ।

ਭਾਰਤ ਵਿੱਚ ਪਹਿਚਾਣ ਜਾਤ ਅਧਾਰਿਤ, ਰਹਾਇਸ਼ ਜਾਤ ਅਧਾਰਿਤ, ਮੰਦਰ ਗੁਰਦੁਆਰੇ ਜਾਤ ਅਧਾਰਿਤ, ਵਿਆਹ ਸਾਦੀਆਂ ਜਾਤ ਅਧਾਰਿਤ, ਕੁੜਮਚਾਰੀ ਜਾਤ ਅਧਾਰਿਤ, ਸ਼ਮਸ਼ਾਨਘਾਟ ਜਾਤ ਅਧਾਰਿਤ, ਖਾਪ ਪੰਚਾਇਤਾਂ ਜਾਤ ਅਧਾਰਿਤ, ਵੋਟ ਦਿੱਤੀ ਜਾਂਦੀ ਹੈ ਜਾਤ ਦੇਖ ਕੇ. ਜੁਲਮ ਕੀਤੇ ਜਾਂਦੇ ਹਨ ਜਾਤ ਦੇਖ ਕੇ. ਈਰਖਾ ਕੀਤੀ ਜਾਂਦੀ ਹੈ ਜਾਤ ਦੇਖ ਕੇ.ਫਿਰ ਰਾਖਵਾਂਕਰਨ ਆਰਥਿਕ ਅਧਾਰ ਤੇ ਕਿਉਂ ਮੰਗਿਆ ਜਾ ਰਿਹਾ ਹੈ। ਇਹ ਗੱਲ ਸਮਝ ਤੋਂ ਪਰੇ ਹੈ।

ਦਲਿਤਾਂ ਨੂੰ ਰਾਖਵਾਂਕਰਨ ਕੋਈ ਭੀਖ ਵਜੋਂ ਨਹੀ ਮਿਲਿਆ ਸਗੋਂ ਇਸ ਨੂੰ ਪ੍ਰਾਪਤ ਕਰਨ ਲਈ ਦਲਿਤਾਂ ਨੇ ਆਪਣੀ ਸਭ ਤੋ ਵੱਡੀ ਪ੍ਰਾਪਤੀ ਦੋਹਰੀ ਵੋਟ ਦੇ ਅਧਿਕਾਰ ਨੂੰ ਛੱਡਿਆ ਹੈ। ਪੂਨੇ ਦੀ ਯਰਵੜਾ ਜੇਹਲਾਂ ਵਿੱਚ ਮਹਾਤਮਾ ਗਾਂਧੀ ਨੇ ਦਲਿਤਾਂ ਨੂੰ ਦੋਹਰੀ ਵੋਟ ਦੇ ਅਧਿਕਾਰ ਦੇ ਵਿਰੋਧ ਵਿੱਚ ਮਰਨ ਸ਼ੁਰੂ ਕੀਤਾ ਅਤੇ ਇਸ ਪਿੱਛੋਂ 24 ਸਤੰਬਰ 1932 ਨੂੰ ਮਹਾਤਮਾ ਗਾਂਧੀ ਅਤੇ ਡਾ. ਬੀ.ਆਰ. ਅੰਬੇਡਕਰ ਵਿਚਕਾਰ ਪੂਨਾ ਪੈਕਟ ਨਾਂ ਦੇ ਸਮਝੌਤੇ ਤਹਿਤ ਹੀ ਦਲਿਤਾਂ ਨੂੰ ਰਾਖਵਾਂਕਰਨ ਮਿਲਿਆ ਹੈ। ਇਸ ਸਮਝੌਤੇ ਤੇ ਪੰਡਿਤ ਮਦਨ ਮੋਹਨ ਮਾਲਵੀਆ, ਡਾ.ਰਾਜਿੰਦਰ ਪ੍ਰਸਾਦ, ਐਮ.ਸੀ.ਰਾਜਾ, ਦੇਵਦਾਸ ਗਾਂਧੀ, ਰਾਜ ਗੋਪਾਲਚਾਰੀਆ, ਰਾਉ ਬਹਾਦਰ ਆਦਿ ਨੇ ਦਸਤਖ਼ਤ ਕੀਤੇ ਸਨ। ਜਾਤੀ ਅਧਾਰਿਤ ਰਾਖਵਾਂਕਰਨ ਦਾ ਵਿਰੋਧ ਕਰਨ ਵਾਲੇ ਅਕਸਰ ਇਹ ਦਲੀਲ ਦਿੰਦੇ ਹਨ ਕਿ ਯੂਰਪ ਦੇ ਦੇਸਾਂ ਸਮੇਤ ਜ਼ਿਆਦਾਤਰ ਮੁਲਕਾਂ ਵਿੱਚ ਜਾਤੀ ਅਧਾਰਿਤ ਰਾਖਵਾਂਕਰਨ ਨੀਤੀ ਨਹੀਂ ਹੈ ਅਤੇ ਉੱਥੇ ਸਭ ਨੂੰ ਸਮਾਨ ਮੌਕੇ ਮਿਲਦੇ ਹਨ ਅਤੇ ਉਹ ਦੇਸ ਇਸ ਲਈ ਹੀ ਤਰੱਕੀ ਦੀ ਰਾਹ ਤੇ ਹਨ। ਰਾਖਵਾਂਕਰਨ ਵਿਰੋਧੀ ਰਾਖਵਾਂਕਰਨ ਨੂੰ ਦੇਸ ਦੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਮੰਨਦੇ ਹਨ। ਪਰ ਇਹ ਦਲੀਲ ਦਿੰਦੇ ਸਮੇਂ ਇਹ ਗੱਲ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ ਕਿ ਯੂਰਪ ਸਮੇਤ ਹੋਰਨਾਂ ਮੁਲਕਾਂ ਵਿੱਚ ਇਸ ਲਈ ਜਾਤੀ ਅਧਾਰਿਤ ਰਾਖਵਾਂਕਰਨ ਨਹੀਂ ਹੈ, ਕਿਉਂਕਿ ਉੱਥੇ ਜਾਤਪਾਤ, ਛੂਆਛਾਤ ਅਤੇ ਊਚ-ਨੀਚ ਹੀ ਨਹੀਂ ਹੈ।

ਜਦਕਿ ਇਸਦੇ ਉਲਟ ਭਾਰਤ ਵਿੱਚ ਵੱਡੇ ਪੱਧਰ ਤੇ ਜਾਤਪਾਤ ਹੈ ਅਤੇ ਸਾਡੇ ਦੇਸ ਵਿੱਚ 6743 ਜਾਤਾਂ ਹਨ, ਜਿਹਨਾਂ ਦੀਆਂ ਅੱਗੇ ਜਾ ਕੇ ਹੋਰ ਉਪ ਜਾਤਾਂ ਹਨ। ਜਾਤ ਅਧਾਰਿਤ ਰਾਖਵਾਂਕਰਨ ਦੀ ਜਰੂਰਤ ਕਿਉਂ ਪਈ ਸਾਨੂੰ ਇਸ ਪਹਿਲੂ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਸਦੀਆਂ ਤੋਂ ਹੀ ਮਨੂੰਵਾਦੀ ਵਿਵਸਥਾ ਦੇ ਚਲਦਿਆ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ ਅਤੇ ਪਿਛੜੇ ਵਰਗ ਨਾਲ ਸਬੰਧਿਤ ਜਾਤੀ ਦੇ ਲੋਕਾਂ ਨੂੰ ਸਦੀਆਂ ਤੋ ਸਿੱਖਿਆ, ਰਾਜਨੀਤੀ, ਧਾਰਮਿਕ ਅਤੇ ਆਰਥਿਕ ਖੇਤਰਾਂ ਵਿੱਚ ਸ਼ਮੂਲੀਅਤ ਪਾਬੰਦੀਸੁਦਾ ਹੋਣ ਤੋਂ ਇਲਾਵਾ ਉਕਤ ਵਰਗਾਂ ਦੇ ਲੋਕਾਂ ਨਾਲ ਜਾਤੀ ਅਧਾਰਿਤ ਵਿਤਕਰਾ ਕੀਤਾ ਜਾਂਦਾ ਰਿਹਾ ਅਤੇ ਜਿਸ ਦੇ ਸਿੱਟੇ ਵਜੋਂ ਦਲਿਤ ਲੋਕਾਂ ਲਈ ਸਮਾਨਤਾ ਦੇ ਮੌਕੇ ਪ੍ਰਦਾਨ ਹੀ 2ਜਹ ਕੀਤੇ ਗਏ ਅਤੇ ਉਹ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਤੌਰ ਤੇ ਪਿਛਾਂਹ ਧੱਕ ਦਿੱਤੇ ਗਏ। ਇਸ ਲਈ ਹੀ ਭਾਰਤ ਵਿੱਚ ਜਾਤੀ ਅਧਾਰਿਤ ਰਾਖਵਾਂਕਰਨ ਹੈ। ਇਸ ਪਹਿਲੂ ਨੂੰ ਗੰਭੀਰਤਾ ਨਾਲ ਸਮਝਣ ਦੀ ਵਧੇਰੇ ਲੋੜ ਹੈ।

ਜਾਤੀ ਅਧਾਰਿਤ ਰਾਖਵਾਂਕਰਨ ਭਾਰਤ ਵਿੱਚ ਦੇਸ ਦੀ ਆਜ਼ਾਦੀ ਤੋਂ ਬਾਅਦ ਨਹੀਂ ਸਗੋਂ ਪੰਜ ਹਜਾਰ ਸਾਲ ਪਹਿਲਾਂ ਤੋਂ ਚੱਲਿਆ ਆ ਰਿਹਾ। ਭਾਰਤ ਵਿੱਚ ਉੱਚ ਜਾਤਾਂ ਦੇ ਲੋਕ ਹੀ ਸਿੱਖਿਆ ਪ੍ਰਾਪਤ ਕਰ ਸਕਦੇ ਸੀ, ਦਲਿਤ ਨਹੀਂ। ਹਿੰਦੂ ਹੀ ਪੂਜਾ ਪਾਠ ਕਰ ਸਕਦੇ ਸੀ, ਦਲਿਤ ਨਹੀਂ। ਵੈਸ ਹੀ ਵਪਾਰ ਕਰ ਸਕਦੇ ਸੀ, ਦਲਿਤ ਨਹੀਂ। ਉੱਚ ਜਾਤਾਂ ਹੀ ਸਿੱਖਿਆ, ਧਾਰਮਿਕ, ਆਰਥਿਕ ਅਤੇ ਰਾਜਨੀਤੀ ਦੇ ਖੇਤਰਾਂ ਵਿੱਚ ਪੂਰੀ ਤਰਾਂ ਕਾਬਜ਼ ਸੀ, ਜੇਕਰ ਦਲਿਤਾਂ ਨੂੰ ਕੋਈ ਅਧਿਕਾਰ ਸੀ ਤਾਂ ਉਹ ਸਿਰਫ਼ ਬ੍ਰਾਹਮਣ, ਖੱਤਰੀ ਅਤੇ ਵੈਸ ਦੀ ਸੇਵਾ ਕਰਨਾ ਭਾਵ ਉੱਚ ਜਾਤਾਂ ਦੀ ਗੁਲਾਮੀ ਕਰਨਾ ਸੀ। ਇਸਤੋਂ ਵੱਧ ਹੋਰ ਕੁੱਝ ਨਹੀ। ਫਿਰ ਇਹ ਰਾਖਵਾਂਕਰਨ ਨਹੀਂ ਤਾਂ ਹੋਰ ਕੀ ਸੀ। ਦਲਿਤ ਵਿਰੋਧੀ ਸਕਤੀਆਂ ਰਾਖਵਾਂਕਰਣ ਨੂੰ ਜਾਤੀ ਅਧਾਰ ਦੀ ਥਾਂ ਆਰਥਿਕ ਅਧਾਰ 'ਤੇ ਲਾਗੂ ਕਰਨ ਲਈ ਤਰਲੋਮੱਛੀ ਹੋ ਰਹੀਆਂ ਹਨ। ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹਿਦੀ ਕਿ ਦਲਿਤ ਲੋਕਾਂ ਨਾਲ ਛੂਆਛਾਤ ਆਰਥਿਕ ਅਧਾਰ 'ਤੇ ਨਹੀਂ ਸਗੋਂ ਜਾਤੀ ਅਧਾਰ 'ਤੇ ਹੁੰਦਾ ਰਿਹਾ ਹੈ। ਜਿਸ ਕਰਕੇ ਦਲਿਤ ਲੋਕ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜ ਗਏ। ਰਾਖਵਾਂਕਰਨ ਤੋਂ ਬਿਨਾਂ ਜਾਤੀ ਅਧਾਰਿਤ ਸਮਾਜ ਵਿਚ ਬਰਾਬਰਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

# ਰਿਜ਼ਰਵੇਸ਼ਨ ਕੋਈ ਭੀਖ ਨਹੀਂ ਬਲਕਿ ਅਧਿਕਾਰ ਹੈ

ਆਧੁਨਿਕ ਸੰਵਿਧਾਨ ਦੇ ਨਿਰਮਾਤਾ ਅੰਬੇਦਕਰ ਨੇ ਸਭ ਤੋਂ ਪਹਿਲਾਂ 25 ਦਸੰਬਰ 1927 ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ ਇਸ 'ਮਨੂੰਸਿਮ੍ਰਤੀ' ਨਾਮੀ ਸੰਵਿਧਾਨ ਨੂੰ ਸਾੜ ਦਿੱਤਾ, ਕਿਉਂਕਿ ਹੁਣ ਇਸ ਸੰਵਿਧਾਨ ਦੀ ਕੋਈ ਲੋੜ ਨਹੀਂ ਸੀ। ਭਾਰਤੀ ਸੰਵਿਧਾਨ ਵਿਚ ਰਿਜ਼ਰਵੇਸ਼ਨ ਦੀ ਵਿਵਸਥਾ ਇਸ ਕਰਕੇ ਕੀਤੀ ਗਈ ਕਿਉਂਕਿ ਇਸ ਦੇਸ਼ ਦੀ 85 ਪ੍ਰਤੀਸ਼ਤ ਸ਼ੂਦਰ ਜਨਸੰਖਿਆ ਨੂੰ ਕੋਈ ਵੀ ਮੌਲਿਕ ਅਧਿਕਾਰ ਤੱਕ ਪ੍ਰਾਪਤ ਨਹੀਂ ਸੀ, ਜਨਤਕ ਥਾਵਾਂ ਤੇ ਇਹ ਨਹੀਂ ਜਾ ਸਕਦੇ ਸਨ, ਮੰਦਰ ਵਿਚ ਇਹਨਾਂ ਦਾ ਪ੍ਰਵੇਸ਼ ਵਰਜਿਤ ਸੀ, ਸਰਕਾਰੀ ਨੌਕਰੀਆਂ ਇਹਨਾਂ ਦੇ ਲਈ ਨਹੀਂ ਸ.। ਇਹ ਕੋਈ ਵਪਸਾਰ ਨਹੀਂ ਕਰ ਸਕਦੇ ਸਨ, ਪੜ੍ਹ ਨਹੀਂ ਸਦਕੇ ਸਨ, ਕਿਸੇ 'ਤੇ ਮੁਕੱਦਮਾ ਨਹੀਂ ਕਰ ਸਕਦੇ ਸਨ, ਧਨ ਜਮ੍ਹਾ ਕਰਨਾ ਇਹਨਾਂ ਦੇ ਲਈ ਅਪਰਾਧ ਸੀ, ਇਹ ਲੋਕ ਟੁੱਟੀਆਂ ਫੁੱਟੀਆਂ ਝੌਂਪੜੀਆਂ ਵਿਚ ਬਦਬੂਦਾਰ ਥਾਵਾਂ 'ਤੇ, ਕਿਸੇ ਤਰ੍ਹਾਂ ਆਪਣੀਆਂ ਜ਼ਿੰਦਗੀਆਂ ਨੂੰ ਘਸੀਟਦੇ ਹੋਏ ਕੱਟ ਰਹੇ ਸਨ ਅਤੇ ਇਹ ਸਭ ਮਨੂਸਿਮ੍ਰਤੀ ਅਤੇ ਦੂਜੇ ਹਿੰਦੂ ਧਰਮਸ਼ਾਸਤਰੀਆਂ ਦੇ ਕਾਰਨ ਹੀ ਹੋ ਰਿਹਾ ਸੀ।

ਕੁਝ ਉਦਾਹਰਣਾਂ ਦੇਖੋ:-

1. ਸੰਸਾਰ ਵਿਚ ਜੋ ਕੁਝ ਵੀ ਹੈ ਸਭ ਬ੍ਰਾਹਮਣਾਂ ਦੇ ਲਈ ਹੈ ਕਿਉਂਕਿ ਉਹ ਜਨਮ ਤੋਂ ਹੀ ਸ਼੍ਰੇਸਠ ਹਨ (ਮਨੂੰ ਸ੍ਰਿਮਤੀ)
2. ਸਵਾਮੀ ਦੁਆਰਾ ਛੱਡਿਆ ਗਿਆ ਸ਼ੂਦਰ ਵੀ ਦਾਸਤਾ ਤੋਂ ਮੁਕਤ ਨਹੀਂ ਕਿਉਂਕਿ ਇਏ ਉਸਦਾ ਕਰਮ ਹੈ, ਜਿਸ ਤੋਂ ਕੋਈ ਨਹੀਂ ਛੁਡਾ ਸਕਦਾ।
3. ਜੇਕਰ ਕੋਈ ਨੀਵੀ ਜਾਤੀ ਦਾ ਵਿਅਕਤੀ ਉਚੀ ਜਾਤੀ ਦਾ ਕਰਮ ਅਪਣਾ ਲਵੇ ਤਾਂ ਰਾਜਾ ਉਸ ਨੂੰ ਦੇਸ਼ ਨਿਕਾਲਾ ਦੇ ਦੇਵੇ।
4. ਬਿੱਲੀ, ਨੇਵਲਾ ਚਿੜੀਆ, ਡੱਡੂ, ਗਧਾ, ਉਲੂ ਅਤੇ ਕਾਂ ਦੀ ਹੱਤਿਆ ਵਿਚ ਜਿੰਨਾ ਪਾਪ ਲੱਗਦਾ ਹੈ, ਉਨਾ ਹੀ ਪਾਪ ਸ਼ੂਦਰ (ਅਨੁਸੂਚਿਤ ਜਾਤੀ, ਜਨਜਾਤੀ ਅਤੇ ਅਤੀ ਪੱਛੜੇ ਵਰਗ) ਦੀ ਹੱਤਿਆ ਵਿਚ ਵੀ ਹੈ।
5. ਸ਼ੂਦਰ ਦਾ ਧਨ ਬ੍ਰਾਹਮਣ ਬੇਝਿਜਕ ਖੋਹ ਸਕਦਾ ਹੈ ਕਿਉਂਕਿ ਉਸਨੂੰ ਧਨ ਰੱਖਣ ਦਾ ਅਧਿਕਾਰ ਨਹੀਂ ਹੈ।
7. ਜੋ ਚੰਗੇ ਕਰਮ ਕਰਦੇ ਹਨ ਉਹ ਬ੍ਰਾਹਮਣ, ਖੱਤਰੀ, ਵੈਸ਼ ਇਹਨਾਂ ਤਿੰਨਾਂ ਜਾਤੀਆਂ ਨੂੰ ਪ੍ਰਾਪਤ ਹੁੰਦੇ ਹਨ ਜੋ ਬੁਰੇ ਕਰਮ ਕਰਦੇ ਹਨ ਉਹ ਕੁੱਤੇ, ਸੂਰ ਜਾਂ ਸ਼ੂਦਰ ਜਾਤੀ ਨੂੰ ਪ੍ਰਾਪਤ ਹੁੰਦੇ ਹਨ (ਛਾਨਦੋਗ ਉਪਨਿਸ਼ਦ 5/10/7)
8. ਪੂਜੀਏ ਵਿਸ਼ਵ ਗਿਆਨ ਗੁਣ ਹੀਨਾ, ਸ਼ੂਦਰ ਨਾ ਪੂਜੀਏ ਗਯਾਨ ਪ੍ਰਵੀਨਾ (ਰਾਮਚਰਿਤ ਮਾਨਸ)
9. ਬ੍ਰਾਹਮਣ ਦੁਸ਼ਚਰਿੱਤਰ ਵੀ ਪੂਜਣਯੋਗ ਹੈ ਅਤੇ ਸ਼ੂਦਰ ਜਿਤੇਂਦੀਏ ਹੋਣ ਤੇ ਵੀ ਤ੍ਰਿਸਕਾਰ ਦੇ ਯੋਗ ਹੈ। (ਪਰਾਸ਼ਰ ਸਿਮ੍ਰਤੀ)
10. ਧਾਰਮਿਕ ਮਨੁੱਖ ਇਹਨਾਂ ਨੀਚ ਜਾਤੀ ਵਾਲਿਆਂ ਦੇ ਨਾਲ ਗੱਲਬਾਤ ਨਾ ਕਰਨ, ਉਹਨਾਂ ਨੂੰ ਨ ਾ ਦੇਖਣ।
11. ਧੋਬੀ, ਨਾਈ, ਤਰਖਾਣ, ਘੁੰਮਿਆਰ, ਨਟ, ਨਟ, ਚੰਡਾਲ, ਦਾਸ ਚਾਮਰ, ਭਾਟ, ਭੀਲ, ਇਹਨਾਂ ਤੇ ਨਜ਼ਰ ਪੈ ਜਾਵੇ ਤਾਂ ਸੂਰਜ ਵੱਲ ਦੇਖਣਾ ਚਾਹੀਦਾ ਹੈ ਅਤੇ ਇਹਨਾਂ ਨਾਲ ਗੱਲਬਾਤ ਹੋ ਜਾਵੇ ਤਾਂ ਇਸ਼ਨਾਨ ਕਰਨਾ ਚਾਹੀਦਾ ਹੈ।
12. ਜੇਕਰ ਕੋਈ ਸ਼ੂਦਰ ਵੇਦ ਮੰਤਰ ਸੁਣ ਲਵੇ ਤਾਂ ਉਸਦੇ ਕੰਨ ਵਿਚ ਧਾਤੂ ਪਿਘਲਾ ਕੇ ਪਾ ਦੇਣੀ ਚਾਹੀਦੀ ਹੈ (ਗੌਤਮ ਧਰਮ ਸੂਤਰ 2/3/4

ਇਹ ਉਹਨਾਂ ਨਿਯਮ ਕਾਨੂੰਨਾਂ ਦੀਆਂ ਉਦਾਹਰਣਾਂ ਮਾਤਰ ਸਨ, ਜੋ ਆਜ਼ਾਦ ਭਾਰਤ ਤੋਂ ਪਹਿਲਾਂ ਦੇਸ਼ ਵਿਚ ਲਾਗੂ ਸਨ। ਇਹ ਅੰਗਰੇਜ਼ਾਂ ਦੇ ਬਣਾਏ ਕਾਨੂੰਨ ਨਹੀਂ ਸਨ, ਇਹ ਹਿੰਦੂ ਧਰਮ ਦੁਆਰਾ ਬਣਾਏ ਕਾਨੂੰਨ ਸਨ, ਜਿਸਦਾ ਸਾਰੇ ਹਿੰਦੂ ਰਾਜੇ ਪਾਲਣ ਕਰਦੇ ਸਨ।

ਆਰੰਭ ਵਿਚ ਤਾਂ ਇਹਨਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਦੇ ਲਈ ਸਾਰੇ ਰਾਜਿਆਂ ਦੇ ਬ੍ਰਾਹਮਣਾਂ ਦੀ ਦੇਖਭਾਲ ਵਿਚ ਇਕ ਵਿਸ਼ੇਸ਼ ਦਲ ਵੀ ਹੋਇਆ ਕਰਦਾ ਸੀ।

ਇਹਨਾਂ ਨਿਯਮਾਂ ਦੇ ਫਲਸਰੂਪ ਭਾਰਤ ਵਿਚ ਇੱਥੋਂ ਦੀ ਵਿਸ਼ਾਲ ਜਨਸੰਖਿਆ ਦੇ ਲਈ ਉਨਤੀ ਦੇ ਸਾਰੇ ਦਰਵਾਜੇ ਬੰਦ ਕਰ ਦਿੱਤੇ ਗਏ ਜਾਂ ਇਹਨਾਂ ਦੇ ਕਾਰਨ ਬੰਦ ਹੋ ਗਏ, ਸਾਰੇ ਅਧਿਕਾਰ ਜਾਂ ਵਿਸ਼ੇਸ਼ ਅਧਿਕਾਰ, ਸਰੋਤ ਅਤੇ ਸਹੂਲਤਾਂ ਕੁਝ ਲੋਕਾਂ ਦੇ ਹੱਥਾਂ ਵਿਚ ਹੀ ਸਿਮਟ ਕੇ ਰਹਿ ਗਈਆਂ, ਜਿਸਦੇ ਨਤੀਜੇ ਵਜੋਂ ਭਾਰਤ ਗੁਲਾਮ ਹੋਇਆ।

ਭਾਰਤ ਦੀ ਇਸ ਗੁਲਾਮੀ ਨੇ ਉਹਨਾਂ ਕਰੋੜਾਂ ਲੋਕਾਂ ਨੂੰ ਆਜ਼ਾਦੀ ਦਾ ਮੌਕਾ ਪ੍ਰਦਾਨ ਕੀਤਾ ਜੋ ਇੱਥੇ ਸ਼ੂਦਰ ਬਣਾ ਦਿੱਤੇ ਗਏ ਸਨ, ਇਸ ਤਰ੍ਹਾਂ ਧਰਮ ਤਬਦੀਲੀ ਦਾ ਸਿਲਸਿਲਾ ਆਰੰਭ ਹੋਇਆ। ਵੱਡੀ ਗਿਣਤੀ ਵਿਚ ਲੋਕਾਂ ਨੇ ਇਸਲਾਮ ਅਤੇ ਇਸਾਈਅਤ ਨੂੰ ਸਵੀਕਾਰ ਕੀਤਾ। ਅੰਗਰੇਜ਼ਾਂ ਦੇ ਰਾਜ ਕਾਲ ਵਿਚ ਉਨੀਵੀਂ ਸਦੀ ਦੇ ਸ਼ੁਰੂ ਤੋਂ ਇੱਥੇ ਪੁਨਰ ਜਾਗਰਣ ਕਾਲ ਦਾ ਜਨਮ ਹੋਇਆ, ਜਿਸਦੇ ਨਾਇਕ ਇੱਥੋਂ ਦੇ ਉਚ ਵਰਗੀ ਲੋਕ ਸਨ ਜੋ ਅੰਗਰੇਜ਼ੀ ਸਿੱਖਿਆ, ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋ ਕੇ ਦੇਸ਼ ਵਿਚ ਤਬਦੀਲੀ ਲਿਆਉਣ ਲਈ ਕੋਸ਼ਿਸ਼ ਕਰ ਰਹੇ ਸਨ।

ਸਤੀ ਪ੍ਰਥਾ ਨੂੰ ਖਤਮ ਕੀਤਾ ਗਿਆ। ਇਸਤਰੀ ਸਿੱਖਿਆ ਦੇ ਦਰਵਾਜ਼ੇ ਖੋਲ੍ਹੇ ਗਏ। ਸ਼ੂਦਰਾਂ ਨੂੰ ਨੌਕਰੀਆਂ ਵਿਚ ਥਾਂ ਦਿੱਤੀ ਜਾਣ ਲੱਗੀ ਅਤੇ ਕਿੰਨੀ ਹੀ ਮਾੜੀਆਂ ਪ੍ਰਥਾਵਾਂ ਤੇ ਪਾਬੰਦੀ ਲਗਾ ਦਿੱਤੀ ਗਈ, ਕਈ ਪਰਿਵਰਤਨਸ਼ੀਲ, ਸੰਗਠਨਾਂ ਦਾ ਜਨਮ ਹੋਇਆ। ਅਜਿਹੇ ਹੀ ਸਮੇਂ ਵਿਚ ਅੰਬੇਡਕਰ ਦਾ ਜਨਮ ਹੋਇਆ, ਸਮਾਜ ਵਿਚ ਕਈ ਤਬਦੀਲੀਆਂ ਹੋਈਆਂ ਪਰ ਹਾਲੇ ਵੀ ਸ਼ੂਦਰਾਂ ਦੇ ਜੀਵਨ ਤੇ ਇਸਦਾ ਕੋਈ ਖਾਸ ਅਸਰ ਨਾ ਹੋਇਆ।

ਅੰਬੇਡਕਰ ਦਾ ਜੀਵਨ ਸੰਘਰਸ਼ ਇਸ ਗੱਲ ਦੀ ਉਦਾਹਰਣ ਹੈ। ਅੰਬੇਡਕਰ ਆਪਣੇ ਸਮੇਂ ਦੇ ਵਿਸ਼ਵ ਦੇ ਪੰਜ ਸਭ ਤੋਂ ਵੱਡੇ ਵਿਦਵਾਨਾਂ ਵਿਚੋਂ ਇਕ ਸਨ। ਆਪਣੇ ਜੀਵਨ ਦੇ ਕਈ ਤਜਰਬਿਆਂ ਨੂੰ ਧਿਆਨ ਵਿਚ ਰੱਖ ਕੇ ਉਹਨਾਂ ਨੇ ਆਪਣਾ ਸੰਪੂਰਨ ਜੀਵਨ ਸਦੀਆਂ ਤੋਂ ਹਿੰਦੂ ਧਰਮ ਦੁਆਰਾ ਦਲਿਤ, ਸ਼ੋਸ਼ਿਤ ਬਹੁਗਿਣਤੀ ਲੋਕਾਂ ਦੇ ਕਲਿਆਣ ਨੂੰ ਸਮਰਪਿਤ ਕਰਦੇ ਹੋਏ ਲੰਮੇ ਸੰਘਰਸ਼ ਵਿਚ ਲਗਾ ਦਿੱਤਾ, ਜਿਸ ਕਾਰਨ ਦੁਨੀਆਂ ਨੂੰ ਪਹਿਲੀ ਵਾਰ ਭਾਰਤ ਦੇ ਇਸ ਮਹਾਨ ਸ਼ਰਾਪ ਦਾ ਗਿਆਨ ਹੋਇਆ ਅਤੇ ਪਸ਼ੂਆਂ ਦਾ ਜੀਵਨ ਬਤੀਤ ਕਰ ਰਹੇ ਉਹਨਾਂ ਕਰੋੜਾਂ ਲੋਕਾਂ ਨੂੰ ਸਵੈਮਾਣ ਨਾਲ ਜੀਵਨ ਜਿਊਣ ਦੀ ਇੱਛਾ ਪੈਦਾ ਹੋਈ। ਉਹਨਾਂ ਨੇ ਆਪਣੇ ਜੀਵਨ ਦੇ ਕੀਮਤੀ ਕਈ ਸਾਲ ਹਿੰਦੂ ਸਮਾਜ, ਹਿੰਦੂ ਧਰਮ, ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਧਰਮ ਸ਼ਾਸਤਰਾਂ ਦੇ ਅਧਿਐਨ ਵਿਚ ਲਗਾਏ।

ਅਜਿਹੇ ਹਾਲਾਤਾਂ ਵਿਚ ਜੇਕਰ ਦੱਬੇ ਕੁਚਲਿਆਂ ਨੂੰ ਉਪਰ ਚੁੱਕਣ ਲਈ ਰਿਜ਼ਰਵੇਸ਼ਨ ਮਿਲਦੀ ਹੈ ਤਾਂ ਇਸ ਵਿਚ ਕੀ ਬੁਰਾਈ ਹੈ।

# ਪੁਨਰ-ਜਨਮ ਜਾਂ ਮਾਨਸਿਕ ਰੋਗ

ਸਾਰੀਆਂ ਪ੍ਰਣਾਲੀਆਂ ਕਾਰਜਸ਼ੀਲ ਹੁੰਦੀਆਂ ਹਨ। ਕੋਈ ਬਿਜਲੀ ਦੀ ਸਪਲਾਈ ਕਰਦੀ ਹੈ, ਕੋਈ ਆਵਾਜ਼ ਦੀਆਂ ਤਰੰਗਾਂ ਫੜਨ ਦਾ ਅਤੇ ਕੋਈ ਇਨ੍ਹਾਂ ਤਰੰਗਾਂ ਨੂੰ ਧੁਨੀ ਤਰੰਗਾਂ ਵਿਚ ਬਦਲਣ ਦਾ ਕੰਮ ਕਰਦੀ ਹੈ। ਇਸੇ ਤਰ੍ਹਾਂ ਹੀ ਮਨੁੱਖੀ ਸਰੀਰ ਵੀ ਵੱਖ-ਵੱਖ ਅੰਗ ਪ੍ਰਣਾਲੀਆਂ ਦਾ ਸਮੂਹ ਹੈ। ਕੋਈ ਪ੍ਰਣਾਲੀ ਸੋਚਣ ਦਾ, ਕੋਈ ਸਾਹ ਲੈਣ ਦਾ, ਕੋਈ ਲਹੂ ਗੇੜ ਦਾ ਕੰਮ ਕਰਦੀ ਹੈ। ਜਿਵੇਂ ਰੇਡੀਓ ਦੀ ਕੋਈ ਮਹੱਤਵਪੂਰਨ ਪ੍ਰਣਾਲੀ ਜੇਕਰ ਕੰਮ ਕਰਨਾ ਬੰਦ ਕਰ ਦੇਵੇ ਤਾਂ ਇਸ ਵਿਚੋਂ ਕੋਈ ਆਤਮਾ ਤਾਂ ਨਹੀਂ ਨਿਕਲ ਜਾਂਦੀ? ਇਸੇ ਤਰ੍ਹਾਂ ਸਰੀਰ ਦੀ ਕਿਸੇ ਅੰਗ ਪ੍ਰਣਾਲੀ ਦਾ ਕੰਮ ਬੰਦ ਹੋਣ ਨਾਲ ਹੋਈ ਮੌਤ ਇਸ ਵਿਚ ਆਤਮਾ ਦਾ ਨਿਕਲ ਜਾਣਾ ਨਹੀਂ ਹੁੰਦਾ।

ਕਿਹਾ ਜਾਂਦਾ ਹੈ ਕਿ ਵਿਗਿਆਨੀਆਂ ਨੇ ਇਕ ਮਰ ਰਹੇ ਵਿਅਕਤੀ ਨੂੰ ਸ਼ੀਸ਼ੇ ਦੇ ਬਰਤਨ ਵਿਚ ਬੰਦ ਕਰ ਦਿੱਤਾ। ਜਦੋਂ ਵਿਅਕਤੀ ਦੀ ਮੌਤ ਹੋ ਗਈ ਤਾਂ ਇਸ ਬਰਤਨ ਵਿਚੋਂ ਆਤਮਾ ਸ਼ੀਸ਼ਾ ਤੋੜ ਕੇ ਬਾਹਰ ਨਿਕਲ ਗਈ। ਇਹ ਸਭ ਅਫ਼ਵਾਹਾਂ ਹਨ। ਇਨ੍ਹਾਂ ਦੀ ਪਰਖ ਕਰਨ ਲਈ ਤੁਸੀਂ ਵੀ ਇੱਕ ਬੋਤਲ ਵਿਚ ਕੁਝ ਕੀੜੇ ਤੇ ਕੀੜੇ ਮਾਰ ਦਵਾਈ ਪਾ ਕੇ ਬੰਦ ਕਰ ਸਕਦੇ ਹੋ। ਕੀੜੇ ਮਰ ਜਾਣਗੇ ਪਰ ਬੋਤਲ ਨਹੀਂ ਟੁੱਟੇਗੀ। ਚੰਡੀਗੜ੍ਹ ਦੇ ਪੀ. ਜੀ. ਆਈ. ਹਸਪਤਾਲ ਵਿਚ ਹਰ ਸਾਲ ਹਜ਼ਾਰਾਂ ਅਪ੍ਰੇਸ਼ਨ ਦਿਲ, ਦਿਮਾਗ ਅਤੇ ਪੇਟ ਦੇ ਅੰਦਰੂਨੀ ਹਿੱਸਿਆਂ ਦੇ ਹੁੰਦੇ ਹਨ, ਪਰ ਕਦੇ ਕਿਸੇ ਡਾਕਟਰ ਨੂੰ ਆਤਮਾ ਦੇ ਦਰਸ਼ਨ ਨਹੀਂ ਹੋਏ ਅਤੇ ਨਾ ਹੀ ਆਤਮਾ ਦਾ ਭਾਰ ਕਦੇ ਕਿਸੇ ਡਾਕਟਰ ਜਾਂ ਵਿਗਿਆਨੀ ਨੇ ਦੱਸਿਆ ਹੈ। ਵਿਗਿਆਨ ਦੀ ਕਿਸੇ ਕਿਤਾਬ ਵਿਚ ਵੀ ਇਸ ਦਾ ਭਾਰ ਕਿਤੇ ਵੀ ਦਰਜ ਨਹੀਂ ਕਿਉਂਕਿ ਆਤਮਾ ਜੇ ਕੋਈ ਮਾਦਾ ਹੋਵੇਗੀ ਤਾਂ ਹੀ ਉਸ ਦਾ ਭਾਰ ਹੋ ਸਕਦਾ ਹੈ। ਸੋ ਇਸ ਦੀ ਹੋਂਦ ਦੀ ਕਲਪਨਾ ਕਰਨਾ ਗ਼ਲਤ ਹੈ।

**ਇਥੇ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਜੋ ਸਾਡੇ ਅੰਦਰ ਬੋਲਦਾ ਹੈ, ਸੋਚਦਾ ਹੈ, ਉਹ ਹੈ ਕੀ?**

ਵਿਗਿਆਨਕੀਆਂ ਅਨੁਸਾਰ ਤਾਂ ਸਰੀਰ ਦੀਆਂ ਵੱਖ-ਵੱਖ ਅੰਗ ਪ੍ਰਣਾਲੀਆਂ ਵਿਚਲਾ ਤਾਲਮੇਲ ਹੀ ਸਭ ਕੁਝ ਹੈ। ਜਦੋਂ ਕੋਈ ਮਹੱਤਵਪੂਰਨ ਅੰਗ ਪ੍ਰਣਾਲੀ ਕੰਮ ਕਰਨੋਂ ਜਵਾਬ ਦੇ ਜਾਂਦੀ ਹੈ ਤਾਂ ਬੰਦੇ ਦੀ ਮੌਤ ਹੋ ਜਾਂਦੀ ਹੈ। ਕਈ ਵਾਰ ਡਾਕਟਰ ਮਰੀ ਹੋਈ ਜਾਂ ਕੰਮ ਕਰਨੋਂ ਜਵਾਬ ਦੇ ਗਈ ਅੰਗ ਪ੍ਰਣਾਲੀ ਨੂੰ ਜੀਵਿਤ ਵੀ ਕਰ ਲੈਂਦੇ ਹਨ। ਕੁਝ ਦਿਨ ਹੋਏ ਹਨ ਕਿ ਅਰੁਣਾ ਨਾਂ ਦੀ ਇਕ ਲੜਕੀ ਛੱਤੀ ਵਰ੍ਹੇ ਬੇਹੋਸ਼ੀ ਦੀ ਹਾਲਤ ਵਿਚ ਰਹੀ। ਉਸ ਨਾਲ 1973 ਵਿਚ ਇਕ ਵਿਅਕਤੀ ਨੇ ਬਲਾਤਕਾਰ ਕਰਕੇ ਉਸ ਦਾ ਗਲ ਘੁੱਟ ਦਿੱਤਾ ਸੀ, ਜਿਸ ਕਾਰਨ ਦਿਮਾਗ ਨੂੰ ਖੂਨ ਦੀ ਸਪਲਾਈ ਰੁਕ ਗਈ ਤੇ ਉਸ ਦੇ ਦਿਮਾਗ਼ ਦਾ ਕੁਝ ਹਿੱਸਾ ਕੰਮ ਕਰਨੋਂ ਹਟ ਗਿਆ। ਪਰ ਡਾਕਟਰ ਲਗਾਤਾਰ ਛੱਤੀ ਸਾਲ ਉਸ ਨੂੰ ਹੋਸ਼ ਵਿਚ ਲਿਆਉਣ ਲਈ ਯਤਨਸ਼ੀਲ ਰਹੇ। ਕਦੇ ਵੀ ਕਿਸੇ ਵਿਅਕਤੀ ਨੇ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਜੇ ਆਤਮਾ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਜਾਂਦੀ ਹੈ ਤਾਂ ਉਹ ਇਸ ਲਈ ਕਿਸ ਮਾਧਿਅਮ ਦੀ ਵਰਤੋਂ ਕਰਦੀ ਹੈ? ਲੋਕਾਂ ਨੂੰ ਭਰਮਾਂ-ਵਹਿਮਾਂ ਵਿਚ ਧੱਕਣਾ ਇਥੋਂ ਦੀ ਰਾਜ ਕਰ ਰਹੀ ਜਮਾਤ ਦੀ ਲੋੜ ਹੈ। ਇਸ ਲਈ ਬਹੁਤੇ ਟੈਲੀਵਿਜ਼ਨ ਚੈਨਲਾਂ ਦੇ ਮਾਲਕ ਸਭ ਕੁਝ ਜਾਣਦੇ ਹੋਏ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਸੋ ਉਨ੍ਹਾਂ ਨੂੰ ਚਾਹੀਦਾ ਤਾਂ ਇਹ ਹੈ ਕਿ ਜਿਹੜੇ ਵਿਅਕਤੀ ਪੁਨਰ-ਜਨਮ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਦਿਮਾਗ਼ੀ ਨੁਕਸਾਂ ਕਾਰਨ ਮਾਨਸਿਕ ਰੋਗਾਂ ਦੇ ਹਸਪਤਾਲਾਂ ਵਿਚ ਭਰਤੀ ਕਰਵਾਉਣ। ਪਰ ਟੈਲੀਵਿਜ਼ਨ ਚੈਨਲਾਂ ਵਾਲੇ ਤਾਂ ਭੋਲੀ-ਭਾਲੀ ਜਨਤਾ ਵਿਚ ਉਨ੍ਹਾਂ ਨੂੰ ਪੂਜਣਯੋਗ ਬਣਾ ਰਹੇ ਹਨ।

ਤਰਕਸ਼ੀਲ ਸੁਸਾਇਟੀ ਦੇ ਸ਼ੁਰੂਆਤ ਦੇ ਦਿਨਾਂ ਦੀ ਇਕ ਘਟਨਾ ਦਾ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਰਾਜਪੁਰੇ ਤੋਂ ਭੂਤਾਂ-ਪ੍ਰੇਤਾਂ ਦੀਆਂ ਖ਼ਬਰਾਂ ਆਮ ਤੌਰ 'ਤੇ ਅਖ਼ਬਾਰਾਂ ਵਿਚ ਸੁਰਖ਼ੀਆਂ ਵਿਚ ਛਪਦੀਆਂ ਰਹਿੰਦੀਆਂ ਸਨ। ਅਜਿਹੀ ਹੀ ਇਕ ਖ਼ਬਰ ਦੀ ਪੜਤਾਲ ਕਰਨ ਤੋਂ ਬਾਅਦ ਉਥੋਂ ਦੇ ਇਕ ਪੱਤਰਕਾਰ ਨੂੰ ਅਸੀਂ ਪੁੱਛਿਆ, ''ਸਾਨੂੰ ਤਾਂ ਪੜਤਾਲ ਵਿਚ ਕੁਝ ਮਿਲਿਆ ਨਹੀਂ, ਤੁਸੀਂ ਇਹ ਖ਼ਬਰ ਕਿਸ ਸੂਚਨਾ ਦੇ ਆਧਾਰ 'ਤੇ ਲਗਾਈ ਹੈ?'' ਤਾਂ ਉਹ ਕਹਿਣ ਲੱਗਿਆ, ''ਮੈਂ ਤਾਂ ਇਹ ਗੱਲ ਸੁਣੀ ਹੀ ਸੀ। ਮੈਂ ਸੋਚਿਆ ਖ਼ਬਰ ਦਿਲਚਸਪ ਬਣਦੀ ਹੈ। ਇਸ ਲਈ ਅਖ਼ਬਾਰ ਨੂੰ ਭੇਜ ਦਿੱਤੀ।'' ਮੈਂ ਉਸ ਨੂੰ ਕਿਹਾ, ''ਪੱਤਰਕਾਰੀ ਦਾ ਕੰਮ ਇਹ ਤਾਂ ਨਹੀਂ ਹੁੰਦਾ ਕਿ ਉਹ ਝੂਠੀ ਖ਼ਬਰ ਦੇ ਕੇ ਲੱਖਾਂ ਸਾਧਾਰਨ ਲੋਕਾਂ ਨੂੰ ਅੰਧਵਿਸ਼ਵਾਸੀ ਦੀ ਡੂੰਘੀ ਦਲਦਲ ਵਿਚ ਧੱਕ ਦੇਵੇਂ। ਤੈਨੂੰ ਸਜ਼ਾ ਦੇਣ ਵਾਲਾ ਤਾਂ ਕੋਈ ਨਹੀਂ, ਪਰ ਤੇਰਾ ਜੁਰਮ ਮੁਆਫ਼ੀਯੋਗ ਨਹੀਂ।''

ਅੱਜ ਤੋਂ 20-22 ਕੁ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਬਰਸਾਤ ਦਾ ਮੌਸਮ ਹੋਣ ਕਾਰਨ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਸੀ। ਸੋ ਮੈਂ ਆਪਣੇ ਦਸਵੀਂ ਜਮਾਤ ਦੇ ਹਾਜ਼ਰ 10-12 ਵਿਦਿਆਰਥੀਆਂ ਨੂੰ ਸਕੂਲ ਦੀ ਪ੍ਰਯੋਗਸ਼ਾਲਾ ਵਿਚ ਲੈ ਗਿਆ। ਮੈਂ ਉਨ੍ਹਾਂ ਵਿਚੋਂ ਕੁਝ ਵਿਦਿਆਰਥੀਆਂ ਨੂੰ ਹਿਪਨੋਟਾਈਜ਼ ਕਰਨਾ ਸ਼ੁਰੂ ਕਰ ਦਿੱਤਾ। ਪਹਿਲੇ ਵਿਦਿਆਰਥੀ ਨੂੰ ਹਿਪਨੋਟਾਈਜ਼ ਕਰਨ ਤੋਂ ਬਾਅਦ ਮੈਂ ਉਸ ਨੂੰ ਪੁੱਛਿਆ, ''ਤੂੰ ਪਿਛਲੇ ਜਨਮ ਵਿਚ ਕੀ ਸੀ?'' ਉਸ ਦਾ ਜਵਾਬ ਸੀ, "ਮੈਂ ਮਹਾਰਾਜਾ ਰਣਜੀਤ ਸਿੰਘ ਸਾਂ।'' ਮੈਂ ਪੁੱਛਿਆ, ''ਤੇਰੇ ਕਿੰ-ਨੀਆਂ ਅੱਖਾਂ ਸਨ?'' ਉਸ ਦਾ ਜਵਾਬ ਸੀ, ''ਇੱਕ! ਦੂਜੀ ਤਾਂ ਪਲੇਗ ਨਾਲ ਮਾਰੀ ਗਈ ਸੀ।'' ਜਦ ਮੈਂ ਅਗਲੇ ਵਿਦਿਆਰਥੀ ਨੂੰ ਪੁੱਛਿਆ, ''ਤੂੰ ਪਿਛਲੇ ਜਨਮ ਵਿਚ ਕੀ ਸੀ?'' ਉਹ ਕਹਿਣ ਲੱਗਿਆ ''ਮੈਂ ਮਹਾਤਮਾ ਗਾਂਧੀ ਸਾਂ ਤੇ ਮੇਰੇ ਸਿਰ 'ਤੇ ਸਿਰਫ਼ ਇਕ ਬੋਦੀ ਸੀ।'' ਉਸ ਤੋਂ ਅਗਲੇ ਵਿਦਿਆਰਥੀ ਦਾ ਜਵਾਬ ਸੀ ਕਿ ਉਹ ਪਿਛਲੇ ਜਨਮ ਵਿਚ ਇੱਕ ਰੂਸੀ ਲੇਖਕ ਗੋਰਕੀ ਸੀ ਤੇ ਉਸ ਨੇ 'ਮਾਂ' ਨਾਂ ਦਾ ਨਾਵਲ ਲਿਖਿਆ ਸੀ। ਹੁਣ ਤੁਸੀਂ ਹੀ ਦੱਸੋ ਕਿ ਮੇਰੇ ਸਕੂਲ ਦੀ ਦਸਵੀਂ ਜਮਾਤ ਵਿਚ ਹੀ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮਰ ਚੁੱਕੇ ਤਿੰਨ ਆਗੂ ਪੈਦਾ ਹੋ ਗਏ ਸਨ? ਸੋ ਹਿਪਨੋਟਿਜ਼ਮ ਰਾਹੀਂ ਖਿਆਲ ਉਪਜਾਏ ਜਾਂ ਮਿਟਾਏ ਜਾਣਾ ਸੰਭਵ ਹੁੰਦਾ ਹੈ।

ਸੋ, ਪੁਨਰ-ਜਨਮ ਦੀਆਂ ਛਪ ਰਹੀਆਂ ਅਤੇ ਵਿਖਾਈਆਂ ਜਾ ਰਹੀਆਂ ਸਭ ਘਟਨਾਵਾਂ ਫ਼ਰਜ਼ੀ ਹਨ ਅਤੇ ਇਨ੍ਹਾਂ ਪਿੱਛੇ ਕਿਸੇ ਨਾ ਕਿਸੇ ਦਾ ਕੋਈ ਨਾ ਕੋਈ ਸਵਾਰਥ ਜ਼ਰੂਰ ਛੁਪਿਆ ਹੈ। ਅੱਜ ਦੇ ਵਿਗਿਆਨਕ ਯੁੱਗ ਵਿਚ ਜੇ ਭਾਰਤ ਵਿਚ ਗ਼ਰੀਬੀ, ਬੇਰੁਜ਼ਗਾਰੀ, ਬੇਈਮਾਨੀ ਅਤੇ ਰਿਸ਼ਵਤਖੋਰੀ ਭਾਰੂ ਹਨ ਤਾਂ ਇਸਦਾ ਸਿਰਫ਼ ਇਕੋ-ਇਕ ਕਾਰਨ ਇਥੋਂ ਦੇ ਬਹੁਤੇ ਲੋਕਾਂ ਦਾ ਲਾਈਲੱਗ ਹੋਣਾ ਹੈ ਅਤੇ ਮੌਜੂਦਾ ਸਿਆਸਤ ਹੀ ਇਨ੍ਹਾਂ ਨੂੰ ਲਾਈਲੱਗ ਬਣਾ ਰਹੀ ਹੈ।

## ਪੁਣਛਾਣ

ਦੇ ਜਨਮ ਦਿਨ ਦੇ ਮੌਕੇ ਤੇ 15 ਮਾਰਚ ਨੂੰ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਮਹਾਂਰੈਲੀ ਨੂੰ ਸੰਬੋਧਿਤ ਕਰਨ ਲਈ ਨਵੇਂ ਸ਼ਹਿਰ ਆਵੇਗੀ। ਵਰਕਰਾਂ ਦੇ ਇਕੱਠ ਦਾ ਟੀਚਾ 5 ਲੱਖ ਦਾ ਮੰਨਿਆ ਗਿਆ ਹੈ। ਪ੍ਰਸ਼ਾਸਨ ਵੱਲੋਂ ਰੈਲੀ ਦੀ ਮਨਜ਼ੂਰੀ ਵੀ ਮਿਲ ਗਈ ਹੈ। ਮਾਇਆਵਤੀ ਦੇ ਹੈਲੀਕਾਪਟਰ ਦੇ ਕਿਰਾਏ ਦਾ ਖਰਚਾ, ਲੰਗਰ ਦਾ ਖਰਚਾ, ਟੈਂਟ ਦਾ ਖਰਚਾ ਤੇ ਰੈਲੀ 'ਚ ਪ੍ਰਵੇਸ਼ ਕਰਨ ਵਾਲੇ ਬਣਾਏ ਜਾਣ ਵਾਲੇ ਗੇਟਾਂ 'ਤੇ ਖਰਚਾ ਲੱਗਭੱਗ 70 ਲੱਖ ਰੁਪਏ ਦਾ ਆਵੇਗਾ। ਬਸਪਾ ਇਸ ਰੈਲੀ ਰਾਹੀਂ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਾਰੀਆਂ ਪਾਰਟੀਆਂ ਨੂੰ ਇਕ ਚੁਣੌਤੀ ਦੇਣਾ ਚਾਹੁੰਦੀ ਹੈ। ਰੈਲੀ ਤੇ ਆਉਣ ਵਾਲਾ ਸਾਰਾ ਖਰਚਾ ਪੰਜਾਬ ਦੇ ਸਿਰੜੀ ਵਰਕਰ ਆਪਣੇ ਮੋਢਿਆਂ ਤੇ ਚੁੱਕਣਗੇ। ਸੋ ਇਸ ਰੈਲੀ ਨੂੰ ਕਾਮਯਾਬ ਕਰਨ ਲਈ ਬਸਪਾ ਪੰਜਾਬ ਦਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ 18-20 ਘੰਟੇ ਲਗਾਤਾਰ ਮਿਹਨਤ ਕਰ ਕਰਕੇ ਪੂਰੇ ਪੰਜਾਬ ਦਾ ਦੌਰਾ ਕਰ ਰਿਹਾ ਹੈ। ਬੰਗਾ ਬਸਪਾ ਦੇ ਇੰਚਾਰਜ ਰਜਿੰਦਰ ਠੇਕੇਦਾਰ ਮੁਤਾਬਕ ਕਰੀਮਪੁਰੀ ਸਾਹਿਬ ਅੱਜਕਲ੍ਹ ਆਪਣੀ ਨੀਂਦ ਵੀ ਸਫਰ ਦੌਰਾਨ ਗੱਡੀ ਵਿਚ ਹੀ ਕੱਢਦੇ ਹਨ।



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ
ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



*Managing Committee:* Prem Sondhi President 530-751-3887, Gurpal Singh Chairman 916-873-0311, Balbir Singh Thaper Vice Chairman 916-607-4650, Santokh Singh Gill Vice President 530-740-3056 Avinash Sondhi, Cashier 530-301-1157, , , Vinod Gill Cashier 530-822-9587, Sohan Lal Sahota Secretary 530-674-9766

# ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

ਐਸੀ ਲਾਲ ਤੁਝ ਬਿਨ ਕਾਉਨ ਕਰੈ।।
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



Standing left to right: Raj Kumar Bhatia - Ram Sewak Bhatia – Ram Gopal Bhatia
Sitting left to right: Ram Parshad Bhatia – Shri Bakhshi Ram Bhatia Ji – Ram Murti Bhatia

## ਸ੍ਰੀ ਬਖਸ਼ੀ ਰਾਮ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਆਓ ਆਪਾਂ ਸਾਰੇ ਰਲ-ਮਿਲ ਕੇ
ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਐਸੀ ਲਾਲ ਤੁਝ ਬਿਨ ਕਾਉਨ ਕਰੈ।।**
**ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।**

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਮਾਰਚ 2016 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ



## ਟਰਾਂਸਪੋਰਟਰ ਬਲਬੀਰ ਸੁੰਮਨ ਅਤੇ ਸੁੰਮਨ ਬ੍ਰਦਰਜ਼ ਫੈਮਲੀ, ਯੂਬਾ ਸਿਟੀ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**

## ਸਮੂਹ ਨਾਰੇਬਟ ਪਰਿਵਾਰ ਵੱਲੋਂ ਪਿਟਸਬਰਗ, ਫਰਿਜ਼ਨੋ ਅਤੇ ਸੈਕਰਾਮੈਂਟੋ ਵਿਖੇ ਮਨਾਏ ਗਏ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ ਅਤੇ ਯੂਬਾ ਸਿਟੀ ਅਤੇ ਹੋਰ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ

# ਸਮੂਹ ਨਾਰੇਬਟ ਪਰਿਵਾਰ, ਪਿਟਸਬਰਗ (ਕੈਲੇਫੋਰਨੀਆ)



Left to right... Shinder Paul Narabut (Chairman Sri Guru Ravidass Temple, Pittsburg CA) Roni Narabut, Kamla Rani Narabut, Mohinder Paul Narabut, Abhishek Pal Narabut (Ex-General Secretary, Sri Guru Ravidass Temple, Pittsburg CA), Navdeep Kaur Narabut, Ayesha Pal (5yrs) Liyana Pal (Baby)



ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।



# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ

ਵਲੋਂ

## ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਤ

# 16 ਵਾਂ ਮੇਲਾ ਗਦਰੀ ਬਾਬਿਆਂ ਦਾ



**27 ਮਾਰਚ, 2016 ਦਿਨ ਐਤਵਾਰ ਨੂੰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ**

**Regency Palace (Praise Event Center)1600 Willow Avenue Clovis, CA**

### ਮੁੱਖ ਮਹਿਮਾਨ



**ਡਾ. ਰਘਬੀਰ ਕੌਰ**

ਆਓ ਪਰਿਵਾਰਾਂ ਸਮੇਤ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਦੇ ਦਿਖਾਏ ਰਾਹਾਂ ਤੇ ਚਲਣ ਦਾ ਪ੍ਰਣ ਦੁਹਰਾਈਏ।

### ਪ੍ਰੋਗਰਾਮ

ਮੁੱਖ ਬੁਲਾਰੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੈਕਟਰੀ ਡਾ. ਰਘਬੀਰ ਕੌਰ ਜੀ ਅਤੇ ਗਦਰ ਲਹਿਰ ਨਾਲ ਸਬੰਧਤ ਹੋਰ ਮਾਹਰਾਂ ਦੀਆਂ ਤਕਰੀਰਾਂ

ਬੁਲੰਦ ਆਵਾਜ਼ ਦੇ ਮਾਲਕ ਜੀਤਾ ਗਿੱਲ ਅਤੇ ਧਰਮਵੀਰ ਥਾਂਦੀ ਜੀ, ਧਮਲਾ ਜੱਟ ਦੀ ਗਾਇਕੀ ਨੂੰ ਪਰਨਾਏ ਹੋਏ ਗਾਇਕ ਰਾਜ ਬਰਾੜ ਜੀ ਆਪਣੇ ਗੀਤਾਂ ਰਾਹੀਂ ਗਦਰ ਪਾਰਟੀ ਦੇ ਇਤਿਹਾਸ ਨਾਲ ਜੋੜਨਗੇ

ਗਦਰ ਪਾਰਟੀ ਅਤੇ ਹੋਰ ਦੇਸ਼ ਭਗਤ ਲਹਿਰਾਂ ਨਾਲ ਜੁੜੇ ਸੰਗਰਾਮੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।

ਵਿਦਿਆਰਥੀਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ ਤੇ ਹੋਰ ਦਿਲਕਸ਼ ਆਈਟਮਾਂ

ਹੇਅਰ ਮੀਡੀਆ ਵਲੋਂ ਤਿਆਰ, ਕੁੜੀਆਂ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।

ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੇ ਗਭਰੂ ਵਿਸ਼ੇਸ਼ ਆਈਟਮ ਪੇਸ਼ ਕਰਨਗੇ

ਗਦਰੀ ਬਾਬਿਆਂ ਦੀਆਂ ਜੀਵਨੀਆਂ ਤੇ ਵੱਖ ਵੱਖ ਮਾਹਰਾਂ ਵਲੋਂ ਲਿਖੇ ਲੇਖਾਂ, ਕਵਿਤਾਵਾਂ ਅਤੇ ਹੋਰ ਜਾਣਕਾਰੀ ਨਾਲ ਭਰਪੂਰ ਇਕ ਸੋਵੀਨਰ ਰਲੀਜ਼ ਕੀਤਾ ਜਾਵੇਗਾ।

4.0 ਜਾਂ ਬੇਹਤਰ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

### ਗਾਇਕ



ਜੀਤਾ ਗਿੱਲ

### ਸਟੇਜ



ਆਸ਼ਾ ਸ਼ਰਮਾ



ਧਰਮਵੀਰ ਸਿੰਘ ਥਾਂਦੀ ਰਾਜ ਬਰਾੜ

**ਗੁਰਦੀਪ ਸਿੰਘ ਗਿੱਲ (ਪ੍ਰਧਾਨ) 559-360-4248, ਜਸਵੰਤ ਸਿੰਘ ਮਾਨ (ਖਜ਼ਾਨਚੀ), ਸੁਰਿੰਦਰ ਸਿੰਘ ਮੰਢਾਲੀ (ਸੈਕਰੇਟਰੀ) 559-473-9269**

### ਹੋਰ ਜਾਣਕਾਰੀ ਲਈ ਸਪੰਰਕ ਕਰੋ

**ਵਿਸ਼ੇਸ਼ ਧੰਨਵਾਦ**
ਸਮੂਹ ਸਪਾਂਸਰਜ਼, ਲੋਕਲ ਰੇਡੀਓ ਹੋਸਟ ਅਤੇ ਪ੍ਰਿੰਟ ਮੀਡੀਆ

ਨਵਦੀਪ ਸਿੰਘ ਧਾਲੀਵਾਲ (ਵਾਇਸ ਪ੍ਰਧਾਨ) 559.287.0822
ਹਰਜਿੰਦਰ ਸਿੰਘ ਢੇਸੀ (ਸਹਾਇਕ ਸਕੱਤਰ) 559.618.0156
ਦਲਜੀਤ ਸਿੰਘ ਰਿਆੜ (ਸਹਾਇਕ ਸਕੱਤਰ) 559.226.1510
ਕੁਲਵੀਰ ਸਿੰਘ ਹੇਅਰ (ਮੀਡੀਆ ਸਕੱਤਰ) 559.586.0526

**Register**
Students with 4.0 grade should register at IAHForum@Gmail.com

ਇਸ ਪ੍ਰੋਗਰਾਮ ਵਿਚ 12 ਵਜੇ ਤੋਂ 1 ਵਜੇ ਦਾ ਸਮਾਂ ਬੱਚਿਆਂ ਲਈ ਨਿਰਧਾਰਤ ਹੈ। ਕੋਈ ਸਟੇਜ ਆਈਟਮ ਪੇਸ਼ ਕਰਨ ਦੇ ਚਾਹਵਾਨ ਬੱਚੇ ਸੰਪਰਕ ਕਰਨ, ਸ਼ਰਨਜੀਤ ਧਾਲੀਵਾਲ (559.974.8383), ਹਰਮਨ ਗਿੱਲ (559.283.1721) ਜਾਂ ਹਰਜਿੰਦਰ ਢੇਸੀ (559.618.0156

**ਮੇਲਾ ਕਮੇਟੀ:** ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿਲੋਂ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਸੁਰਿੰਦਰ ਸਿੰਘ ਥਿੰਦ, ਦੀਵਾਨ ਸਿੰਘ ਸੇਖੋਂ, ਮੇਜਰ ਸਿੰਘ ਢਾਹ, ਹਰਪ੍ਰੀਤ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ, ਮਾਸਟਰ ਗੁਰਦੇਵ ਸਿੰਘ

**ਸਪਾਂਸਰਜ:** ਗੁਲਬਿੰਦਰ ਸਿੰਘ ਢੇਸੀ, ਅਟਵਾਲ ਬਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ-ਵੇ(ਨਿਜਰ ਬਰਦਰਜ), ਏ ਵਨ ਰੀਐਲਟੀ (ਪ੍ਰੀਤਮ ਗਿੱਲ),ਅਮਰੀਕ ਉਪਲ, ਭਜਨ ਸਿੰਘ, ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ,ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਂਸ਼ ਏਜੰਸੀ, ਗਿੱਲ ਟਰਾਂਸਪੋਰਟ, ਇੰਟਰੇਡ ਇੰਡਸਟਰੀਜ, ਕੈਲੇ ਬਰੇਕ ਪਲੇਸ,ਐਨ ਕੇ ਆਰ ਐਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਈਟੀ, ਸਮਾਰਟਵੇ ਐਕਸਪਰੈਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਵੈਲੀ ਨੈਸ਼ਨਲ ਐਕਸਪਰੈਸ, ਰੌਇਲ ਸੰਗੂ ਗਰੁੱਪ,ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸ਼ੇਪ ਐਡ ਗੈਸ, ਬੋਪਾਰਾਏ ਟਰਾਂਸਪੋਰਟ,ਏ ਐਮ ਪੀ ਟਰੱਕਿੰਗ,ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)